ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 19 | 10 May to 16 May 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਭਗਵੰਤ ਮਾਨ ਨੂੰ ਸੌਂਪੀ 'ਆਪ' ਦੀ ਕਮਾਂਡ

## • ਗੁਰਪ੍ਰੀਤ ਵੜੈਚ ਨੂੰ ਕਨਵੀਨਰੀ ਤੋਂ ਹਟਾਇਆ • ਅਮਨ ਅਰੋੜਾ ਨੂੰ ਬਣਾਇਆ ਉਪ ਪ੍ਰਧਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਨੇ ਪੰਜਾਬ ਅੰਦਰ ਹੋਈ ਟੁੱਟ-ਭੱਜ ਨੂੰ ਜੋੜਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਇਸ ਤਹਿਤ ਸੋਮਵਾਰ ਨੂੰ ਦਿੱਲੀ ਵਿਚ ਹੋਈ ਮੀਟਿੰਗ ਦੌਰਾਨ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪੰਜਾਬ ਕਨਵੀਨਰ ਦਾ ਅਹੁਦਾ ਖ਼ਤਮ ਕਰ ਦਿੱਤਾ ਤੇ ਸੂਬਾ ਪ੍ਰਧਾਨ ਦਾ ਨਵਾਂ ਅਹੁਦਾ ਬਣਾ ਦਿੱਤਾ। ਸੰਸਦ ਮੈਂਬਰ ਭਗਵੰਤ ਮਾਨ ਨੂੰ ਪ੍ਰਧਾਨ ਬਣਾਇਆ ਗਿਆ ਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੂੰ ਉਪ ਪ੍ਰਧਾਨ। ਗੁਰਪ੍ਰੀਤ ਘੁੱਗੀ ਨੂੰ ਕਨਵੀਨਰੀ ਤੋਂ ਹਟਾ ਕੇ ਇਹ ਅਹੁਦਾ ਹੀ ਖ਼ਤਮ ਕਰ ਦਿੱਤਾ ਗਿਆ ਹੈ। ਇਸ ਫ਼ੈਸਲੇ ਤੋਂ ਬਾਅਦ ਸੁਖਪਾਲ ਸਿੰਘ ਖਹਿਰਾ, ਗੁਰਪ੍ਰੀਤ ਸਿੰਘ ਘੁੱਗੀ ਸਮੇਤ ਕਈ ਨੇਤਾ ਨਾਰਾਜ਼ ਹਨ। ਖਹਿਰਾ ਨੇ ਚੀਫ਼ ਵ੍ਹਿਪ ਅਤੇ ਬੁਲਾਰੇ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਇਸੇ ਦੌਰਾਨ ਪਾਰਟੀ ਨੇ ਪੰਜਾਬ ਲਈ ਸਿਆਸੀ ਮਾਮਲਿਆਂ ਬਾਰੇ ਵੱਖਰੀ ਕਮੇਟੀ (ਪੀਏਸੀ) ਬਣਾਉਣ ਦਾ ਵੀ ਫੈਸਲਾ ਕੀਤਾ ਤਾਂ ਕਿ ਸੂਬਾਈ ਇਕਾਈ ਆਜ਼ਾਦਾਨਾ ਫੈਸਲੇ ਲੈ ਸਕੇ। ਪਾਰਟੀ ਦੀ ਪੀਏਸੀ ਦੀ ਨਵੀਂ ਦਿੱਲੀ ਵਿੱਚ ਹੋਈ ਮੀਟਿੰਗ ਦੌਰਾਨ ਪੰਜਾਬ ਇਕਾਈ ਨੂੰ ਲੀਹ ਉਤੇ ਪਾਉਣ ਲਈ ਖਾਕੇ ਨੂੰ ਵੀ ਮਨਜ਼ੂਰੀ

ਬਾਕੀ ਸਫ਼ਾ 33 'ਤੇ



- ਨਾਰਾਜ਼ ਘੁੱਗੀ ਬੋਲੇ-ਇਵੇਂ ਹੀ ਕਰਨੀ ਸੀ ਤਾਂ ਪਹਿਲਾਂ ਦੱਸ ਦਿੰਦੇ
- ਖਹਿਰਾ ਨੇ ਚੀਫ਼ ਵ੍ਹਿਪ ਤੇ ਬੁਲਾਰੇ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ
- ਸਰਬਜੀਤ ਕੌਰ ਮਾਣੂੰਕੇ ਵਿਧਾਇਕ ਦਲ ਦੀ ਉਪ ਮੁਖੀ ਬਣੀ

### ਆਮ ਵਲੰਟੀਅਰ ਵਜੋਂ ਕੰਮ ਕਰਾਂਗਾ : ਖਹਿਰਾ



ਭਗਵੰਤ ਮਾਨ ਨੂੰ ਆਮ ਆਦਮੀ ਪਾਰਟੀ ਪੰਜਾਬ ਦਾ ਪ੍ਰਧਾਨ ਬਣਾਉਣ ਮਗਰੋਂ ਰੋਸ ਵਜੋਂ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਚੀਫ਼ ਵ੍ਹਿਪ ਤੇ ਬੁਲਾਰੇ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਜਿੱਥੇ ਖਹਿਰਾ ਨੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਕੇ ਪਾਰਟੀ ਕੋਲ ਆਪਣੀ ਨਾਰਾਜ਼ਗੀ ਜਤਾ ਦਿੱਤੀ ਹੈ,

ਬਾਕੀ ਸਫ਼ਾ 33 'ਤੇ

### ਮੀਟਿੰਗ 'ਚ ਕੋਈ ਪਾਰਦਰਸ਼ਤਾ ਨਹੀਂ ਸੀ : ਘੁੱਗੀ



ਇਸ ਪੂਰੇ ਘਟਨਾਕ੍ਰਮ 'ਤੇ ਗੁਰਪ੍ਰੀਤ ਸਿੰਘ ਘੁੱਗੀ ਦਾ ਕਹਿਣਾ ਹੈ, 'ਮੈਨੂੰ ਇਸ ਗੱਲ ਦੀ ਸਮਝ ਹੀ ਨਹੀਂ ਆ ਰਹੀ ਕਿ ਇੰਨੇ ਵੱਡੇ ਬਦਲਾਅ ਦੀ ਪਾਰਟੀ ਵਿਚ ਕੀ ਜ਼ਰੂਰਤ ਆ ਪਈ ਸੀ ਤੇ ਕਿਨ੍ਹਾਂ ਮਾਪਦੰਡਾਂ ਨੂੰ ਅਪਣਾਉਂਦਿਆਂ ਇਹ ਤਬਦੀਲੀ ਕੀਤੀ ਗਈ ਹੈ। ਘੁੱਗੀ ਨੇ ਕਿਹਾ ਕਿ ਮੀਟਿੰਗ ਵਿਚ ਅਰਵਿੰਦ ਕੇਜਰੀਵਾਲ

ਬਾਕੀ ਸਫ਼ਾ 33 'ਤੇ

## ਕੌਮਾਂਤਰੀ ਫ਼ਿਲਮ ਫੈਸਟੀਵਲਾਂ 'ਚ ਨਾਮਣਾ ਖੱਟਣ ਮਗਰੋਂ ਦੁਨੀਆ ਭਰ ਵਿਚ 21 ਜੁਲਾਈ ਨੂੰ ਰਿਲੀਜ਼ ਹੋਵੇਗੀ 'ਦੀ ਬਲੈਕ ਪ੍ਰਿੰਸ'



**ਲਾਸ ਏਂਜਲਸ/ਬਿਊਰੋ ਨਿਊਜ਼ :** ਕੌਮਾਂਤਰੀ ਪੱਧਰ 'ਤੇ ਹੋਏ ਫ਼ਿਲਮ ਫੈਸਟੀਵਲਾਂ ਵਿਚ ਕਈ ਐਵਾਰਡਾਂ ਨਾਲ ਨਿਵਾਜੀ ਗਈ 'ਦੀ ਬਲੈਕ ਪ੍ਰਿੰਸ' ਦੁਨੀਆ ਭਰ ਦੇ ਸਿਨੇਮਾ ਘਰਾਂ ਵਿਚ 21 ਜੁਲਾਈ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਕੌਮਾਂਤਰੀ ਪੱਧਰ 'ਤੇ ਦਰਸ਼ਕਾਂ ਦੇ ਭਰਵੇਂ ਹੁੰਗਾਰੇ ਮਗਰੋਂ ਬੇਸਬਰੀ ਨਾਲ ਉਡੀਕੀ ਜਾ ਰਹੀ ਇਹ ਫ਼ਿਲਮ ਆਪਣੀਆਂ ਨਵੀਂਆਂ ਪੈੜਾਂ ਦੀ ਛਾਪ ਛੱਡਣ ਲਈ ਅੱਗੇ ਵੱਧ ਰਹੀ ਹੈ। ਇਹ ਇਤਿਹਾਸਕ ਡਰਾਮਾ ਪੰਜਾਬ ਰਿਆਸਤ ਦੇ ਆਖ਼ਰੀ ਵਾਰਿਸ ਮਹਾਰਾਜਾ ਦਲੀਪ ਸਿੰਘ, ਜਿਨ੍ਹਾਂ ਨੂੰ 'ਦੀ ਬਲੈਕ ਪ੍ਰਿੰਸ' ਵਜੋਂ ਵੀ ਜਾਣਿਆ ਜਾਂਦਾ ਹੈ, ਦੀ ਅਸਲ ਜ਼ਿੰਦਗੀ 'ਤੇ ਆਧਾਰਤ ਹੈ।

ਬਰਿਲਸਟਿਨ ਐਂਟਰਟੇਨਮੈਂਟ ਪਾਰਟਨਰਜ਼ ਵਲੋਂ ਨਿਰਮਤ ਇਸ ਫ਼ਿਲਮ ਦੇ ਡਾਇਰੈਕਟਰ ਕਵੀ ਰਾਜ਼ ਹਨ, ਜਿਨ੍ਹਾਂ ਨੇ ਪੂਰੀ ਲਗਨ ਤੇ ਮਿਹਨਤ ਨਾਲ ਇਸ ਵਿਚਲੇ ਭਾਵਨਾਤਮਕ ਰੂਪਾਂ ਨੂੰ ਛੋਹਿਆ ਹੈ।

ਬਾਕੀ ਸਫ਼ਾ 33 'ਤੇ

# ਮੋਡੈਸਟੋ 'ਚ ਸਿਖ ਨੌਜਵਾਨ ਦਾ ਕਤਲ

## ਕੈਪਟਨ ਨੇ ਸਿੱਖਾਂ ਦੀ ਸੁਰੱਖਿਆ ਲਈ ਕੇਂਦਰ ਸਰਕਾਰ ਨੂੰ ਕੀਤੀ ਅਪੀਲ

**ਮੋਡੈਸਟੋ/ਬਿਊਰੋ ਨਿਊਜ਼ :** ਅਮਰੀਕਾ ਵਿਚ ਵਧੀਆਂ ਨਸਲੀ ਘਟਨਾਵਾਂ ਦੌਰਾਨ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਮੋਡੈਸਟੋ ਵਿੱਚ ਇੱਕ ਹੋਰ ਸਿੱਖ ਨੌਜਵਾਨ ਦਾ ਕਤਲ ਹੋ ਗਿਆ। ਗੋਰੇ ਨੇ ਸਟੋਰ 'ਤੇ ਕੰਮ ਕਰਦੇ ਇਕ ਸਿੱਖ ਨੌਜਵਾਨ ਜਗਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਬੱਲ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਇਹ ਨੌਜਵਾਨ ਪਿੰਡ ਹਬੀਬਵਾਲ ਨਾਲ ਸਬੰਧਤ ਸੀ।



ਜ਼ਿਕਰਯੋਗ ਹੈ ਕਿ ਜਗਜੀਤ ਸਿੰਘ ਮੋਡੈਸਟੋ ਵਿੱਚ ਇੱਕ ਸਟੋਰ 'ਤੇ ਕੰਮ ਕਰਦਾ ਸੀ। ਦੇਰ ਰਾਤ ਇੱਕ ਅਮਰੀਕੀ ਨੌਜਵਾਨ ਸਟੋਰ 'ਤੇ ਆਇਆ ਤੇ ਸਿਗਰਟਾਂ ਦੀ ਮੰਗ ਕਰਨ ਲੱਗਿਆ। ਗੋਰੇ ਵੱਲੋਂ ਦਿੱਤੀ ਆਈ.ਡੀ. ਸਹੀ ਨਾ ਹੋਣ 'ਤੇ ਜਗਜੀਤ ਨੇ ਸਹੀ ਆਈ.ਡੀ. ਮੰਗੀ। ਇਸ ਕਾਰਨ ਗੋਰਾ ਤੈਸ਼ ਵਿੱਚ ਆ ਗਿਆ ਤੇ ਦੋਹਾਂ ਵਿੱਚ ਤਕਰਾਰ ਹੋ ਗਈ। ਰਾਤ ਕਰੀਬ 11.50 ਵਜੇ ਜਗਜੀਤ ਜਦੋਂ ਸਟੋਰ ਦੇ ਸ਼ਟਰ ਬੰਦ ਕਰ ਰਿਹਾ ਸੀ ਤਾਂ ਉਸ ਗੋਰੇ ਨੇ ਚਾਕੂ ਨਾਲ ਜਗਜੀਤ 'ਤੇ ਹਮਲਾ ਕਰ ਦਿੱਤਾ। ਸਟੋਰ ਵਿੱਚ

ਬਾਕੀ ਸਫ਼ਾ 33 'ਤੇ

# ਡੇਢ ਦਹਾਕੇ ਮਗਰੋਂ ਸ਼੍ਰੋਮਣੀ ਕਮੇਟੀ ਵਲੋਂ ਕੈਪਟਨ ਦਾ ਸਨਮਾਨ

## ਸਿਰੋਪਾਓ ਤੇ ਫੁੱਲਾਂ ਦਾ ਹਾਰ ਭੇਟ; ਸੂਚਨਾ ਕੇਂਦਰ ਵਿੱਚ ਕੀਤਾ ਸਮਾਰੋਹ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਲਗਭਗ ਡੇਢ ਦਹਾਕੇ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਬਤੌਰ ਮੁੱਖ ਮੰਤਰੀ ਮਾਣ-ਸਨਮਾਨ ਦਿੰਦਿਆਂ ਨਿੱਘਾ ਸਵਾਗਤ ਕੀਤਾ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਮੁੱਖ ਮੰਤਰੀ ਆਪਣੇ ਮੰਤਰੀ ਮੰਡਲ ਦੇ ਸਾਥੀਆਂ ਤੇ ਵਿਧਾਇਕਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਇਸ ਦੌਰਾਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਮ ਸ਼ਰਧਾਲੂਆਂ ਵਾਲੀ ਕਤਾਰ ਵਿੱਚ ਖੜ੍ਹੇ ਹੋ ਕੇ ਮੱਥਾ ਟੇਕਿਆ।

ਮੁੱਖ ਮੰਤਰੀ ਦਾ ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ ਅਤੇ ਮੁੱਖ ਸਕੱਤਰ ਹਰਚਰਨ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਅਧਿਕਾਰੀਆਂ ਨੇ ਨਿੱਘਾ ਸਵਾਗਤ ਕੀਤਾ। ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਲੈ ਜਾਇਆ ਗਿਆ। ਪੈਰ ਦੀ



ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਕੈਪਟਨ ਅਮਰਿੰਦਰ ਸਿੰਘ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕਰਦੇ ਹੋਏ।

ਪੀੜ ਕਾਰਨ ਮੁੱਖ ਮੰਤਰੀ ਇਕ ਦੋ ਥਾਵਾਂ 'ਤੇ ਰੁਕੇ ਪਰ ਉਨ੍ਹਾਂ ਪੂਰੀ ਪਰਿਕਰਮਾ ਕੀਤੀ ਅਤੇ ਵੀਆਈਪੀ ਕਤਾਰ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਨ੍ਹਾਂ ਨਾਲ ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਸੁਨੀਲ ਜਾਖੜ ਵੀ ਸਨ। ਇਸ ਸਮੇਂ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਮੁੱਖ ਮੰਤਰੀ ਨੂੰ ਸਿਰੋਪਾਓ, ਫੁੱਲਾਂ ਦਾ ਹਾਰ ਅਤੇ ਪਤਾਸਿਆਂ ਦਾ ਪ੍ਰਸਾਦਿ ਭੇਟ ਕੀਤਾ।

ਮਗਰੋਂ ਪਰਿਕਰਮਾ ਵਿੱਚ ਬਣੇ ਸੂਚਨਾ ਕੇਂਦਰ ਦੇ ਕਮਰੇ ਵਿੱਚ ਬਾਬਾ ਬੂਟਾ ਸਿੰਘ, ਮੈਂਬਰ ਭਾਈ ਮਨਜੀਤ ਸਿੰਘ, ਬੀਬੀ ਕਿਰਨਜੋਤ ਕੌਰ, ਭਗਵੰਤ ਸਿੰਘ ਸਿਆਲਕਾ ਅਤੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਮੁੱਖ ਮੰਤਰੀ ਨੂੰ ਸਿਰੋਪਾਓ, ਲੋਈ, ਸ੍ਰੀ ਹਰਿਮੰਦਰ ਸਾਹਿਬ ਦੀ ਸੁਨਹਿਰੀ ਤਸਵੀਰ, ਸਿਰੀ ਸਾਹਿਬ ਅਤੇ ਧਾਰਮਿਕ ਕਿਤਾਬਾਂ

ਬਾਕੀ ਸਫ਼ਾ 33 'ਤੇ


ਵਿਸ਼ੇਸ਼ ਸੂਚਨਾ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

ਜੈ ਸਿੰਘ

ਫੋਨ ਨੰਬਰ

510-677-2777
















THE BLACK PRINCE
THE TRUE STORY OF MAHARAJA DULEEP SINGH
A FILM BY KAVI RAZ "THE BLACK PRINCE" STARRING SATINDER SARTAAJ JASON FLEMYNG AMANDA ROOT SOPHIE STEVENS AND SHABANA AZMI MUSIC BY GEORGE KALLIS
SONGS MUSIC BY PREM & HARDEEP EDITED BY HEIDI SCHARFE JULY 21ST DIRECTOR OF PHOTOGRAPHY AARON C. SMITH WRITTEN AND DIRECTED BY KAVI RAZ
FAITH. BETRAYAL. HOPE
UNISYS


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
DISCOVER
AMERICAN EXPRESS


Opening
Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

## ਮਿਸ਼ੀਗਨ 'ਚ ਭਾਰਤ-ਅਮਰੀਕੀ ਡਾਕਟਰ ਦੀ ਭੇਤ ਭਰੀ ਹਾਲਤ ਵਿਚ ਮੌਤ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਸੂਬੇ ਮਿਸ਼ੀਗਨ ਵਿਚ ਭਾਰਤ-ਅਮਰੀਕੀ ਡਾਕਟਰ ਰਾਕੇਸ਼ ਕੁਮਾਰ (32 ਸਾਲ) ਦੀ ਸ਼ੱਕੀ



ਹਾਲਤ ਵਿਚ ਮੌਤ ਹੋ ਗਈ ਹੈ। ਉਸ ਦੇ ਸਰੀਰ 'ਤੇ ਗੋਲੀਆਂ ਦੇ ਨਿਸ਼ਾਨ ਹਨ। ਰਾਕੇਸ਼ ਕੁਮਾਰ ਦੀ ਵੀਰਵਾਰ ਸ਼ਾਮ ਨੂੰ ਕਾਰ ਵਿਚ ਲਾਸ਼ ਮਿਲੀ ਸੀ। ਉਹ ਹੈਨਰੀ ਫੋਰਡ ਹਸਪਤਾਲ ਦੇ ਯੂਰੋਲਾਜੀ ਵਿਭਾਗ ਵਿਚ ਕੰਮ ਕਰਦਾ ਸੀ। ਪੁਲੀਸ ਵੱਲੋਂ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਕਿਸੇ 'ਤੇ ਸ਼ੱਕ ਨਹੀਂ ਹੈ ਅਤੇ ਨਫ਼ਰਤੀ ਅਪਰਾਧ ਦੀ ਘਟਨਾ ਤੋਂ ਵੀ ਇਨਕਾਰ ਕੀਤਾ ਹੈ।

## ਤੇਜ਼ਾਬੀ ਹਮਲਿਆਂ ਤੋਂ ਪੀੜਤ ਕੁੜੀਆਂ ਨੂੰ ਪੰਜਾਬ ਸਰਕਾਰ ਦੇਵੇਗੀ 8 ਹਜ਼ਾਰ ਰੁਪਏ ਪੈਨਸ਼ਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੇ ਤੇਜ਼ਾਬੀ ਹਮਲਿਆਂ ਤੋਂ ਪੀੜਤ ਲੜਕੀਆਂ ਨੂੰ 8 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਫ਼ੈਸਲਾ ਕੀਤਾ ਹੈ। ਇਸ 'ਤੇ ਕੁੱਝ ਦਿਨਾਂ ਤੱਕ ਪੰਜਾਬ ਵਜ਼ਾਰਤ ਦੀ ਮੋਹਰ ਲੱਗਣ ਦੀ ਸੰਭਾਵਨਾ ਹੈ। ਸੂਤਰਾਂ ਮੁਤਾਬਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤੇਜ਼ਾਬੀ ਹਮਲਿਆਂ ਤੋਂ ਪੀੜਤ ਲੜਕੀਆਂ ਨੂੰ ਪੈਨਸ਼ਨ ਦੇਣ ਦੀ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਮਾਮਲਾ ਪੰਜਾਬ ਕੈਬਨਿਟ ਦੀ 17 ਮਈ ਨੂੰ ਹੋਣ ਵਾਲੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ। ਆਮਤੌਰ 'ਤੇ ਪੈਨਸ਼ਨ ਦੇਣ ਲਈ ਆਰਥਿਕ ਸਥਿਤੀ ਨੂੰ ਅਧਾਰ ਬਣਾਇਆ ਜਾਂਦਾ ਹੈ ਪਰ ਇਨ੍ਹਾਂ ਕੇਸਾਂ ਵਿੱਚ ਅਜਿਹੀ ਕੋਈ ਸ਼ਰਤ ਨਹੀਂ ਹੋਵੇਗੀ। ਸੂਬੇ ਵਿੱਚ ਤੇਜ਼ਾਬੀ ਹਮਲਿਆਂ ਤੋਂ ਪੀੜਤ ਲੜਕੀਆਂ ਦੀ ਸਹੀ ਗਿਣਤੀ ਦਾ ਹਾਲੇ ਕੋਈ ਅੰਦਾਜ਼ਾ ਨਹੀਂ ਹੈ ਪਰ ਇਸ ਸਬੰਧੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਨਅਤੀ ਸ਼ਹਿਰ ਲੁਧਿਆਣਾ ਅਤੇ ਕੁੱਝ ਹੋਰ ਥਾਵਾਂ 'ਤੇ ਪਿਛਲੇ ਸਮੇਂ ਲੜਕੀਆਂ 'ਤੇ ਤੇਜ਼ਾਬ ਸੁੱਟਣ ਦੀਆਂ ਕਈ ਘਟਨਾਵਾਂ ਵਾਪਰੀਆਂ ਸਨ। ਇਸ ਦੌਰਾਨ ਕਈ ਲੜਕੀਆਂ ਅਪਾਹਜ ਹੋ ਗਈਆਂ ਸਨ ਤੇ ਕੁੱਝ ਦੀ ਅੱਖਾਂ ਦੀ ਰੋਸ਼ਨੀ ਵੀ ਚਲੀ ਗਈ ਸੀ। ਪੀੜਤ ਲੜਕੀਆਂ ਨੂੰ ਪੈਨਸ਼ਨ ਦੇਣ ਲਈ ਜ਼ਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਇਕ ਕਮੇਟੀ ਬਣੇਗੀ, ਜਿਸ ਵਿਚ ਜ਼ਿਲ੍ਹਾ ਸਿਹਤ ਅਧਿਕਾਰੀ ਵੀ ਸ਼ਾਮਲ ਹੋਵੇਗਾ। ਇਹ ਕਮੇਟੀ ਸਰਕਾਰ ਨੂੰ ਅਜਿਹੇ ਕੇਸਾਂ ਵਿਚ ਪੈਨਸ਼ਨ ਦੇਣ ਦੀ ਸਿਫ਼ਾਰਿਸ਼ ਕਰੇਗੀ। ਪੀੜਤ ਲੜਕੀਆਂ ਦੀ ਸ਼ਨਾਖ਼ਤ ਲਈ ਇਨ੍ਹਾਂ ਕੇਸਾਂ ਵਿਚ ਦਰਜ ਐਫਆਈਆਰ ਨੂੰ ਆਧਾਰ ਬਣਾਇਆ ਜਾਵੇਗਾ।

# ਸੈਨ ਹੋਜ਼ੇ ਦੇ ਘਰ 'ਚ ਹਿੰਸਕ ਵਾਰਦਾਤ, *ਨਰਾਇਣ ਪ੍ਰਭੂ ਅਤੇ ਪਤਨੀ ਦੀ ਹਤਿਆ*

## ਨੌਜਵਾਨ ਕਾਤਲ ਮਿਰਜ਼ਾ ਤਾਤਲਿਕ ਨੂੰ ਪੁਲੀਸ ਨੇ ਮਾਰ ਮੁਕਾਇਆ

**ਸੈਨ ਹੋਜੇ/ਬਿਊਰੋ ਨਿਊਜ਼:** ਭਾਰਤੀ ਮੂਲ ਦੇ ਨਰਾਇਣ ਪ੍ਰਭੂ ਅਤੇ ਉਸਦੀ ਪਤਨੀ ਦੀ ਬੁੱਧਵਾਰ ਰਾਤੀਂ ਇੱਥੇ ਉਨ੍ਹਾਂ ਦੇ ਲੌਰਾ ਵਿਲ ਲੇਨ ਸਥਿੱਤ ਘਰ ਵਿੱਚ ਮਿਰਜ਼ਾ ਤਾਤਲਿਕ ਨਾਮੀ ਇੱਕ ਨੌਜਵਾਨ ਨੇ ਗੋਲੀਆਂ ਮਾਰ ਕੇ ਹਤਿਆ ਕਰ ਦਿੱਤੀ। ਪੁਲੀਸ ਨੇ ਬਾਅਦ ਵਿੱਚ ਹਥਿਆਰਬੰਦ ਕਾਤਲ ਨੂੰ ਵਾਰਦਾਤ ਵਾਲੇ ਘਰ ਵਿੱਚ ਹੀ ਗੋਲੀਆਂ ਨਾਲ ਮਾਰ ਮੁਕਾਇਆ। ਪ੍ਰਭੂ ਨਰਾਇਣ ਪ੍ਰਭੂ ਭਾਰਤੀ ਭਾਈਚਾਰੇ ਵਿੱਚ ਕਾਫ਼ੀ ਸਤਿਕਾਰਤ ਥਾਂ ਰੱਖਦਾ ਤੇ ਜੂਨੀਅਰ ਨੈੱਟਰਕ ਕੰਪਨੀ 'ਚ ਵਾਈਸ ਪ੍ਰੈਜੀਡੈਂਟ ਦੇ ਅਹੁਦੇ ਉੱਤੇ ਕੰਮ ਕਰਦਾ ਸੀ। ਪੁਲੀਸ ਨੂੰ ਵਾਰਦਾਤ ਦੀ ਖ਼ਬਰ




ਮ੍ਰਿਤਕ ਜੋੜੇ ਦੇ ਪੁੱਤਰ ਨੇ ਟੈਲੀਫੋਨ ਕਰਕੇ ਦਿੱਤੀ ਤੇ ਕਿਹਾ ਕਿ ਹਮਲਾਵਰ ਨੇ ਉਸਦੇ ਉਸਦੀ ਮਾਂ ਅਤੇ ਛੋਟੇ ਭਰਾ ਨੂੰ ਬੰਦੂਕ ਦੀ ਨੋਕ ਉੱਤੇ ਘਰ ਅੰਦਰ ਬੰਦ ਰਖਿਆ ਹੋਇਆ ਹੈ। ਪੁਲੀਸ ਨੇ ਮੌਕੇ ਉੱਤੇ ਪੁੱਜ ਕੇ ਹਮਲਾਵਰ ਨੂੰ ਗੱਲਬਾਤ ਰਾਹੀਂ ਕਾਬੂ ਕਰਨ ਦਾ ਯਤਨ ਕੀਤਾ। ਉਸਨੇ 13 ਸਾਲਾ ਮੁੰਡੇ ਨੂੰ ਅਪਣੇ ਕਬਜ਼ੇ ਵਿਚੋਂ ਛੱਡ ਦਿੱਤਾ ਪਰ ਆਪ ਅੰਦਰ ਲੁਕਿਆ ਰਿਹਾ। ਪੁਲੀਸ ਯਤਨ ਕਰਦੀ ਰਹੀ ਪਰ ਉਸਨੇ ਅੰਦਰੋਂ ਠੀਕ ਹੁੰਗਰਾ ਦੇਣ ਦੀ ਥਾਂ ਉਲਟਾ ਪੁਲੀਸ ਵਲ ਹਥਿਆਰ ਤਾਨਿਆ। ਕੋਈ ਚਾਰਾ ਚਲਦਾ ਨਾ ਵੇਖ ਪੁਲੀਸ ਨੇ ਗੋਲੀ ਚਲਾਈ ਜਿਸ ਨਾਲ ਕਾਤਲ ਦੀ ਮੌਤ ਹੋ ਗਈ। 24 ਸਾਲਾ ਉਮਰ ਦਾ ਕਾਤਲ ਬੇਰੁਜ਼ਗਾਰ ਅਤੇ ਅਵਾਰਾ ਕਿਸਮ ਦਾ ਦਸਿਆ ਜਾਂਦਾ ਹੈ। ਸੈਨ ਹੋਜ਼ੇ ਪੁਲਸਿ ਦੇ ਮੁਖੀ ਐਡੀ ਗਾਰਸ਼ੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਸਿਆ ਕਿ ਕਾਤਲ ਦੇ ਮ੍ਰਿਤਕ ਪਤੀ ਪਤਨੀ ਦੀ ਵੱਡੀ ਧੀ ਰਾਸ਼ੇਲ ਪ੍ਰਭੂ ਨਾਲ ਪਿਆਰ ਸਬੰਧ ਸਨ ਪਰ ਸਾਲ ਪਹਿਲਾਂ ਦੋਵਾਂ ਦੀ ਦੋਸਤੀ ਟੁੱਟ ਗਈ ਸੀ। ਰਾਸ਼ੇਲ ਇਨ੍ਹੀਂ ਦਿਨ੍ਹੀਂ ਕਿਸੇ ਹੋਰ ਸਟੇਟ ਵਿੱਚ ਪੜ੍ਹਾਈ ਕਰ ਰਹੀ ਸੀ।

## ਸਿੱਖਾਂ ਨੇ ਅਮਰੀਕੀ ਜਨਗਣਨਾ 'ਚ ਆਪਣੇ ਲਈ ਵੱਖਰੀ ਸ਼੍ਰੇਣੀ ਦੀ ਕੀਤੀ ਮੰਗ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਵਿਚ ਰਹਿ ਰਹੇ ਸਿੱਖ ਭਾਈਚਾਰੇ ਨੇ ਅਮਰੀਕੀ ਜਨਗਣਨਾ ਬਿਊਰੋ ਤੋਂ 2020 ਦੀ ਜਨਗਣਨਾ ਵਿਚ ਆਪਣੇ ਭਾਈਚਾਰੇ ਲਈ ਵੱਖਰੀ ਸ਼੍ਰੇਣੀ ਦੀ ਮੰਗ ਕੀਤੀ ਹੈ। ਸਿੱਖਾਂ ਦੇ ਇਕ ਹਿਮਾਇਤੀ ਸੰਗਠਨ ਨੇ ਇਹ ਕਿਹਾ ਹੈ। ਯੂਨਾਈਟੇਡ ਸਿੱਖ ਨੇ ਯੂ.ਐੱਸ. ਸੇਂਸਸ ਬਿਊਰੋ ਨੂੰ ਸੌਂਪੇ ਇਕ ਬਿਆਨ ਵਿਚ ਕਿਹਾ ਹੈ ਕਿ ਸਾਲ 2020 ਜਨਗਣਨਾ ਵਿਚ ਸਿੱਖਾਂ ਦੀ ਸਵੈ-ਪਛਾਣ ਦੀ ਇਜਾਜ਼ਤ ਦੇਣ ਨਾਲ ਹਰ ਕਿਸੇ ਦੀ ਪਛਾਣ ਹੋਵੇਗੀ, ਤਾਂ ਕਿ ਸਿੱਖ ਭਾਈਚਾਰੇ ਖ਼ਿਲਾਫ਼ ਧੌਂਸ ਦਿਖਾਉਣ ਅਤੇ ਨਫਰਤ ਨਾਲ ਪ੍ਰੇਰਿਤ ਦੋਸ਼ਾਂ ਨਾਲ ਨਜਿੱਠਿਆ ਜਾ ਸਕੇ। ਇਸ 'ਚ ਕਿਹਾ ਗਿਆ ਹੈ ਕਿ ਅਮਰੀਕਾ ਵਿਚ 100 ਸਾਲ ਪਿੱਛੇ ਜਾ ਕੇ ਵੀ ਆਪਣੇ ਬਜ਼ੁਰਗਾਂ ਦੇ ਮੌਜੂਦ ਰਹਿਣ ਦਾ ਪੱਤਾ ਲਾ ਸਕਦੇ ਹਨ, ਜਦੋਂ ਕਈ ਲੋਕ ਕੰਮ ਕਰਨ ਲਈ ਕੈਲੀਫੋਰਨੀਆ ਆਏ ਸਨ।

## ਅਮਰੀਕੀ ਨੇ ਏਸ਼ਿਆਈ ਨੂੰ ਕੁੱਟ ਕੇ ਗੋਰਿਆਂ ਦੇ ਤਾਕਤਵਰ ਹੋਣ ਦਾ ਦਾਅਵਾ ਕੀਤਾ

**ਨਿਊ ਯਾਰਕ/ਬਿਊਰੋ ਨਿਊਜ਼ :** ਇਕ ਅਮਰੀਕੀ ਨੇ ਇੱਕ ਏਸ਼ਿਆਈ ਨੂੰ ਆਪਣੇ ਗੁੱਸੇ ਦਾ ਨਿਸ਼ਾਨਾ ਬਣਾਉਂਦਿਆਂ ਉਸ ਨੂੰ ਕੁੱਟਿਆ ਅਤੇ ਗੋਰਿਆਂ ਦੇ ਤਾਕਤਵਰ ਹੋਣ ਦਾ ਦਾਅਵਾ ਕੀਤਾ। ਅਮਰੀਕੀ ਸਟੀਵਨ ਜ਼ਾਤੋਰਸਕੀ (48) 'ਤੇ ਨਫ਼ਰਤੀ ਅਪਰਾਧ ਦੇ ਦੋਸ਼ ਲੱਗੇ ਹਨ। ਉਹ ਏਸ਼ਿਆਈ ਵਿਅਕਤੀ 'ਤੇ ਚੀਕਿਆ 'ਸਾਡੀ ਗੋਰਿਆਂ ਦੀ ਤਾਕਤ ਹੈ, ਆਪਣੇ ਮੁਲਕ ਜਾਓ, ਤੂੰ ਇਥੇ ਕੀ ਕਰ ਰਿਹਾ ਹੈਂ।' ਪੁਲੀਸ ਮੁਤਾਬਕ ਸਟੀਵਨ ਨੇ ਸੋਮਵਾਰ ਨੂੰ ਏਸ਼ਿਆਈ ਵਿਅਕਤੀ ਨੂੰ ਲੱਤਾਂ ਨਾਲ ਕੁੱਟਿਆ ਅਤੇ ਚਿਹਰੇ 'ਤੇ ਘਸੁੰਨ ਵੀ ਮਾਰੇ। ਇਕ ਪ੍ਰਤੱਖਦਰਸ਼ੀ ਨੇ ਪੁਲੀਸ ਨੂੰ ਇਸ ਦੀ ਜਾਣਕਾਰੀ ਦਿੱਤੀ ਜਿਸ ਮਗਰੋਂ ਸਟੀਵਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੀੜਤ ਦਾ ਮੌਕੇ 'ਤੇ ਇਲਾਜ ਕੀਤਾ ਗਿਆ।

### ਟਰੰਪ ਨੇ ਨਫ਼ਰਤੀ ਅਪਰਾਧ ਰੋਕਣ ਲਈ ਟਾਸਕ ਫੋਰਸ ਬਣਾਈ :

ਵਾਸ਼ਿੰਗਟਨ : ਅਮਰੀਕਾ ਵਿਚ ਸਿੱਖਾਂ, ਹਿੰਦੂਆਂ ਅਤੇ ਹੋਰ ਭਾਈਚਾਰਿਆਂ ਖ਼ਿਲਾਫ਼ ਵੱਧ ਰਹੇ ਨਫ਼ਰਤੀ ਅਪਰਾਧਾਂ ਨੂੰ ਦੇਖਦਿਆਂ ਟਰੰਪ ਪ੍ਰਸ਼ਾਸਨ ਨੇ ਉਨ੍ਹਾਂ ਦੀ ਰੋਕਥਾਮ ਲਈ ਟਾਸਕ ਫੋਰਸ ਬਣਾਈ ਹੈ। ਨਿਆਂ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਸੈਨੇਟ ਦੀ ਜੁਡੀਸ਼ਰੀ ਕਮੇਟੀ ਮੂਹਰੇ ਸਿੱਖਾਂ ਅਤੇ ਹਿੰਦੂ ਭਾਈਚਾਰਿਆਂ ਖ਼ਿਲਾਫ਼ ਨਫ਼ਰਤੀ ਅਪਰਾਧਾਂ ਦੇ ਕਈ ਮਾਮਲਿਆਂ ਦਾ ਹਵਾਲਾ ਦਿੱਤਾ। ਨਿਆਂ ਵਿਭਾਗ ਵਿਚ ਧਾਰਮਿਕ ਵਿਤਕਰੇ ਅਤੇ ਮਨੁੱਖੀ ਹੱਕਾਂ ਬਾਰੇ ਡਿਵੀਜ਼ਨ ਦੇ ਵਿਸ਼ੇਸ਼ ਵਕੀਲ ਏਰਿਕ ਟਰੀਨ ਨੇ ਕਿਹਾ ਕਿ ਅਟਾਰਨੀ ਜਨਰਲ ਜੈਫ ਸੈਸ਼ਨਜ਼ ਨੇ ਹਿੰਸਕ ਅਪਰਾਧਾਂ ਨਾਲ ਨਜਿੱਠਣ ਨੂੰ ਵਿਸ਼ੇਸ਼ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਨਫ਼ਰਤੀ ਅਪਰਾਧਾਂ 'ਤੇ ਠੱਲ੍ਹ ਪਾਉਣ ਲਈ ਕੌਮੀ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਫਰਵਰੀ ਵਿਚ ਸੈਸ਼ਨਜ਼ ਨੇ ਅਪਰਾਧਾਂ ਵਿਚ ਕਟੌਤੀ ਅਤੇ ਜਨਤਕ ਸੁਰੱਖਿਆ ਲਈ ਟਾਸਕ ਫੋਰਸ ਬਣਾਈ ਸੀ। ਇਸੇ ਟਾਸਕ ਫੋਰਸ ਵਿਚ ਨਫ਼ਰਤੀ ਅਪਰਾਧਾਂ ਬਾਰੇ ਸਬ ਕਮੇਟੀ ਬਣੀ ਹੈ ਜੋ ਯੋਜਨਾ ਉਲੀਕ ਕੇ ਅਮਰੀਕੀਆਂ ਦੇ ਹੱਕਾਂ ਦੀ ਬਿਹਤਰ ਰਾਖੀ ਕਰੇਗੀ। ਇਹ ਸਬ ਕਮੇਟੀ 29 ਜੂਨ ਨੂੰ ਸੰਮੇਲਨ ਕਰੇਗੀ ਅਤੇ ਨਫ਼ਰਤੀ ਅਪਰਾਧਾਂ ਦੀ ਪਛਾਣ, ਸਜ਼ਾ ਦੇਣ ਅਤੇ ਉਨ੍ਹਾਂ 'ਤੇ ਰੋਕ ਲਈ ਵਿਚਾਰ ਵਟਾਂਦਰਾ ਕਰੇਗੀ। ਟਰੀਨ ਨੇ ਕਿਹਾ ਕਿ ਕੈਨਸਾਸ ਸਿਟੀ ਵਿਚ ਦੋ ਭਾਰਤੀਆਂ 'ਤੇ ਗੋਲੀਬਾਰੀ ਦੇ ਮਾਮਲੇ ਵਿਚ ਇਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਕਤਲ ਮਾਮਲੇ 'ਚ ਦੁਬਈ ਜੇਲ੍ਹ 'ਚ ਬੰਦ ਬਟਾਲਾ ਦੇ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਬਟਾਲਾ/ਬਿਊਰੋ ਨਿਊਜ਼ :**

ਦੁਬਈ ਵਿੱਚ ਕਤਲ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਨੇੜਲੇ ਪਿੰਡ ਭੰਬੋਈ ਦੇ 28 ਸਾਲ ਦੇ ਅਮਰਜੀਤ ਸਿੰਘ ਦੀ ਜੇਲ੍ਹ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਚਾਰ ਭੈਣਾਂ ਦਾ ਇਕਲੌਤਾ ਭਰਾ ਸੀ। ਕਤਲ ਦੇ ਮਾਮਲੇ ਵਿਚ ਉਥੋਂ ਦੀ ਇੱਕ ਅਦਾਲਤ ਨੇ 13 ਪੰਜਾਬੀਆਂ ਵਿੱਚੋਂ ਇਕ ਨੂੰ ਸਜ਼ਾ-ਏ-ਮੌਤ ਤੇ ਬਾਕੀਆਂ ਨੂੰ ਉਮਰ ਕੈਦ ਦੀ ਸਜ਼ਾ ਹੈ। ਸਜ਼ਾ-ਏ- ਮੌਤ ਵਾਲਾ ਨੌਜਵਾਨ ਵੀ ਬਟਾਲਾ ਨਾਲ ਸਬੰਧ ਹੈ। ਪਰਿਵਾਰ ਨੂੰ ਅਮਰਜੀਤ ਦੀ ਮੌਤ ਦੀ ਖ਼ਬਰ ਵੀ ਜੇਲ੍ਹ ਵਿਚ ਉਸ ਨਾਲ ਬੰਦ ਇਕ ਨੌਜਵਾਨ ਨੇ ਦਿੱਤੀ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜੋ ਰੋਜ਼ੀ ਰੋਟੀ ਦੀ ਭਾਲ ਵਿੱਚ 2005 ਵਿਚ ਦੁਬਈ ਗਿਆ। ਉਸ ਦੇ ਪਿਤਾ ਚਰਨ ਸਿੰਘ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਸ ਦੇ ਪੁੱਤ ਦੀ ਲਾਸ਼ ਇੱਧਰ ਲਿਆਉਣ ਲਈ ਚਾਰਾਜੋਈ ਕੀਤੀ ਜਾਵੇ। ਹਾਲਾਂ ਕਿ ਦੁਬਈ ਜਾਂ ਕੇਂਦਰ ਸਰਕਾਰ ਵੱਲੋਂ ਪੀੜਤ ਪਰਿਵਾਰ ਨੂੰ ਨੌਜਵਾਨ ਦੀ ਮੌਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪਿੰਡ ਭੰਬੋਈ ਦੇ ਅਮਰਜੀਤ ਸਿੰਘ ਦੀ ਮੌਤ ਸਬੰਧੀ ਜਾਣਕਾਰੀ ਉਸ ਨਾਲ ਜੇਲ੍ਹ ਵਿਚ ਬੰਦ ਨਵਾਂ ਪਿੰਡ ਦੇ ਸਾਬੀ ਨਾਮਕ ਨੌਜਵਾਨ ਨੇ ਦਿੱਤੀ ਹੈ। ਸ੍ਰੀ ਚਰਨ ਸਿੰਘ ਨੇ ਦੱਸਿਆਂ ਕਿ ਉਸ ਦਾ ਬੇਟਾ ਅਮਰਜੀਤ 12 ਸਾਲ ਪਹਿਲਾਂ ਦੁਬਈ ਗਿਆ। ਦੋ ਮਹੀਨੇ ਪਹਿਲਾਂ ਉਸ ਦਾ ਫੋਨ ਆਇਆ ਕਿ ਉਹ ਦੁਬਈ ਦੀ ਅਲ ਅਲੀਵ ਜੇਲ੍ਹ ਵਿਚ ਕਤਲ ਕੇਸ ਵਿਚ ਬੰਦ ਹੈ। ਇਸ ਮਾਮਲੇ ਵਿਚ ਉਸ ਨਾਲ 13 ਹੋਰ ਪੰਜਾਬੀ ਵੀ ਬੰਦ ਹਨ। ਕੁਝ ਸਮਾਂ ਪਹਿਲਾਂ ਆਪਣੇ ਪੁੱਤ ਨੂੰ ਮਿਲਣ ਦੁਬਈ ਜੇਲ੍ਹ ਵਿਚ ਗਏ ਚਰਨ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤ ਪਹਿਲਾਂ ਪੋਲੋ ਕਨਸ਼ਟਰਸ਼ਨ ਕੰਪਨੀ ਵਿਚ ਕੰਮ ਕਰਦਾ ਸੀ ਪਰ ਬਾਅਦ ਵਿੱਚ ਕੰਮ ਛੱਡ ਦਿੱਤਾ। ਫਿਰ ਇੱਕ ਦਿਨ ਜੇਸੀਬੀ ਨਾਲ ਉਥੇ ਮਿੱਟੀ ਪੁੱਟਦਿਆਂ ਹੇਠੋਂ ਕੁਝ ਹੱਡੀਆਂ ਮਿਲੀਆਂ ਸਨ। ਇਸੇ ਨੂੰ ਆਧਾਰ ਬਣਾਕੇ ਉਥੋਂ ਦੀ ਪੁਲੀਸ ਨੇ ਇਨ੍ਹਾਂ ਤੋਂ ਕੋਰੇ ਕਾਗ਼ਜ਼ 'ਤੇ ਸਾਈਨ ਕਰਵਾ ਲਏ ਸਨ। ਉਨ੍ਹਾਂ ਹੱਡੀਆਂ ਦੀ ਅੱਜ ਤੱਕ ਕੋਈ ਸ਼ਨਾਖ਼ਤ ਨਹੀਂ ਹੋਈ ਕਿ ਇਹ ਕਿਸ ਦੀਆਂ ਹਨ। ਬਾਵਜੂਦ ਇਸ ਦੇ 13 ਨੌਜਵਾਨਾਂ ਨੂੰ ਇਸ ਮਾਮਲੇ ਵਿਚ ਫਸਾਇਆ ਗਿਆ। 16 ਮਾਰਚ 2013 ਨੂੰ ਉਥੋਂ ਦੀ ਅਦਾਲਤ ਨੇ ਅਮਰਜੀਤ ਦੇ ਨਾਲ ਸਾਬੀ ਪਿੰਡ ਨਵਾਂ ਪਿੰਡ ਅਤੇ ਇੱਕ ਹੋਰ ਨੌਜਵਾਨ ਮੇਜਰ ਸਿੰਘ ਪਿੰਡ ਗੰਡੇ ਕੇ (ਦੋਵੇਂ ਪਿੰਡ ਤਹਿਸੀਲ ਬਟਾਲਾ) ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਜਦੋਂ ਕਿ ਹੋਰਾਂ ਦੀ ਸਜ਼ਾ ਉਮਰ ਕੈਦ ਹੈ। ਅਦਾਲਤ ਨੇ ਲੰਘੀ 16 ਮਾਰਚ ਨੂੰ ਪਿੰਡ ਗੰਡੇ ਕੇ ਦੇ ਮੇਜਰ ਸਿੰਘ ਦੀ ਫਾਂਸੀ ਦੀ ਸਜ਼ਾ ਬਰਕਰਾਰ ਰੱਖਦਿਆ ਅਮਰਜੀਤ ਸਿੰਘ ਅਤੇ ਸਾਬੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ।


When tired of all treatments for any disease at any age Try

HOMEOPATHIC

Experienced Consultant Physician since 1973

American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ



7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸੱਤਵਾਂ ਆਈ.ਜੀ.ਓ.ਐਸ. ਸਿੱਖ ਯੂਥ ਕੀਰਤਨ ਦਰਬਾਰ ਸਫਲਤਾ ਪੂਰਵਕ ਸੰਪੰਨ

### *ਸਟਾਕਟਨ, ਸੈਂਟਾਰੋਜ਼ਾ ਤੇ ਸੈਕਰਾਮੈਂਟੋ ਦੇ ਵਿਦਿਆਰਥੀਆਂ ਨੇ ਭਰੀ ਹਾਜ਼ਰੀ*

**ਮਿਲਪੀਟਸ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਸੱਤਵਾਂ ਆਈ.ਜੀ.ਓ.ਐਸ. ਸਿੱਖ ਯੂਥ ਕੀਰਤਨ ਦਰਬਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿਚ ਸਮੁੱਚੇ ਬੇ-ਏਰੀਏ ਦੇ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਕੀਤਾ ਗਿਆ। ਆਈ.ਜੀ.ਓ.ਐਸ. (ਇੰਸਟੀਟਿਊਟ ਆੱਫ਼ ਗੁਰਮਤਿ ਗਿਆਨ ਆਨਲਾਈਨ ਸਟੱਡੀਜ਼) ਮਿਲਪੀਟਸ ਵਿਖੇ ਹਰ ਮਾਹੀਨੇ ਕੀਰਤਨ ਦਰਬਾਰ ਕਰਵਾਇਆ ਜਾਂਦਾ ਹੈ ਜਿਸ ਵਿਚ ਸਮੁੱਚੇ ਬੇ-ਏਰੀਏ ਦੇ ਵਿਦਿਆਰਥੀ ਸ਼ਬਦ ਗਾਇਨ ਪ੍ਰਸਤੁਤੀ ਕਰਦੇ ਹਨ। ਸੱਤਵੇਂ ਕੀਰਤਨ ਦਰਬਾਰ ਵਿਚ ਸਟਾਕਟਨ, ਸੈਂਟਾਰੋਜ਼ਾ ਅਤੇ ਸੈਕਰਾਮੈਂਟੋ ਤੋਂ ਵਿਦਿਆਰਥੀਆਂ ਨੇ ਆ ਕੇ ਕੀਰਤਨ ਦਰਬਾਰ ਵਿਚ ਵਿਸ਼ੇਸ਼ ਹਾਜ਼ਰੀ ਭਰੀ। ਆਈ.ਜੀ.ਓ.ਐਸ. ਸਿੱਖ ਯੂਥ ਕੀਰਤਨ ਦਰਬਾਰ ਦਾ ਆਰੰਭ ਬੱਚਿਆਂ ਦੁਆਰਾ ਰਹਿਰਾਸ ਸਾਹਿਬ ਦੇ ਪਾਠ ਨਾਲ ਕੀਤਾ ਗਿਆ। ਬਾਅਦ ਵਿਚ ਬੱਚਿਆਂ ਵਲੋਂ ਮਨੋਹਰ ਰਸਨਾ ਵਿਚ ਸ਼ਬਦ ਕੀਰਤਨ ਕੀਤਾ ਗਿਆ ਅਤੇ ਸ਼ਬਦ ਕੀਰਤਨ ਦਰਬਾਰ ਦੀ ਸਮਾਪਤੀ ਕੀਤੀ ਗਈ। ਸ. ਜਸਵੰਤ ਸਿੰਘ ਹੋਠੀ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਬੇ ਏਰੀਆ ਦੁਆਰਾ ਸਮੂਹ ਸੰਗਤ ਨੂੰ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਹੋ ਰਹੇ ਅਜਿਹੇ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਅਪੀਲ ਕੀਤੀ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਸਿੱਖ ਧਰਮ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਜਾ ਸਕੇ। ਸਮੂਹ ਸੰਗਤ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੇ ਜਾ ਰਹੇ ਅਜਿਹੇ ਉਪਰਾਲਿਆਂ ਦੀ ਬਹੁਤ ਸ਼ਲਾਘਾ ਕੀਤੀ।

### *ਟਰੰਪ ਦੀਆਂ ਨੀਤੀਆਂ ਦਾ ਅਸਰ*

# ਦੋ ਦਹਾਕਿਆਂ ਤੋਂ ਕੈਲੀਫੋਰਨੀਆ ਵਿਚ ਰਹਿ ਰਹੇ ਗੁਰਮੁੱਖ ਸਿੰਘ ਨੂੰ ਲਿਆ ਹਿਰਾਸਤ 'ਚ

### ਅਮਰੀਕੀ ਨਾਗਰਿਕ ਨਾਲ ਵਿਆਹੇ ਗੁਰਮੁੱਖ ਸਿੰਘ ਦੀਆਂ ਦੋ ਧੀਆਂ ਵੀ ਹਨ

**ਲਾਸ ਏਂਜਲਸ/ਬਿਊਰੋ ਨਿਊਜ਼ :** ਦੇਸ਼ ਨਿਕਾਲਾ ਹੁਕਮ ਦੇ ਵਿਰੋਧ ਵਿਚ ਪਟੀਸ਼ਨ ਠੁਕਰਾਏ ਜਾਣ ਤੋਂ ਬਾਅਦ ਅਮਰੀਕਾ ਵਿਚ ਤਕਰੀਬਨ ਦੋ ਦਹਾਕਿਆਂ ਤੋਂ ਰਹਿ ਰਹੇ ਇਕ ਭਾਰਤੀ ਨੂੰ ਕੈਲੀਫੋਰਨੀਆ ਵਿਚ ਹਿਰਾਸਤ ਵਿਚ ਲਿਆ ਗਿਆ ਹੈ। ਗੁਰਮੁੱਖ ਸਿੰਘ ਨਾਂ ਦੇ ਪੰਜਾਬੀ ਨੇ ਅਮਰੀਕੀ ਨਾਗਰਿਕ ਨਾਲ ਵਿਆਹ ਕੀਤਾ ਹੈ ਅਤੇ ਉਨ੍ਹਾਂ ਦੀਆਂ ਦੋ ਧੀਆਂ ਵੀ ਹਨ। ਉਨ੍ਹਾਂ ਦੇ ਪਰਿਵਾਰ ਅਤੇ ਵਕੀਲ ਨੇ ਦੱਸਿਆ ਕਿ ਇਸ ਮਾਮਲੇ ਵਿਚ ਸਟੇਅ ਹੁਕਮ ਹਾਸਲ ਕਰਨ ਵਿਚ ਅਸਫਲ ਰਹਿਣ ਤੋਂ ਬਾਅਦ ਗੁਰਮੁੱਖ ਸਿੰਘ ਨੂੰ ਸੰਘੀ ਏਜੰਟਾਂ ਨੇ ਹਿਰਾਸਤ ਵਿਚ ਲਿਆ। ਪੰਜਾਬ ਵਿਚ ਟੈਕਸੀ ਚਲਾਉਣ ਵਾਲਾ 46 ਸਾਲਾ



ਗੁਰਮੁੱਖ ਸਿੰਘ ਸਾਲ 1998 ਵਿਚ ਬਿਨਾਂ ਵੀਜ਼ੇ ਦੇ ਮੈਕਸੀਕੋ ਦੀ ਸਰਹੱਦ ਤੋਂ ਹੁੰਦੇ ਹੋਏ ਚੋਰੀ ਛਿਪੇ ਅਮਰੀਕਾ ਦਾਖ਼ਲ ਹੋਇਆ ਸੀ। ਬਾਅਦ ਵਿਚ ਉਸ ਨੇ ਧਾਰਮਿਕ ਅੱਤਿਆਚਾਰ ਦਾ ਹਵਾਲਾ ਦਿੰਦੇ ਹੋਏ ਸ਼ਰਣ ਲਈ ਬੇਨਤੀ ਕੀਤੀ ਸੀ ਪਰ ਉਸ ਦੇ ਪਰਿਵਾਰ ਅਤੇ ਵਕੀਲ ਨੇ ਦੱਸਿਆ ਕਿ ਉਹ ਇਸ ਮਾਮਲੇ ਵਿਚ ਸਹੀ ਤਰੀਕੇ ਨਾਲ ਆਪਣਾ ਪੱਖ ਨਹੀਂ ਰੱਖ ਸਕਿਆ ਅਤੇ ਉਸ ਨੂੰ ਅਮਰੀਕਾ ਤੋਂ ਉਸ ਦੇ ਦੇਸ਼ ਵਾਪਸ ਭੇਜੇ ਜਾਣ ਦਾ ਹੁਕਮ ਦਿੱਤਾ ਗਿਆ।

ਸਿੰਘ ਨੇ ਸਾਲ 2010 ਵਿਚ ਅਮਰੀਕੀ ਨਾਗਰਿਕ ਨਾਲ ਵਿਆਹ ਕੀਤਾ ਪਰ ਜਦੋਂ ਉਸ ਨੇ 2012 ਵਿਚ ਨਿਵਾਸ ਵੀਜ਼ਾ ਲਈ ਬੇਨਤੀ ਕੀਤੀ ਤਾਂ ਉਸ ਦਾ ਦੇਸ਼ ਨਿਕਾਲੇ ਦਾ ਮਾਮਲਾ ਫਿਰ ਤੋਂ ਸ਼ੁਰੂ ਹੋ ਗਿਆ। ਉਹ 5 ਮਹੀਨੇ ਤੱਕ ਜੇਲ੍ਹ ਵਿਚ ਰਿਹਾ ਪਰ ਮਨੁੱਖੀ ਅਧਿਕਾਰ ਵਰਕਰਾਂ ਦੀ ਮਦਦ ਨਾਲ ਉਸ ਨੂੰ ਜ਼ਮਾਨਤ ਮਿਲੀ ਅਤੇ ਉਹ ਰਿਹਾਅ ਹੋ ਗਿਆ। ਉਦੋਂ ਤੋਂ ਇਹ ਮਾਮਲਾ ਅਪੀਲ ਪ੍ਰਕਿਰਿਆਵਾਂ ਜ਼ਰੀਏ ਚੱਲ ਰਿਹਾ ਹੈ। ਗੁਰਮੁੱਖ ਸਿੰਘ ਦੀ 18 ਸਾਲਾ ਧੀ ਮਨਪ੍ਰੀਤ ਨੇ ਦੱਸਿਆ ਕਿ ਇਸ ਸਥਿਤੀ ਵਿਚ ਸਾਨੂੰ ਮਾਨਸਿਕ ਅਤੇ ਸਰੀਰਕ ਰੂਪ

ਬਾਕੀ ਸਫ਼ਾ 33 'ਤੇ

# ਚੀਨ ਵਿਚ ਅੰਮ੍ਰਿਤਧਾਰੀ ਸਿੰਘਾਂ ਨੇ ਲੜਕੀ ਨੂੰ ਲੁਟੇਰੇ ਹੱਥੋਂ ਬਚਾਇਆ

**ਹਾਂਗਕਾਂਗ/ਬਿਊਰੋ ਨਿਊਜ਼ :** ਹਾਂਗਕਾਂਗ ਵਿਚ ਵਾਪਰੀ ਲੁੱਟ ਖੋਹ ਦੀ ਵਾਰਦਾਤ ਦੌਰਾਨ ਦੋ ਅੰਮ੍ਰਿਤਧਾਰੀ ਸਿੰਘਾਂ ਨੇ ਦਲੇਰਾਨਾ ਕਾਰਵਾਈ ਕਰਦਿਆਂ ਇਕ ਚੀਨੀ ਲੜਕੀ ਨੂੰ ਲੁਟੇਰੇ ਦੇ ਚੁੰਗਲ ਤੋਂ ਬਚਾ ਕੇ ਲੁਟੇਰੇ ਨੂੰ ਕਾਬੂ ਕਰ ਕੇ ਪੁਲੀਸ ਦੇ ਹਵਾਲੇ ਕਰ ਦਿੱਤਾ। ਪ੍ਰਾਪਤ ਵੇਰਵੇ ਅਨੁਸਾਰ ਹੁੰਗ-ਹਾਮ ਮੈਟਰੋ ਕਾਰ ਪਾਰਕਿੰਗ ਵਿਚ ਭਾਈ ਦਲਜੀਤ ਸਿੰਘ ਜ਼ੀਰਾ ਅਤੇ ਭਾਈ ਪ੍ਰਿਤਪਾਲ ਸਿੰਘ ਆਪਣੇ ਕਿਸੇ ਸੱਜਣ ਦੇ ਇੰਤਜ਼ਾਰ ਵਿਚ ਰੁਕੇ ਹੋਏ ਸਨ ਕਿ ਉਨ੍ਹਾਂ ਨੂੰ ਲੜਕੀ ਦੀਆਂ ਚੀਕਾਂ ਸੁਣਾਈ ਦਿੱਤੀਆਂ। ਦੋਵਾਂ ਨੇ ਕਾਰ ਵਿਚੋਂ ਉਤਰਦਿਆਂ ਵੇਖਿਆ ਕਿ ਇਕ ਲੁਟੇਰਾ ਇਕ ਚੀਨੀ ਲੜਕੀ ਤੋਂ ਫੋਨ ਖੋਹ ਕੇ ਉਸ ਦਾ ਪਰਸ ਖੋਹਣ ਲਈ ਉਸ ਨਾਲ ਹੱਥੋਪਾਈ ਹੋ ਰਿਹਾ ਸੀ। ਦੋਵਾਂ ਸਿੰਘਾਂ ਵੱਲੋਂ ਲਲਕਾਰਨ 'ਤੇ ਲੁਟੇਰਾ ਭੱਜ ਉਠਿਆ ਅਤੇ ਪਿੱਛਾ ਕਰ ਰਹੇ ਸਿੰਘਾਂ ਵੱਲ ਉਹ ਫੋਨ ਅਤੇ ਹੋਰ ਚੀਜ਼ਾਂ ਮਾਰਨ ਲੱਗਾ। ਸਿੰਘਾਂ ਵੱਲੋਂ ਫੁਰਤੀ ਵਰਤਦਿਆਂ ਹਲਕੀ ਹੱਥੋਪਾਈ ਤੋਂ ਬਾਅਦ ਲੁਟੇਰਾ ਕਾਬੂ ਕਰ ਲਿਆ। ਰਾਹਗੀਰਾਂ ਵੱਲੋਂ ਪੁਲੀਸ ਨੂੰ ਦਿੱਤੀ ਇਤਲਾਹ 'ਤੇ ਪੁਲੀਸ ਘਟਨਾ ਸਥਾਨ 'ਤੇ ਪਹੁੰਚੀ ਤੇ ਲੁਟੇਰੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜ਼ਖ਼ਮੀ ਲੜਕੀ ਨੂੰ ਹਸਪਤਾਲ ਭੇਜ ਦਿੱਤਾ।




CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਨਾਮਧਾਰੀ ਸੰਪਰਦਾ ਵਲੋਂ ਹਵਨ ਕਰਕੇ ਅੰਮ੍ਰਿਤ ਸੰਚਾਰ ਕਰਨ ਬਾਰੇ ਜਾਂਚ ਰਹੀ ਬੇਸਿੱਟਾ

*• ਹੁਣ ਮਾਮਲਾ ਅੱਠ ਮੈਂਬਰੀ ਨਿਰਣਾ ਕਮੇਟੀ ਹਵਾਲੇ • ਦੇਸ਼-ਵਿਦੇਸ਼ ਦੀਆਂ ਗੁਰਦੁਆਰਾ ਕਮੇਟੀਆਂ ਨੂੰ ਬੱਚਿਆਂ ਦੀ ਪੜ੍ਹਾਈ ਲਈ 'ਦਸਵੰਧ' ਦੇਣ ਦੀ ਹਦਾਇਤ*



**ਅੰਮ੍ਰਿਤਸਰ/ਬਿਊਰੋ ਨਿਊਜ਼ :** ਠਾਕੁਰ ਦਲੀਪ ਸਿੰਘ ਦੀ ਅਗਵਾਈ ਹੇਠਲੇ ਨਾਮਧਾਰੀ ਸੰਪਰਦਾ ਵੱਲੋਂ ਹਵਨ ਕਰ ਕੇ ਅੰਮ੍ਰਿਤ ਸੰਚਾਰ ਕਰਨ ਦੇ ਮਾਮਲੇ ਵਿੱਚ ਧਰਮ ਪ੍ਰਚਾਰ ਕਮੇਟੀ ਦੀ ਜਾਂਚ ਬੇਸਿੱਟਾ ਰਹਿਣ ਮਗਰੋਂ ਪੰਜ ਸਿੰਘ ਸਾਹਿਬਾਨ ਨੇ ਇਹ ਮਾਮਲਾ ਫਿਲਹਾਲ ਅਗਾਂਹ ਪਾ ਦਿੱਤਾ। ਇਸ ਸਬੰਧੀ 8 ਮੈਂਬਰੀ ਨਿਰਣਾ ਕਮੇਟੀ ਬਣਾਈ ਗਈ ਹੈ, ਜੋ ਇੱਕ ਮਹੀਨੇ ਵਿੱਚ ਇਸ ਮਸਲੇ ਦੀ ਪੜਤਾਲ ਕਰ ਕੇ ਆਪਣੀ ਰਿਪੋਰਟ ਦੇਵੇਗੀ। ਇਸ ਰਿਪੋਰਟ ਦੇ ਆਧਾਰ 'ਤੇ ਅਗਲੀ ਕਾਰਵਾਈ ਹੋਵੇਗੀ। ਇਸ ਦੌਰਾਨ ਪੰਜ ਸਿੰਘ ਸਾਹਿਬਾਨ ਵੱਲੋਂ ਦੇਸ਼-ਵਿਦੇਸ਼ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਗੁਰਦੁਆਰੇ ਵਿੱਚ ਇਕੱਠੀ ਹੁੰਦੀ ਚੜ੍ਹਤ (ਮਾਇਆ) ਵਿੱਚੋਂ 10 ਫ਼ੀਸਦੀ ਹਿੱਸਾ (ਦਸਵੰਧ) ਬੱਚਿਆਂ ਦੀ ਪੜ੍ਹਾਈ 'ਤੇ ਹੀ ਖ਼ਰਚ ਕੀਤਾ ਜਾਵੇ ਅਤੇ ਗੁਰਦੁਆਰਿਆਂ ਵਿੱਚ ਮਾਂ ਬੋਲੀ ਪੰਜਾਬੀ ਦਾ ਗਿਆਨ ਦੇਣ ਲਈ ਕਲਾਸਾਂ ਲਾਈਆਂ ਜਾਣ। ਇਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਜਥੇਦਾਰ ਗਿਆਨੀ ਗੁਰਬਚਨ ਸਿੰਘ, ਜਥੇਦਾਰ ਗਿਆਨੀ ਮੱਲ ਸਿੰਘ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਗਿਆਨੀ ਜਗਤਾਰ ਸਿੰਘ ਨੇ ਬੈਠਕ ਕਰ ਕੇ ਨਾਮਧਾਰੀ ਸੰਪਰਦਾ ਵੱਲੋਂ ਮਰਿਆਦਾ ਦੀ ਉਲੰਘਣਾ ਕਰਨ ਦਾ ਮਾਮਲਾ ਵਿਚਾਰਿਆ। ਇਸ ਤੋਂ ਪਹਿਲਾਂ ਸਿੰਘ ਸਾਹਿਬਾਨ ਨੇ ਵੱਖ-ਵੱਖ ਸਿੱਖ ਵਿਦਵਾਨਾਂ ਦੀ ਵੀ ਰਾਏ ਲਈ। ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਕਮੇਟੀ ਵਿਚ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਹਿੱਤ, ਦਮਦਮੀ ਟਕਸਾਲ ਦਾ ਨੁਮਾਇੰਦਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੋਂ ਭਾਈ ਪ੍ਰਤਾਪ ਸਿੰਘ, ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਤੋਂ ਕਥਾਵਾਚਕ ਗਿਆਨੀ ਰੇਸ਼ਮ ਸਿੰਘ, ਨਿਰਮਲ ਸੰਪਰਦਾ ਤੋਂ ਸੰਤ ਤੇਜਾ ਸਿੰਘ ਖੁੱਡਾ, ਸ਼੍ਰੋਮਣੀ ਕਮੇਟੀ ਮੈਂਬਰ ਪ੍ਰਿੰਸੀਪਲ ਸੁਰਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਸਕੱਤਰ ਵਰਿਆਮ ਸਿੰਘ ਅਤੇ ਕਮੇਟੀ ਦੇ ਕੋਆਰਡੀਨੇਟਰ ਵਜੋਂ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸਿਮਰਜੀਤ ਸਿੰਘ ਸ਼ਾਮਲ ਹਨ। ਇਹ ਕਮੇਟੀ ਇੱਕ ਮਹੀਨੇ ਵਿਚ ਅਕਾਲ ਤਖ਼ਤ ਸਾਹਿਬ ਨੂੰ ਰਿਪੋਰਟ ਸੌਂਪੇਗੀ। ਇਸ ਮਾਮਲੇ ਵਿੱਚ ਸਿੱਖ ਵਿਦਵਾਨ ਇੱਕ ਮਤ ਨਹੀਂ ਹਨ। ਇਕੱਤਰਤਾ ਸਮੇਂ ਆਪਣੇ ਸੁਝਾਅ ਦੇਣ ਲਈ ਪੁੱਜੀ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਉਹ ਇਸ ਗੱਲ ਦੇ ਹਾਮੀ ਹਨ ਕਿ ਸਮੂਹ ਸਿੱਖ ਜਥੇਬੰਦੀਆਂ ਤੇ ਸੰਪਰਦਾਵਾਂ ਵਿੱਚ ਸ੍ਰੀ ਅਕਾਲ ਤਖ਼ਤ ਤੋਂ ਪ੍ਰਵਾਨਿਤ ਇੱਕ ਮਰਿਆਦਾ ਹੀ ਲਾਗੂ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਔਰਤਾਂ ਵੱਲੋਂ ਅੰਮ੍ਰਿਤ ਸੰਚਾਰ ਕੀਤੇ ਜਾਣ 'ਤੇ ਇਤਰਾਜ਼ ਕਰਨਾ ਜਾਇਜ਼ ਨਹੀਂ ਹੈ। ਉਂਜ ਵੀ ਨਾਮਧਾਰੀ ਸੰਪਰਦਾ ਅਤੇ ਸਿੱਖ ਸਮਾਜ ਵਿੱਚ ਸਿਧਾਂਤਕ ਵਖਰੇਵੇਂ ਬਰਕਰਾਰ ਹਨ, ਜਿਨ੍ਹਾਂ ਨੂੰ ਪਹਿਲਾਂ ਦੂਰ ਕੀਤਾ ਜਾਣਾ ਚਾਹੀਦਾ ਹੈ। ਮੀਟਿੰਗ ਵਿੱਚ ਸਿੰਘ ਸਾਹਿਬਾਨ ਨੇ ਦੇਸ਼-ਵਿਦੇਸ਼ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਹਦਾਇਤ ਕੀਤੀ ਹੈ ਕਿ ਗੁਰਦੁਆਰੇ ਵਿੱਚ ਹਰ ਮਹੀਨੇ ਇਕੱਠੀ ਹੋਣ ਵਾਲੀ ਮਾਇਆ ਵਿੱਚੋਂ 10 ਫ਼ੀਸਦ ਬੱਚਿਆਂ ਦੀ ਪੜ੍ਹਾਈ ਲਈ ਖ਼ਰਚ ਕੀਤਾ ਜਾਵੇ ਅਤੇ ਹਰੇਕ ਗੁਰਦੁਆਰੇ ਵਿੱਚ ਪੰਜਾਬੀ ਦੀਆਂ ਕਲਾਸਾਂ ਲਾਈਆਂ ਜਾਣ। ਬੱਚਿਆਂ ਨੂੰ ਸਮਾਜਿਕ ਵਿਦਿਆ ਦੇ ਨਾਲ-ਨਾਲ ਕਥਾ-ਕੀਰਤਨ, ਪ੍ਰਚਾਰ ਅਤੇ ਗੁਰਮਤਿ ਦੀ ਸਿੱਖਿਆ ਦਿੱਤੀ ਜਾਵੇ ਤਾਂ ਜੋ ਬੱਚੇ ਸਿੱਖੀ ਸਰੂਪ ਵਿੱਚ ਉਚ ਵਿਦਿਆ ਪ੍ਰਾਪਤ ਕਰ ਕੇ ਸਨਮਾਨ ਯੋਗ ਅਹੁਦੇ ਪ੍ਰਾਪਤ ਕਰ ਸਕਣ। ਇਹ ਵੀ ਸਖ਼ਤ ਹਦਾਇਤ ਕੀਤੀ ਗਈ ਕਿ ਪ੍ਰਬੰਧਕ ਕਮੇਟੀਆਂ ਗੁਰਦੁਆਰਿਆਂ ਦੇ ਮਸਲਿਆਂ ਨੂੰ ਅਦਾਲਤਾਂ ਵਿੱਚ ਨਾ ਲੈ ਕੇ ਜਾਣ ਸਗੋਂ ਇਸ ਨੂੰ ਆਪਸੀ ਸਲਾਹ ਮਸ਼ਵਰੇ ਨਾਲ ਹੱਲ ਕਰਨ। ਉਨ੍ਹਾਂ ਮੋਬਾਈਲ ਫੋਨ ਦੀ ਮਦਦ ਰਾਹੀਂ ਕਥਾ-ਕੀਰਤਨ ਅਤੇ ਪਾਠ ਕਰਨ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਕਥਾ ਕੀਰਤਨ ਅਤੇ ਗੁਰਬਾਣੀ ਨੂੰ ਕੰਠ ਕਰ ਕੇ ਹੀ ਕੀਤਾ ਜਾਵੇ। ਇਕੱਤਰਤਾ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਵੇਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪਹਿਲੀ ਵਾਰ ਸ਼ਾਮਲ ਹੋਏ, ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ 'ਤੇ ਬਾਕੀ ਜਥੇਦਾਰਾਂ ਵੱਲੋਂ ਸਿਰੋਪਾਓ ਦਿੱਤਾ ਗਿਆ।

## *ਜਨਮੇਜਾ ਸਿੰਘ ਸੇਖੋਂ ਨੂੰ ਲਾਈ ਤਨਖਾਹ*



ਅਕਾਲੀ ਆਗੂ ਜਨਮੇਜਾ ਸਿੰਘ ਸੇਖੋਂ ਅਕਾਲ ਤਖ਼ਤ 'ਤੇ ਪੇਸ਼ ਹੁੰਦੇ ਹੋਏ।

ਅੰਮ੍ਰਿਤਸਰ : ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੋਟਾਂ ਖ਼ਾਤਰ ਡੇਰਾ ਸਿਰਸਾ ਜਾ ਕੇ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਸਾਬਕਾ ਅਕਾਲੀ ਮੰਤਰੀ ਜਨਮੇਜਾ ਸਿੰਘ ਸੇਖੋਂ ਨੂੰ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਤਨਖਾਹ ਲਾਈ ਗਈ ਹੈ, ਜਿਸ ਤਹਿਤ ਉਨ੍ਹਾਂ ਦੀ ਤਿੰਨ ਦਿਨ ਫਿਰੋਜ਼ਪੁਰ ਦੇ ਗੁਰਦੁਆਰੇ ਅਤੇ ਦੋ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਚ ਸੇਵਾ ਲਾਈ ਗਈ ਹੈ। ਅਕਾਲ ਤਖ਼ਤ ਦੀ ਫਸੀਲ ਤੋਂ ਇਹ ਤਨਖਾਹ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸੁਣਾਈ ਗਈ। ਇਸ ਮੌਕੇ ਅਕਾਲੀ ਆਗੂ ਜਨਮੇਜਾ ਸਿੰਘ ਸੇਖੋਂ ਵੀ ਅਕਾਲ ਤਖ਼ਤ ਸਾਹਿਬ ਸਾਹਮਣੇ ਹਾਜ਼ਰ ਸਨ। ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਫਿਰੋਜ਼ਪੁਰ ਸਥਿਤ ਗੁਰਦੁਆਰਾ ਜਾਮਨੀ ਸਾਹਿਬ ਵਿਖੇ ਤਿੰਨ ਦਿਨ ਰੋਜ਼ਾਨਾ ਇਕ ਘੰਟਾ ਜੋੜੇ ਸਾਫ਼ ਕਰਨ, ਇਕ ਘੰਟਾ ਲੰਗਰ ਘਰ ਵਿੱਚ ਭਾਂਡੇ ਮਾਂਜਣ ਤੇ ਪਰਿਕਰਮਾ ਵਿੱਚ ਝਾੜੂ ਫੇਰਨ ਦੀ ਸੇਵਾ ਕਰਨਗੇ। ਇਹ ਸੇਵਾ ਮੁਕੰਮਲ ਕਰਨ ਮਗਰੋਂ ਦੋ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਇਕ ਘੰਟਾ ਜੋੜੇ ਸਾਫ਼ ਕਰਨ, ਇਕ ਘੰਟਾ ਛਬੀਲ 'ਤੇ ਜਲ ਦੀ ਸੇਵਾ ਕਰਨ ਤੇ ਇਕ ਘੰਟਾ ਗੁਰਬਾਣੀ ਦਾ ਕੀਰਤਨ ਸੁਣਨ ਦੀ ਸੇਵਾ ਲਾਈ ਗਈ ਹੈ। ਇਸ ਤੋਂ ਇਲਾਵਾ 501 ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਅਤੇ 5100 ਰੁਪਏ ਗੋਲਕ ਵਿੱਚ ਪਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਾਉਣ ਲਈ ਆਖਿਆ ਗਿਆ ਹੈ। ਸ੍ਰੀ ਸੇਖੋਂ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਲਾਈ ਗਈ ਤਨਖਾਹ ਸਿਰ ਮੱਥੇ ਪ੍ਰਵਾਨ ਹੈ ਤੇ ਭਵਿੱਖ ਵਿੱਚ ਹੁਕਮਨਾਮੇ ਅਨੁਸਾਰ ਹੀ ਚੱਲਣਗੇ। ਇਸ ਦੌਰਾਨ ਬਾਕੀ ਰਹਿ ਗਏ ਤਿੰਨ ਕਾਂਗਰਸੀ ਆਗੂ ਫੇਰ ਗ਼ੈਰ-ਹਾਜ਼ਰ ਸਨ, ਜਿਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ, ਅਜਾਇਬ ਸਿੰਘ ਭੱਟੀ ਅਤੇ ਅਰਜਨ ਸਿੰਘ ਬਾਦਲ ਸ਼ਾਮਲ ਹਨ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਕੁਝ ਵਿਦੇਸ਼ ਵਿੱਚ ਹਨ ਤੇ ਕੁਝ ਸਿਹਤਯਾਬ ਨਹੀਂ ਹਨ।

# ਭਾਈ ਹਰਮਿੰਦਰ ਸਿੰਘ ਮਿੰਟੂ ਨਾਭਾ ਬੰਬ ਕਾਂਡ ਕੇਸ ਵਿਚੋਂ ਬਰੀ

**ਪਟਿਆਲਾ/ਬਿਊਰੋ ਨਿਊਜ਼ :** ਨਾਭਾ ਜੇਲ੍ਹ ਕਾਂਡ ਦੇ ਮੁਲਜ਼ਮ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਕਾਰਕੁਨ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਨਾਭਾ ਗੈਸ ਬੋਟਲਿੰਗ ਪਲਾਂਟ 'ਤੇ ਬੰਬ ਰੱਖਣ ਦੇ ਦੋਸ਼ਾਂ 'ਤੇ ਆਧਾਰਿਤ ਕੇਸ ਵਿੱਚੋਂ ਬਰੀ ਕਰ ਦਿੱਤਾ ਗਿਆ ਹੈ। ਮਿੰਟੂ 'ਤੇ ਇਸ ਬੰਬ ਲਈ ਲੋੜੀਂਦਾ ਸਾਮਾਨ ਮੁਹੱਈਆ ਕਰਵਾਉਣ ਦੇ ਦੋਸ਼



ਸਨ। ਗੈਸ ਪਲਾਂਟ ਦੇ ਇੱਕ ਅਧਿਕਾਰੀ ਦੀ ਸ਼ਿਕਾਇਤ 'ਤੇ ਥਾਣਾ ਸਦਰ ਨਾਭਾ ਵਿੱਚ ਇਹ ਕੇਸ 18 ਜਨਵਰੀ 2010 ਨੂੰ ਦਰਜ ਕੀਤਾ ਗਿਆ ਸੀ, ਜਿਸ ਦੌਰਾਨ ਪਲਾਂਟ ਦੇ ਬਾਹਰਲੇ ਪਾਸਿਉਂ ਦੁੱਧ ਵਾਲੀ ਇੱਕ ਕੇਨੀ ਵਿੱਚ ਬੰਬ ਫਿੱਟ ਕਰਕੇ ਰੱਖਿਆ ਹੋਣ ਦੀ ਗੱਲ ਆਖੀ ਗਈ ਸੀ। ਪੁਲੀਸ ਦਾ ਤਰਕ ਸੀ ਇਸ ਦੌਰਾਨ ਬਰਾਮਦ ਹੋਈਆਂ ਬਾਰੂਦੀ ਸਟਿੱਕਾਂ, ਡਰੰਮ, ਪੇਂਟ ਦਾ ਡੱਬਾ, ਬਿਜਲੀ ਯੰਤਰ, ਇਕ ਚਮਚਾ ਤੇ ਕਾਲੀ ਟੇਪ ਸਾਮਾਨ ਭਾਈ ਹਰਮਿੰਦਰ ਮਿੰਟੂ ਨੇ ਮੁਹੱਈਆ ਕਰਵਾਇਆ ਸੀ, ਜਦਕਿ ਇਹ ਬੰਬ ਇਸ ਗੈਸ ਪਲਾਂਟ ਨੂੰ ਉਡਾਉਣ ਲਈ ਨਿਜਾਮਨੀਵਾਲਾ ਦੇ ਵਾਸੀ ਬਖ਼ਸ਼ੀਸ਼ ਸਿੰਘ ਬਾਬਾ ਨੇ ਤਿੰਨ ਹੋਰ ਸਾਥੀਆਂ ਦੀ ਮਦਦ ਨਾਲ ਇੱਥੇ ਫਿੱਟ ਕੀਤਾ ਸੀ ਪਰ ਬਾਬੇ ਸਮੇਤ 2010 ਵਿੱਚ ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਚਾਰਾਂ ਵਿਅਕਤੀਆਂ ਨੂੰ ਅਦਾਲਤ ਨੇ 2014 ਵਿਚ ਹੀ ਬਰੀ ਕਰ ਦਿੱਤਾ ਸੀ। ਪਟਿਆਲਾ ਦੇ ਵਧੀਕ ਸੈਸ਼ਨ ਜੱਜ ਰਵਦੀਪ ਸਿੰਘ ਹੁੰਦਲ ਦੀ ਅਗਵਾਈ ਹੇਠਲੀ ਅਦਾਲਤ ਨੇ ਭਾਈ ਮਿੰਟੂ ਨੂੰ ਬਰੀ ਕਰ ਦਿੱਤਾ ਹੈ। ਦੱਸਣਯੋਗ ਹੈ ਕਿ 27 ਨਵੰਬਰ 2016 ਨੂੰ ਭਾਈ ਮਿੰਟੂ ਪੰਜ ਹੋਰ ਕੈਦੀਆਂ ਸਮੇਤ ਨਾਭਾ ਜੇਲ੍ਹ ਵਿੱਚੋਂ ਫ਼ਰਾਰ ਹੋ ਗਿਆ ਸੀ ਤੇ ਉਸ ਨੂੰ ਉਸੇ ਰਾਤ ਦਿੱਲੀ ਤੋਂ ਫੜ ਲਿਆ ਗਿਆ ਸੀ। ਮਿੰਟੂ ਖ਼ਿਲਾਫ਼ ਜਿੱਥੇ ਨਾਭਾ ਜੇਲ੍ਹ ਕਾਂਡ ਸਬੰਧੀ ਕੇਸ ਚੱਲ ਰਿਹਾ ਹੈ, ਉਥੇ ਹੀ ਉਹ ਨਾਭਾ ਨਾਲ ਸਬੰਧਤ ਇੱਕ ਹੋਰ ਕੇਸ ਦਾ ਸਾਹਮਣਾ ਕਰ ਰਿਹਾ ਹੈ।

## ਪਿੱਠ ਦਰਦ ਤੋਂ ਪ੍ਰੇਸ਼ਾਨ ਭਾਈ ਤਾਰਾ ਨੂੰ ਜੇਲ੍ਹ ਤੋਂ ਬਾਹਰ ਲਿਜਾਣ ਲਈ ਗ੍ਰਹਿ ਸਕੱਤਰ ਨੂੰ ਕੀਤਾ ਸੂਚਿਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਈ ਜਗਤਾਰ ਸਿੰਘ ਤਾਰਾ ਵੱਲੋਂ ਉਨ੍ਹਾਂ ਦੇ ਪਿੱਠ ਦਰਦ ਦੀ ਸ਼ਿਕਾਇਤ ਨੂੰ ਲੈ ਕੇ ਦਿੱਤੀ ਗਈ ਅਰਜ਼ੀ ਦੇ ਸਬੰਧ ਵਿਚ ਜੇਲ੍ਹ ਪ੍ਰਸ਼ਾਸਨ ਨੇ ਵਿਸ਼ੇਸ਼ ਅਦਾਲਤ ਵਿਚ ਕਿਹਾ ਹੈ ਕਿ ਇਸ ਸਬੰਧ ਵਿਚ ਉਹ ਗ੍ਰਹਿ ਸਕੱਤਰ ਨੂੰ ਦੁਬਾਰਾ ਸੂਚਿਤ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਾਈ ਤਾਰਾ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੇ ਹੁਕਮਾਂ ਤੋਂ ਬਿਨਾਂ ਐਮਆਰਆਈ ਲਈ ਜੇਲ੍ਹ ਤੋਂ ਬਾਹਰ ਨਹੀਂ ਕੱਢਿਆ ਜਾ ਸਕਦਾ ਹੈ। ਇਸ ਤੋਂ ਪਹਿਲਾ ਭਾਈ ਜਗਤਾਰ ਸਿੰਘ ਤਾਰਾ ਨੇ ਪਿੱਠ ਵਿੱਚ ਅਸਹਿਣਯੋਗ ਦਰਦ ਦੀ ਸ਼ਿਕਾਇਤ ਕਰਦਿਆਂ ਹੋਇਆ ਅਦਾਲਤ ਤੋਂ ਸਵੈ ਮੌਤ ਵੀ ਇੱਛਾ ਜਤਾਈ ਸੀ। ਭਾਈ ਜਗਤਾਰ ਸਿੰਘ ਤਾਰਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਬੁੜੈਲ ਜੇਲ੍ਹ ਅੰਦਰ ਬੰਦ ਹਨ ਅਤੇ ਉਨ੍ਹਾਂ ਖ਼ਿਲਾਫ਼ ਜੇਲ੍ਹ ਅੰਦਰ ਲੱਗ ਰਹੀ ਵਿਸ਼ੇਸ਼ ਅਦਾਲਤ ਵਿਚ ਮੁਕੱਦਮਾ ਚੱਲ ਰਿਹਾ ਹੈ। ਮਾਮਲੇ ਦੀ ਅਗਲੀ ਸੁਣਵਾਈ 24 ਮਈ ਨੂੰ ਹੋਵੇਗੀ।

## 'ਸਾਦਗੀ' ਦਾ ਮੁਜ਼ਾਹਰਾ ਕਰਦਿਆਂ ਦਮਦਮਾ ਸਾਹਿਬ ਦੇ ਨਵੇਂ ਜਥੇਦਾਰ ਭਾਈ ਹਰਪ੍ਰੀਤ ਸਿੰਘ ਨੇ ਸੁਰੱਖਿਆ ਠੁਕਰਾਈ

### *ਗਿਆਨੀ ਗੁਰਮੁੱਖ ਸਿੰਘ ਦੀ ਸੁਰੱਖਿਆ ਘਟਾਈ*

**ਬਠਿੰਡਾ/ਬਿਊਰੋ ਨਿਊਜ਼ :** ਤਖ਼ਤ ਦਮਦਮਾ ਸਾਹਿਬ ਦੇ ਨਵੇਂ ਜਥੇਦਾਰ 'ਸਾਦਗੀ ਕਲਚਰ' 'ਤੇ ਪਹਿਰਾ ਦੇਣਗੇ। ਨਵੇਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਾਂ ਕੋਈ ਸੁਰੱਖਿਆ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਸੀ ਪਰ ਪੰਜਾਬ ਪੁਲੀਸ ਨੇ ਉਨ੍ਹਾਂ ਦੀ ਸੁਰੱਖਿਆ ਲਈ ਮੁਲਾਜ਼ਮ ਭੇਜ ਦਿੱਤੇ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਤੋਂ ਸਿਰਫ਼ ਇੱਕ ਵਾਹਨ ਹੀ ਲਿਆ ਹੈ। ਨਵੇਂ ਜਥੇਦਾਰ ਨੇ ਤਖ਼ਤ ਦਮਦਮਾ ਸਾਹਿਬ ਤੋਂ ਸਵੇਰ ਅਤੇ ਸ਼ਾਮ ਵਕਤ ਖ਼ੁਦ ਕਥਾ ਦਾ ਵਿਆਖਿਆਨ ਕਰਨਾ ਸ਼ੁਰੂ ਕਰ ਦਿੱਤਾ ਹੈ। ਨਵੇਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਪੰਜਾਬ ਪੁਲੀਸ ਤੋਂ ਕੋਈ ਵੀ ਸੁਰੱਖਿਆ ਲੈਣ ਤੋਂ ਜੁਆਬ ਦੇ ਦਿੱਤਾ ਸੀ ਪਰ ਪੁਲੀਸ ਅਫਸਰਾਂ ਨੇ ਪ੍ਰੋਟੋਕੋਲ ਦੇ ਮੱਦੇਨਜ਼ਰ ਦੋ-ਤਿੰਨ ਮੁਲਾਜ਼ਮ ਭੇਜੇ ਹਨ। ਉਨ੍ਹਾਂ ਕਿਹਾ ਕਿ ਉਹ ਆਮ ਸਿੱਖ ਦੀ ਤਰ੍ਹਾਂ ਵਿਚਰਨਗੇ ਅਤੇ ਗੁਰਬਾਣੀ ਦਾ ਪਸਾਰ ਕਰਨਗੇ। ਉਨ੍ਹਾਂ ਆਖਿਆ ਕਿ ਉਨ੍ਹਾਂ ਅੰਮ੍ਰਿਤਸਰ ਤੋਂ ਕੋਈ ਟਾਸਕ ਫੋਰਸ ਵਗੈਰਾ ਵੀ ਨਹੀਂ ਲਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਪੁਲੀਸ ਨੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਦੀ ਸੁਰੱਖਿਆ ਘਟਾ ਦਿੱਤੀ ਹੈ ਅਤੇ ਉਨ੍ਹਾਂ ਨਾਲ ਹੁਣ ਸਿਰਫ਼ ਛੇ ਪੁਲੀਸ ਮੁਲਾਜ਼ਮ ਰਹਿ ਗਏ ਹਨ। ਸ਼੍ਰੋਮਣੀ ਕਮੇਟੀ ਨੇ ਗਿਆਨੀ ਗੁਰਮੁੱਖ ਸਿੰਘ ਤੋਂ ਟਾਸਕ ਫਾਰਸ ਅਤੇ ਦੋ ਸਰਕਾਰੀ ਗੱਡੀਆਂ ਵੀ ਵਾਪਸ ਲੈ ਲਈਆਂ ਹਨ। ਪੰਜਾਬ ਪੁਲੀਸ ਨੇ ਨਵੇਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਾਸਤੇ ਵੀ ਐਸਕਾਰਟ ਗੱਡੀ ਭੇਜ ਦਿੱਤੀ ਹੈ ਜਿਸ ਦੀ ਉਨ੍ਹਾਂ ਵੱਲੋਂ ਵਰਤੋਂ ਨਹੀਂ ਕੀਤੀ ਜਾ ਰਹੀ ਹੈ।

# ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਦਮਦਮਾ ਸਾਹਿਬ ਦੀ ਸੇਵਾ ਸੰਭਾਲੀ

**ਤਲਵੰਡੀ ਸਾਬੋ/ਬਿਊਰੋ ਨਿਊਜ਼ :** ਸਿੱਖ ਕੌਮ ਦੇ ਚੌਥੇ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਨਵ-ਨਿਯੁਕਤ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸਾਹਿਬ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਸੇਵਾ ਸੰਭਾਲ ਲਈ। ਸਮਾਗਮ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅੰਤ੍ਰਿੰਗ ਕਮੇਟੀ ਦੇ ਮਤੇ ਅਨੁਸਾਰ ਗਿਆਨੀ ਹਰਪ੍ਰੀਤ ਸਿੰਘ ਦਾ ਨਾਮ ਤਖ਼ਤ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਐਲਾਨ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ



ਬਡੂੰਗਰ ਨੇ ਕਿਹਾ ਕਿ ਕੌਮ ਨੂੰ ਨਸ਼ੇ, ਭਰੂਣ ਹੱਤਿਆ ਤੇ ਪਤਿੱਤਪੁਣੇ ਦਾ ਮੁਕਾਬਲਾ ਇਕਜੁੱਟ ਹੋ ਕੇ ਕਰਨਾ ਚਾਹੀਦਾ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਤਖ਼ਤ ਦਮਦਮਾ ਸਾਹਿਬ ਦੇ ਸ਼ਾਨਾਮੱਤੇ ਇਤਿਹਾਸ ਦਾ ਜ਼ਿਕਰ ਕੀਤਾ। ਇਸ ਤੋਂ ਪਹਿਲਾਂ ਭਾਈ ਜਗਸੀਰ ਸਿੰਘ ਦੇ ਰਾਗੀ ਜਥੇ ਵੱਲੋਂ ਕੀਰਤਨ ਕੀਤਾ ਗਿਆ। ਅਰਦਾਸ ਭਾਈ ਜਗਤਾਰ ਸਿੰਘ ਮੁੱਖ ਗ੍ਰੰਥੀ ਤਖ਼ਤ ਦਮਦਮਾ ਸਾਹਿਬ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਲਿਆ। ਸਟੇਜ ਦੀ ਸੇਵਾ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਵੱਲੋਂ ਨਿਭਾਈ ਗਈ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਸਾਂਝੀ ਮੁਹਿੰਮ ਸ਼ੁਰੂ ਕਰਨ ਦੀ ਅਪੀਲ

*ਮੁਹਿੰਮ ਦੀ ਕਮਾਂਡ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੀ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰੇ ਦੀ ਮੁੜ ਉਸਾਰੀ ਦੀ ਮੁਹਿੰਮ ਲਈ ਸਮੁੱਚੀ ਕੌਮ ਨੂੰ ਇਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ। ਇਸ ਤਹਿਤ ਦੇਸ਼-ਵਿਦੇਸ਼ ਦੀ ਸੰਗਤ ਨੂੰ 14 ਮਈ ਨੂੰ ਆਪੋ ਆਪਣੇ ਨਗਰ ਦੇ ਗੁਰਦੁਆਰਿਆਂ ਜਾਂ ਘਰਾਂ ਵਿੱਚ ਜਪੁਜੀ ਸਾਹਿਬ ਦੇ ਪਾਠ ਅਤੇ ਅਰਦਾਸ ਕਰਨ ਦੀ ਅਪੀਲ ਕੀਤੀ ਗਈ, ਜਿਸ ਮਗਰੋਂ ਅਗਲਾ ਸਾਂਝਾ ਪ੍ਰੋਗਰਾਮ ਜਾਰੀ ਕੀਤਾ ਜਾਵੇਗਾ। ਇਸ ਸਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਸਮੇਤ ਹੋਰ ਅਹੁਦੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਤੇ ਹੋਰ ਮੈਂਬਰ ਸਾਂਝੇ ਰੂਪ ਵਿੱਚ ਗਿਆਨੀ ਗੁਰਬਚਨ ਸਿੰਘ ਨੂੰ ਮਿਲੇ। ਦੋਵਾਂ



ਬਾਕੀ ਸਫ਼ਾ 32 'ਤੇ

## ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁਕਤੀ ਦੇ ਸੰਘਰਸ਼ ਦੀ ਪਾਕਿ ਸਿੱਖ ਕੌਂਸਲ ਵਲੋਂ ਹਮਾਇਤ

**ਕਰਾਚੀ/ਬਿਊਰੋ ਨਿਊਜ਼ :** ਪਾਕਿਸਤਾਨ ਸਿੱਖ ਕੌਂਸਲ ਦੇ ਪੈਟਰਨ ਇਨ ਚੀਫ਼ ਸ. ਰਮੇਸ਼ ਸਿੰਘ ਖ਼ਾਲਸਾ ਨੇ ਦੱਸਿਆ ਕਿ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਦਾਨ ਹਰ ਇਕ ਸਿੱਖ ਆਪਣੀ ਰੋਜ਼ ਦੀ ਅਰਦਾਸ ਵਿੱਚ ਸਿਰਫ਼ ਕਰਦਾ ਹੀ ਨਹੀਂ ਹੈ ਬਲਕਿ ਉਨ੍ਹਾਂ ਨੂੰ ਯਾਦ ਕਰਕੇ 'ਜਿਨ੍ਹਾਂ ਨੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਕੁਰਬਾਨੀਆਂ ਕੀਤੀਆਂ' ਵਾਹਿਗੁਰੂ ਕਹਿ ਕੇ ਸਿਮਰਨ ਵੀ ਕਰਦਾ ਹੈ। ਰਮੇਸ਼ ਸਿੰਘ ਖ਼ਾਲਸਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ ਵੱਲੋਂ ਪਹਿਲੇ ਪਤਾਸ਼ਾਹ ਗੁਰੂ ਨਾਨਕ ਦੇਵ ਨਾਲ ਸਬੰਧਤ ਗੁਰਦੁਆਰਾ ਗਿਆਨ ਗੋਦੜੀ ਸਾਹਿਬ (ਹਰਿ ਕੀ ਪੌੜੀ, ਹਰਿਦੁਆਰ) ਨੂੰ ਆਜ਼ਾਦ ਕਰਵਾਉਣ ਲਈ ਜੋ ਮੁਹਿੰਮ ਸ਼ੁਰੂ ਕੀਤੀ ਗਈ ਹੈ, ਪਾਕਿਸਤਾਨ ਸਿੱਖ ਕੌਂਸਲ ਪੂਰੀ ਤਰ੍ਹਾਂ ਇਸ ਦੀ ਹਮਾਇਤ ਕਰਦੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਵੱਲੋਂ ਜੋ ਆਦੇਸ਼ ਸਮੁੱਚੇ ਸਿੱਖ ਜਗਤ ਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਦਿੱਤਾ ਗਿਆ ਹੈ, ਉਸ ਨੂੰ ਖਿੜੇ ਮੱਥੇ ਮੰਨਦੇ ਹੋਏ ਪਾਕਿਸਤਾਨ ਸਿੱਖ ਕੌਂਸਲ ਵੱਲੋਂ 14 ਮਈ ਨੂੰ ਸਿੰਧ ਅਤੇ ਬਲੋਚੀਸਤਾਨ ਦੇ ਹਰੇਕ ਗੁਰਦੁਆਰਾ ਸਾਹਿਬ ਵਿਚ ਸਵੇਰੇ 5:00 ਵਜੇ ਜਪੁਜੀ ਸਾਹਿਬ ਅਤੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਣਗੇ। ਉਨ੍ਹਾਂ ਸਮੁੱਚੇ ਖਾਲਸਾ ਪੰਥ ਨੂੰ ਅਪੀਲ ਕੀਤੀ ਕਿ ਇਸ ਮੌਕੇ ਆਪਸੀ ਰੰਜ਼ਿਸ਼ਾਂ ਭੁਲਾ ਕੇ ਇਸ ਮੁਹਿੰਮ ਵਿਚ ਅੱਗੇ ਆਉਣਾ ਚਾਹੀਦਾ ਹੈ।

# ਮੁਤਵਾਜ਼ੀ ਜਥੇਦਾਰਾਂ ਵੱਲੋਂ ਡੇਰਾ ਸਿਰਸਾ ਜਾਣ ਵਾਲਿਆਂ ਸਿੱਖ ਆਗੂਆਂ ਖ਼ਿਲਾਫ਼ ਸਿਆਸੀ ਬਾਈਕਾਟ ਦਾ ਹੁਕਮ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਡੇਰਾ ਸਿਰਸਾ ਜਾ ਕੇ ਵੋਟਾਂ ਮੰਗਣ ਦੀ ਖਾਤਰ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਕਾਰਵਾਈ ਕਰਦਿਆਂ ਮੁਤਵਾਜੀ ਜਥੇਦਾਰਾਂ ਨੇ ਲਗਭਗ 40 ਸਿਆਸੀ ਆਗੂਆਂ ਖ਼ਿਲਾਫ਼ ਰਾਜਨੀਤਕ ਬਾਈਕਾਟ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਹੈ। ਉਨ੍ਹਾਂ ਨੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਆਖਿਆ ਕਿ ਇਨ੍ਹਾਂ ਆਗੂਆਂ ਨਾਲ ਕਿਸੇ ਵੀ ਤਰ੍ਹਾਂ ਦੀ ਰਾਜਨੀਤਕ ਸਾਂਝ ਨਾ ਰੱਖੀ ਜਾਵੇ।

ਇਹ ਹੁਕਮਨਾਮਾ ਇਥੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਅਮਰੀਕ ਸਿੰਘ ਅਜਨਾਲਾ ਅਤੇ ਉਨ੍ਹਾਂ ਦੇ ਦੋ ਸਾਥੀਆਂ ਭਾਈ ਜਗਮੀਤ ਸਿੰਘ ਤੇ ਭਾਈ ਮੇਜਰ ਸਿੰਘ ਵਲੋਂ ਜਾਰੀ ਕੀਤਾ ਗਿਆ ਹੈ। ਇਸ ਸਬੰਧ ਵਿਚ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਭਾਈ ਮੰਡ ਨੇ ਦੱਸਿਆ ਕਿ 17 ਮਈ 2007 ਨੂੰ ਸ੍ਰੀ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਹੋਇਆ ਸੀ ਕਿ ਡੇਰਾ ਸਿਰਸਾ ਦੇ ਮੁਖੀ ਨਾਲ ਕਿਸੇ ਤਰ੍ਹਾਂ ਦੀ ਸਾਂਝ ਨਾ ਰੱਖੀ ਜਾਵੇ ਪਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਸਿਆਸੀ ਲਾਭ ਵਾਸਤੇ ਇਸ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਇਸ ਸਬੰਧ ਵਿਚ ਬਣਾਈ ਜਾਂਚ ਕਮੇਟੀ ਨੇ ਵੀ ਇਨ੍ਹਾਂ ਖਿਲਾਫ ਰਿਪੋਰਟ ਦਿੱਤੀ ਹੈ। ਇਨ੍ਹਾਂ ਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਸ੍ਰੀ ਅਕਾਲ ਤਖ਼ਤ ਤੇ ਪੇਸ਼ ਹੋਣ ਦਾ ਸਮਾਂ ਦਿੱਤਾ ਗਿਆ ਸੀ। ਪਰ ਇਹ ਨਹੀਂ ਆਏ। 30 ਮਾਰਚ ਨੂੰ ਇਨ੍ਹਾਂ ਸਾਰਿਆਂ ਨੂੰ ਤਨਖਾਹੀਆ ਕਰਾਰ ਦਿੱਤਾ ਸੀ ਅਤੇ ਇਨ੍ਹਾਂ ਖ਼ਿਲਾਫ਼ ਅਗਲੀ ਕਾਰਵਾਈ ਕਰਦਿਆਂ ਸਿੱਖ ਸੰਗਤਾਂ ਨੂੰ ਇਨ੍ਹਾਂ ਦਾ ਸਿਆਸੀ ਬਾਈਕਾਟ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ। ਇਸ ਦੌਰਾਨ ਮੁਤਵਾਜ਼ੀ ਜਥੇਦਾਰਾਂ ਨੇ 1 ਜੂਨ ਨੂੰ ਬਰਗਾੜੀ ਵਿਖੇ ਧਾਰਮਿਕ ਇਕੱਠ ਕਰਨ ਦਾ ਐਲਾਨ ਕੀਤਾ ਹੈ। ਇਥੇ ਦੱਸਣਯੋਗ ਹੈ ਕਿ ਇਸੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਲਗਭਗ 43 ਆਗੂਆਂ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ।



ਸ੍ਰੀ ਹਰਿਮੰਦਰ ਸਾਹਿਬ ਵਿਚ ਪੁੱਜਦੇ ਹੋਏ ਮੁਤਵਾਜ਼ੀ ਜਥੇਦਾਰ ਅਮਰੀਕ ਸਿੰਘ ਅਜਨਾਲਾ, ਧਿਆਨ ਸਿੰਘ ਮੰਡ ਅਤੇ ਬਲਜੀਤ ਸਿੰਘ ਦਾਦੂਵਾਲ।

## ਭਾਈ ਦਾਦੂਵਾਲ ਨੇ ਗੁਰਦੁਆਰਾ ਗਿਆਨ ਗੋਦੜੀ ਬਾਰੇ ਕਾਰਵਾਈ ਨੂੰ ਨਿਰਾ ਸਟੰਟ ਦੱਸਿਆ

ਭਾਈ ਬਲਜੀਤ ਸਿੰਘ ਦਾਦੂਵਾਲ ਨੇ ਦਿੱਲੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਗਿਆਨ ਗੋਦੜੀ ਦੀ ਪ੍ਰਾਪਤੀ ਲਈ ਸਾਂਝੀ ਮੁਹਿੰਮ ਦੀ ਅਗਵਾਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੌਂਪੇ ਜਾਣ 'ਤੇ ਇਤਰਾਜ਼ ਕਰਦਿਆਂ ਆਖਿਆ ਕਿ ਇਹ ਕਾਰਵਾਈ ਕੌਮ ਵਲੋਂ ਨਕਾਰੇ ਜਥੇਦਾਰਾਂ ਨੂੰ ਆਕਸੀਜਨ ਦੇਣ ਬਰਾਬਰ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਗਿਆਨ ਗੋਦੜੀ ਦਾ 1978 ਵਿਚ ਗੰਗਾ ਘਾਟ ਦੇ ਸੁੰਦਰੀਕਰਨ ਦੇ ਨਾਂ ਹੇਠ ਨੁਕਸਾਨ ਕੀਤਾ ਗਿਆ ਸੀ। ਮਗਰੋਂ 1984 ਵਿਚ ਸਿੱਖ ਕਤਲੇਆਮ ਸਮੇਂ ਗੁਰਦੁਆਰੇ ਨੂੰ ਢਹਿ ਢੇਰੀ ਕਰ ਦਿੱਤਾ ਗਿਆ ਸੀ। ਜਿਸ ਦੀ ਥਾਂ 'ਤੇ ਹੁਣ ਸਕਾਊਟ ਐਂਡ ਗਾਰਡ ਦਾ ਦਫ਼ਤਰ ਅਤੇ ਜਨਤਕ ਪਖਾਨਾ ਬਣਿਆ ਹੋਇਆ ਹੈ। ਉਨ੍ਹਾਂ ਨੇ ਇਸ ਮਾਮਲੇ ਵਿਚ ਹੁਣ ਕੀਤੀ ਕਾਰਵਾਈ ਨੂੰ ਸਿਆਸੀ ਸਟੰਟ ਕਰਾਰ ਦਿੱਤਾ ਅਤੇ ਸਿੱਖ ਸੰਗਤਾਂ ਨੂੰ ਗੁਰਦੁਆਰੇ ਦੀ ਮੁੜ ਉਸਾਰੀ ਲਈ ਸਹਿਯੋਗ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਦਿੱਲੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਨੂੰ ਵੀ ਸਹਿਯੋਗ ਦੇਣ ਲਈ ਆਖਿਆ।


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



SINGH
TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# ‘ਨਿਰਭਯਾ’ ਗੈਂਗਰੇਪ ਦੇ ਦੋਸ਼ੀਆਂ ਦੀ ਫਾਂਸੀ ਬਰਕਰਾਰ

## *ਕੇਸ ਏਨਾ ਭਿਆਨਕ ਸੀ ਕਿ ਇਸ ਨੇ ਦੁਨੀਆ ਦੇ ਲੋਕਾਂ ਵਿਚ ਸਦਮੇ ਦੀ ਸੁਨਾਮੀ ਲਿਆ ਦਿੱਤੀ, ਇਸ ਦੇ ਦੋਸ਼ੀਆਂ ’ਤੇ ਰਹਿਮ ਨਹੀਂ : ਸੁਪਰੀਮ ਕੋਰਟ*

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸੁਪਰੀਮ ਕੋਰਟ ਨੇ ਦਿੱਲੀ ਦੇ ਵਹਿਸ਼ੀ ਸਮੂਹਕ ਬਲਾਤਕਾਰ ਤੇ ਕਤਲ ਕੇਸ ਵਿੱਚ ਚਾਰ ਦੋਸ਼ੀਆਂ ਨੂੰ ਸੁਣਾਈ ਗਈ ਸਜ਼ਾ-ਏ-ਮੌਤ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਇਸ ਭਿਆਨਕ ਕਾਰੇ ਨੂੰ ‘ਸਭ ਤੋਂ ਵੱਧ ਨਿਰਦਈ, ਜ਼ਾਲਮਾਨਾ ਤੇ ਸ਼ੈਤਾਨੀ’ ਕਰਾਰ ਦਿੱਤਾ।

ਦਿੱਲੀ ਦੀਆਂ ਸੜਕਾਂ ਉਤੇ 16 ਦਸੰਬਰ, 2012 ਨੂੰ ਵਾਪਰੀ ਇਸ ਹੌਲਨਾਕ ਘਟਨਾ ਨੂੰ ‘ਵਿਰਲਿਆਂ ਵਿਚੋਂ ਵਿਰਲੀ’ ਕਰਾਰ ਦਿੰਦਿਆਂ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਸਰਬਸੰਮਤੀ ਨਾਲ ਦੋਸ਼ੀਆਂ ਨੂੰ ਹੇਠਲੀ ਅਦਾਲਤ ਵੱਲੋਂ ਸੁਣਾਈ ਗਈ ਸਜ਼ਾ ਨੂੰ ਕਾਇਮ ਰੱਖਿਆ। ਜਸਟਿਸ ਦੀਪਕ ਮਿਸ਼ਰਾ ਨੇ ਕਿਹਾ, “16 ਦਸੰਬਰ 2012 ਦੀ ਰਾਤ ਨਿਰਭਯਾ ਨਾਲ ਜੋ ਹੋਇਆ, ਉਹ ਏਨਾ ਭਿਆਨਕ ਤੇ ਕਰੂਰ ਸੀ ਕਿ ਉਸ ਨੇ ਦੁਨੀਆ ਵਿਚ ਸਦਮੇ ਦੀ ਸੁਨਾਮੀ ਲਿਆ ਦਿੱਤੀ। ਇੰਜ ਲਗਦਾ ਹੈ ਕਿ ਜਿਵੇਂ ਕਿਸੇ ਦੂਸਰੀ ਦੁਨੀਆ ਦੀ ਕਹਾਣੀ ਹੋਵੇ। ਅਜਿਹੇ ਅਪਰਾਧੀਆਂ ਲਈ ਕਾਨੂੰਨ ਵਿਚ ਰਹਿਮ ਦੀ ਗੁੰਜਾਇਸ਼ ਨਹੀਂ ਹੈ।” ‘ਨਿਰਭਯਾ’ (ਨਿਡਰ) ਵਜੋਂ ਮਸ਼ਹੂਰ ਹੋਈ ਇਸ ਘਟਨਾ ਦੀ ਪੀੜਤ ਲੜਕੀ, ਜੋ ਪੈਰਾਮੈਡੀਕਲ ਵਿਦਿਆਥਣ ਸੀ, ਨੇ ਆਪਣੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ 13 ਦਿਨਾਂ ਬਾਅਦ ਸਿੰਗਾਪੁਰ ਦੇ ਇਕ ਹਸਪਤਾਲ ਵਿੱਚ ਦਮ ਤੋੜ ਦਿੱਤਾ ਸੀ। ਮਾਮਲੇ ਵਿਚ 6 ਦੋਸ਼ੀ ਸਨ। ਇਕ ਨੇ ਜੇਲ੍ਹ ਵਿਚ ਖੁਦਕੁਸ਼ੀ ਕਰ ਲਈ। ਇਕ ਨਾਬਾਲਗ ਸੀ, ਜੋ 3 ਸਾਲ ਦੀ ਸਜ਼ਾ ਕੱਟ ਚੁੱਕਾ ਹੈ। ਬਾਕੀ 4 ਮੁਕੇਸ਼, ਪਵਨ, ਵਿਨਯ ਤੇ ਅਕਸ਼ਯ ਤਿਹਾੜ ਜੇਲ੍ਹ ਵਿਚ ਹਨ।

ਇਹ ਫ਼ੈਸਲਾ ਸੁਪਰੀਮ ਕੋਰਟ ਦੇ ਜਸਟਿਸ ਦੀਪਕ ਮਿਸ਼ਰਾ, ਜਸਟਿਸ ਆਰ. ਬਾਨੂਮਤੀ ਅਤੇ ਜਸਟਿਸ ਅਸ਼ੋਕ ਭੂਸ਼ਣ ਦੇ ਬੈਂਚ ਨੇ ਸੁਣਾਇਆ। ਦੱਸਣਯੋਗ ਹੈ ਕਿ ਇਸ ਘਟਨਾ ਤੋਂ ਬਾਅਦ ਸਾਰੇ ਦੇਸ਼ ਵਿੱਚ ਬਲਾਤਕਾਰ ਖ਼ਿਲਾਫ਼ ਵਿਆਪਕ ਲਹਿਰ ਉਠ ਖੜ੍ਹੀ ਹੋਈ ਸੀ, ਜਿਸ ਸਦਕਾ ਦੇਸ਼ ਦੇ ਬਲਾਤਕਾਰ ਵਿਰੋਧੀ ਕਾਨੂੰਨਾਂ ਨੂੰ ਸਖ਼ਤ ਕੀਤਾ ਗਿਆ। ਜਸਟਿਸ ਮਿਸ਼ਰਾ ਨੇ ਆਪਣੇ ਤੇ ਜਸਟਿਸ ਭੂਸ਼ਣ ਵੱਲੋਂ ਫ਼ੈਸਲਾ ਲਿਖਿਆ, ਜਦੋਂਕਿ ਜਸਟਿਸ ਬਾਨੂਮਤੀ ਨੇ ਵੱਖਰਾ ਫ਼ੈਸਲਾ ਲਿਖਿਆ, ਹਾਲਾਂਕਿ ਉਨ੍ਹਾਂ ਵੀ ਹੇਠਲੀ ਅਦਾਲਤ ਵੱਲੋਂ ਸੁਣਾਈ ਸਜ਼ਾ ਨੂੰ ਬਹਾਲ ਰੱਖਣ ਦੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਉਤੇ ਸਹਿਮਤੀ ਦੀ ਮੋਹਰ ਲਾਈ। ਹੁਣ ਚਾਰੇ ਦੋਸ਼ੀ ਮੁਕੇਸ਼ (29), ਪਵਨ (22), ਵਿਨੇ ਸ਼ਰਮਾ (23)



ਤੇ ਅਕਸ਼ੇ ਕੁਮਾਰ ਸਿੰਘ (31) ਸੁਪਰੀਮ ਕੋਰਟ ਵਿੱਚ ਹੀ ਅਪੀਲ ਕਰ ਸਕਣਗੇ ਤੇ ਉਸ ਤੋਂ ਬਾਅਦ ਰਾਸ਼ਟਰਪਤੀ ਅੱਗੇ ਰਹਿਮ ਦੀ ਅਪੀਲ ਦਾਇਰ ਕਰ ਸਕਣਗੇ। ਮਾਮਲੇ ਦੇ ਪੰਜਵੇਂ ਦੋਸ਼ੀ ਨੇ ਇਥੋਂ ਦੀ ਤਿਹਾੜ ਜੇਲ੍ਹ ਵਿੱਚ ਮਾਰਚ 2013 ਵਿੱਚ ਕਥਿਤ ਖ਼ੁਦਕੁਸ਼ੀ ਕਰ ਲਈ ਸੀ, ਜਦੋਂਕਿ ਛੇਵੇਂ ਦੋਸ਼ੀ ਨੂੰ ਘਟਨਾ ਸਮੇਂ ਨਾਬਾਲ਼ਗ ਹੋਣ ਕਾਰਨ ਸੁਧਾਰ ਘਰ ਵਿੱਚ ਤਿੰਨ ਸਾਲ ਬੰਦ ਰੱਖਣ ਦੀ ਸਜ਼ਾ ਸੁਣਾਈ ਗਈ ਸੀ, ਜੋ ਸਜ਼ਾ ਭੁਗਤ ਕੇ 2015 ਵਿੱਚ ਰਿਹਾਅ ਹੋ ਗਿਆ ਸੀ। ਇਨ੍ਹਾਂ ਨੇ ਚੱਲਦੀ ਬੱਸ ਵਿੱਚ ਪੀੜਤਾ ਤੇ ਉਸ ਦੇ ਮਰਦ ਦੋਸਤ ਨੌਜਵਾਨ ਦੀ ਭਾਰੀ ਕੁੱਟ-ਮਾਰ ਕਰਨ ਪਿੱਛੋਂ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਤੇ ਫਿਰ ਦੋਹਾਂ ਨੂੰ ਹਵਾਈ ਅੱਡੇ ਨੇੜੇ ਸੜਕ ਉਤੇ ਸੁੱਟ ਦਿੱਤਾ ਸੀ। ਲੜਕੀ ਦੀ 29 ਦਸੰਬਰ ਨੂੰ ਮੌਤ ਹੋ ਗਈ ਸੀ।

ਆਪਣੇ 500 ਸਫ਼ਿਆਂ ਦੇ ਸਖ਼ਤ ਫ਼ੈਸਲੇ ਵਿੱਚ ਅਦਾਲਤ ਨੇ ਕਿਹਾ ਕਿ ਦੋਸ਼ੀਆਂ ਨੇ ਪੀੜਤਾ ਨੂੰ ਮਹਿਜ਼ ਮਨਪ੍ਰਚਾਵੇ ਦੀ ਚੀਜ਼ ਸਮਝਿਆ। ਅਦਾਲਤ ਨੇ ਕਿਹਾ ਕਿ ਜੁਰਮ ਇੰਨਾ ਵੱਡਾ ਹੈ ਕਿ ਉਹ ਦੋਸ਼ੀਆਂ ’ਤੇ ਗ਼ਰੀਬ ਪਰਿਵਾਰਕ ਪਿਛੋਕੜ, ਜਵਾਨੀ ਦੀ ਉਮਰ, ਜੇਲ੍ਹ ਵਿੱਚ ਚੰਗੇ ਵਿਹਾਰ ਦੇ ਆਧਾਰ ਉਤੇ ਤਰਸ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਨਾਲ ਹੀ ਕਿਹਾ ਕਿ ਜੁਰਮ ਦਾ ਢੰਗ-ਤਰੀਕਾ ਅਜਿਹਾ ਹੈ ਕਿ ਇਹ ‘ਵਿਰਲਿਆਂ ਵਿਚੋਂ ਵਿਰਲੇ’ ਵਰਗ ਵਿੱਚ ਆਉਂਦਾ ਹੈ।

**ਫਾਂਸੀ ’ਤੇ ਲਟਕਾਏ ਜਾਣ ਤਕ ਚੈਨ ਨਹੀਂ ਆਏਗਾ :**
ਲੜਕੀ ਦੇ ਮਾਪਿਆਂ ਬਦਰੀ ਨਾਥ ਸਿੰਘ ਤੇ ਆਸ਼ਾ ਦੇਵੀ ਨੇ ਫ਼ੈਸਲੇ ਉਤੇ ਤਸੱਲੀ ਜ਼ਾਹਰ ਕਰਦਿਆਂ ਕਿਹਾ ਕਿ ਹੁਣ ਉਨ੍ਹਾਂ ਤੇ ਉਨ੍ਹਾਂ ਦੀ ਧੀ ਦੀ ਆਤਮਾ ਨੂੰ ਚੈਨ ਮਿਲੇਗਾ। ਆਸ਼ਾ ਦੇਵੀ ਨੇ ਕਿਹਾ, “ਹੁਣ ਮੈਂ ਧੀ ਸਾਹਮਣੇ ਜਾ ਸਕਦੀ ਹਾਂ। ਉਸ ਨੂੰ ਕਹਾਂਗੀ ਕਿ ਤੈਨੂੰ ਨਿਆਂ ਦਿਵਾ ਦਿੱਤਾ ਹੈ। ਪਰ ਇੰਤਜ਼ਾਰ ਤਾਂ ਚਾਰਾਂ ਨੂੰ ਫਾਂਸੀ ’ਤੇ ਚੜ੍ਹਾਏ ਜਾਣ ਦਾ ਹੈ। ਚੈਨ ਤਾਂ ਮੈਂ ਤਾਂ ਹੀ ਲਵਾਂਗੀ। ਧੀ ਜ਼ਿੰਦਾ ਹੁੰਦੀ ਤਾਂ 10 ਮਈ ਨੂੰ 28 ਸਾਲ ਦੀ ਹੁੰਦੀ।” ਪੀੜਤਾ ਦੀ ਮਾਤਾ ਆਸ਼ਾ ਦੇਵੀ ਨੇ ਕਿਹਾ ਕਿ ਬੀਤੇ ਪੰਜ ਸਾਲਾਂ ਦੌਰਾਨ ਅਜਿਹਾ ‘ਕੋਈ ਪਲ ਨਹੀਂ’ ਹੋਵੇਗਾ ਜਦੋਂ ਉਨ੍ਹਾਂ ਨੇ ਆਪਣੀ ਧੀ ਨੂੰ ਚੇਤੇ ਨਾ ਕੀਤਾ ਹੋਵੇ। ਉਨ੍ਹਾਂ ਕਿਹਾ, “ਜਦੋਂ ਮੈਂ ਲੜਾਈ ਲੜਦੀ ਕਮਜ਼ੋਰ ਪੈਂਦੀ ਤਾਂ ਮੇਰੀ ਧੀ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਆ ਜਾਂਦਾ ਤੇ ਮੇਰੇ ਵਿੱਚ ਜੋਸ਼ ਭਰ ਜਾਂਦਾ।” ਨਿਰਭਯਾ ਦੇ ਪਿਤਾ ਬਦਰੀ ਨਾਥ ਸਿੰਘ ਨੇ ਆਖਿਆ ਕਿ ਹੁਣ ਉਨ੍ਹਾਂ ਨੂੰ ਚੈਨ ਦੀ ਨੀਂਦ ਆਵੇਗੀ। ਉਨ੍ਹਾਂ ਕਿਹਾ, “ਆਖ਼ਰ ਮੈਂ ਹੁਣ ਚੈਨ ਨਾਲ ਸੌਂ ਸਕਾਂਗਾ।” ਉਨ੍ਹਾਂ ਦੀ ਧੀ ਦੀ ਆਤਮਾ ਨੂੰ ਵੀ ਹੁਣ ਸ਼ਾਂਤੀ ਮਿਲੇਗੀ। ਉਨ੍ਹਾਂ ਨਾਲ ਹੀ ਅਦਾਲਤਾਂ ਵਿੱਚ ਲਮਕਦੇ ਬਲਾਤਕਾਰ ਦੇ ਹੋਰ ਕੇਸਾਂ ਤੇ ਉਨ੍ਹਾਂ ਦੀਆਂ ਪੀੜਤਾਂ ਲਈ ਅਫ਼ਸੋਸ ਜ਼ਾਹਰ ਕੀਤਾ ਤੇ ਪੁੱਛਿਆ, “ਹੋਰ ਪੀੜਤਾਂ ਨੂੰ ਇਨਸਾਫ਼ ਕਦੋਂ ਮਿਲੇਗਾ।” ਉਨ੍ਹਾਂ ਨੇ ਹੋਰ ਬਲਾਤਕਾਰ ਪੀੜਤਾਂ ਦੀ ਮੱਦਦ ਲਈ ‘ਨਿਰਭਯਾ ਜਯੋਤੀ ਟਰਸਟ’ ਕਾਇਮ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਧੀ ਨੂੰ ਉਸ ਦੇ ਨਾਂ ‘ਜਯੋਤੀ ਪਾਂਡੇ’ ਤੋਂ ਜਾਣਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, “ਜਿਨ੍ਹਾਂ ਨੇ ਇਹ ਜੁਰਮ ਕੀਤਾ ਹੈ, ਉਨ੍ਹਾਂ ਦੇ ਸਿਰ ਸ਼ਰਮ ਨਾਲ ਝੁਕਣੇ ਚਾਹੀਦੇ ਹਨ, ਸਾਡੇ ਨਹੀਂ।”

ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਇਸ ਨੂੰ ਕਾਨੂੰਨ ਦੀ ਹਕੂਮਤ ਦੀ ਜਿੱਤ ਕਰਾਰ ਦਿੱਤਾ। ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਨੇ ਵੀ ਕਿਹਾ ਕਿ ਇਸ ਫ਼ੈਸਲੇ ਨਾਲ ਬਲਾਤਕਾਰ ਵਰਗੇ ਜੁਰਮਾਂ ਨੂੰ ਠੱਲ੍ਹ ਪਵੇਗੀ।

## ਸਮੇਂ ਸਿਰ ਜਵਾਬ ਨਾ ਦੇਣ ’ਤੇ ਅਦਾਲਤ ਨੇ ਗੁਰਦੁਆਰਾ ਚੋਣ ਡਾਇਰੈਕਟੋਰੇਟ ਨੂੰ ਪਾਈ ਝਾੜ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਗ਼ੈਰ ਰਜਿਸਟਰਡ ਦਲਾਂ ਤੇ ਜਥੇਬੰਦੀਆਂ ਨੂੰ ਚੋਣ ਨਿਸ਼ਾਨ ਜਾਰੀ ਕਰਨ ਦੇ ਮਾਮਲੇ ਵਿੱਚ ਸਮੇਂ ਸਿਰ ਜਵਾਬ ਨਾ ਦੇਣ ਉਤੇ ਤੀਸ ਹਜ਼ਾਰੀ ਅਦਾਲਤ ਨੇ ਗੁਰਦੁਆਰਾ ਚੋਣ ਡਾਇਰੈਕਟੋਰੇਟ ਨੂੰ ਝਾੜ ਪਾਈ। ਇਸ ਕੇਸ ਦੀ ਅਗਲੀ ਸੁਣਵਾਈ 29 ਜੁਲਾਈ ਨੂੰ ਹੋਵੇਗੀ।

ਪੰਥਕ ਸੇਵਾ ਦਲ ਦੇ ਜਨਰਲ ਸਕੱਤਰ ਕਰਤਾਰ ਸਿੰਘ ਕੋਛੜ ਨੇ ਦੱਸਿਆ ਕਿ ਦਲ ਵੱਲੋਂ ਪਾਈ ਇਸ ਪਟੀਸ਼ਨ ਬਾਰੇ ਜੱਜ ਡਾ. ਕਾਮਿਨੀ ਦੀ ਅਦਾਲਤ ਵਿੱਚ ਗੁਰਦੁਆਰਾ ਚੋਣ ਡਾਇਰੈਕਟੋਰੇਟ ਅਦਾਲਤ ਦੇ ਆਦੇਸ਼ ਅਨੁਸਾਰ ਨਿਰਧਾਰਤ ਸਮੇਂ ਵਿੱਚ ਜਵਾਬ ਦਾਖ਼ਲ ਕਰਨ ਵਿੱਚ ਅਸਫਲ ਰਿਹਾ ਹੈ, ਜਿਸ ਕਰ ਕੇ ਡਾਇਰੈਕਟੋਰੇਟ ਦੇ ਜਵਾਬ ਨੂੰ ਰਿਕਾਰਡ ਵਿੱਚ ਨਹੀਂ ਲਿਆ ਜਾ ਸਕਿਆ। ਇਸ ਤੋਂ ਪਹਿਲਾਂ ਗੁਰਦੁਆਰਾ ਚੋਣ ਡਾਇਰੈਕਟੋਰੇਟ ਦੇ ਵਕੀਲ ਨਿਰਧਾਰਤ ਸਮੇਂ ’ਤੇ ਜਵਾਬ ਦਾਖ਼ਲ ਨਾ ਕਰ ਪਾਉਣ ਦਾ ਕੋਈ ਸਹੀ ਕਾਰਨ ਨਹੀਂ ਦੱਸ ਸਕੇ।

ਸ੍ਰੀ ਕੋਛੜ ਨੇ ਦੱਸਿਆ ਕਿ ਜੱਜ ਨੇ ਕਿਹਾ ਹੈ ਕਿ ਚੋਣ ਪਟੀਸ਼ਨ ਵਿੱਚ ਜਵਾਬ ਦਾਖ਼ਲ ਕਰਨ ਲਈ ਵਾਧੂ ਸਮਾਂ ਨਹੀਂ ਮਿਲਦਾ। ਇਸ ਦੌਰਾਨ ਭਾਈ ਮਤੀ ਦਾਸ ਸੇਵਾ ਸੁਸਾਇਟੀ ਨੇ ਇਸ ਮਾਮਲੇ ਵਿੱਚ ਧਿਰ ਬਣਨ ਲਈ ਅਦਾਲਤ ਵਿੱਚ ਅਰਜ਼ੀ ਦਾਖ਼ਲ ਕੀਤੀ, ਜਿਸ ’ਤੇ ਸੁਣਵਾਈ ਹੋਈ ਅਤੇ ਬਹਿਸ ਤੋਂ ਬਾਅਦ 29 ਜੁਲਾਈ ਦੀ ਤਰੀਕ ਦਿੱਤੀ ਗਈ।

# ਦਹਿਸ਼ਤਗਰਦ ਦੇ ਜਨਾਜੇ ’ਚ ਪਹੁੰਚੇ 12 ਅਵਿਤਾਦੀ, ਸਲਾਮੀ ਦੇਣ ਲਈ ਸ਼ਰੇਆਮ ਚਲਾਈਆਂ ਗੋਲੀਆਂ

**ਸ੍ਰੀਨਗਰ/ਬਿਊਰੋ ਨਿਊਜ਼ :**ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿੱਚ 12 ਅਤਿਵਾਦੀਆਂ ਦਾ ਇਕ ਗਰੁੱਪ ਆਪਣੇ ਮ੍ਰਿਤਕ ਸਾਥੀ ਦੀਆਂ ਅੰਤਮ ਰਸਮਾਂ ਮੌਕੇ ਹਾਜ਼ਰ ਹੋਇਆ ਅਤੇ ਬੰਦੂਕਾਂ ਦੀ ਸਲਾਮੀ ਵਾਂਗ ਗੋਲੀਆਂ ਚਲਾਈਆਂ। ਉਨ੍ਹਾਂ ਨੇ ਏ.ਕੇ.-47 ਰਾਈਫ਼ਲਜ਼ ਨਾਲ ਹਵਾਈ ਫਾਇਰ ਕੀਤੇ ਅਤੇ ਭਾਰਤ ਵਿਰੋਧੀ ਨਾਅਰੇਬਾਜ਼ੀ ਕਰਦੇ ਰਹੇ। ਜਦੋਂ ਤਕ ਫੋਰਸ ਪੁੱਜੀ, ਸਾਰੇ ਉਥੋਂ ਆਰਾਮ ਨਾਲ ਚਲੇ ਗਏ।

ਇਹ ਘਟਨਾ ਕੁਲਗਾਮ ਦੇ ਕਾਈਮੋਹ ਇਲਾਕੇ ਦੇ ਵਾਸੀ ਫਯਾਜ਼ ਅਹਿਮਦ ਉਰਫ਼ ਸੇਠਾ ਦੀਆਂ ਅੰਤਮ ਰਸਮਾਂ ਮੌਕੇ ਵਾਪਰੀ। ਮੀਰ ਬਾਜ਼ਾਰ ਇਲਾਕੇ ਵਿੱਚ ਸੜਕ ਹਾਦਸੇ ਦੀ ਜਾਂਚ ਲਈ ਗਈ ਪੁਲੀਸ ਪਾਰਟੀ ਉਤੇ ਅਤਿਵਾਦੀਆਂ ਵੱਲੋਂ ਗੋਲੀਬਾਰੀ ਕੀਤੀ ਗਈ, ਜਿਸ ਮਗਰੋਂ ਸੁਰੱਖਿਆ ਦਸਤਿਆਂ



ਦੀ ਜਵਾਬੀ ਕਾਰਵਾਈ ਵਿੱਚ ਫਯਾਜ਼ ਮਾਰਿਆ ਗਿਆ। ਊਧਮਪੁਰ ਅਤਿਵਾਦੀ ਹਮਲੇ ਵਿੱਚ ਨਾਂ ਆਉਣ ਮਗਰੋਂ ਅਹਿਮਦ ਅਗਸਤ 2015 ਤੋਂ ਫਰਾਰ ਸੀ।

**34 ਟੀਵੀ ਚੈਨਲਾਂ ਦਾ ਪ੍ਰਸਾਰਨ ਰੋਕਣ ਦੇ ਹੁਕਮ :**
ਜੰਮੂ-ਕਸ਼ਮੀਰ ਸਰਕਾਰ ਨੇ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ 34 ਟੀਵੀ ਚੈਨਲਾਂ ਦੀ ਟਰਾਂਸਮਿਸ਼ਨ ਖ਼ਿਲਾਫ਼ ਕਦਮ ਚੁੱਕਣ ਲਈ ਕਿਹਾ ਹੈ। ਇਨ੍ਹਾਂ ਵਿੱਚ ਪਾਕਿਸਤਾਨ ਤੇ ਸਾਊਦੀ ਅਰਬ ਦੇ ਚੈਨਲ ਸ਼ਾਮਲ ਹਨ। ਸਰਕਾਰ ਦਾ ਕਹਿਣਾ ਹੈ ਕਿ ਇਹ ਚੈਨਲ ਹਿੰਸਾ ਭੜਕਾਉਣ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਲਈ ਖ਼ਤਰਾ ਖੜ੍ਹਾ ਕਰਨ ਦੇ ਸਮਰੱਥ ਹਨ। ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਪਾਕਿਸਤਾਨੀ ਤੇ ਸਾਊਦੀ ਅਰਬ ਦੇ ਅਣਅਧਿਕਾਰਤ ਚੈਨਲਾਂ ਦਾ ਪ੍ਰਸਾਰਨ ਰੋਕਣ ਲਈ ਫੌਰੀ ਢੁਕਵੇਂ ਕਦਮ ਚੁੱਕਣ ਦੀ ਹਦਾਇਤ ਕਰਨ ਮਗਰੋਂ ਡਿਪਟੀ ਕਮਿਸ਼ਨਰਾਂ ਨੂੰ ਇਹ ਹੁਕਮ ਚਾੜ੍ਹੇ ਗਏ। ਰਿਪੋਰਟਾਂ ਹਨ ਕਿ ਵਾਦੀ ਵਿੱਚ ਕੇਬਲ ਅਪਰੇਟਰ ਕੁਝ ਅਜਿਹੇ ਟੀਵੀ ਚੈਨਲ ਚਲਾ ਰਹੇ ਹਨ, ਜਿਨ੍ਹਾਂ ਦੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਪ੍ਰਵਾਨਗੀ ਨਹੀਂ ਦਿੱਤੀ। ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਆਰ.ਕੇ. ਗੋਇਲ ਨੇ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਜਾਰੀ ਕੀਤਾ ਕਿ ਪ੍ਰਵਾਨਗੀ ਤੋਂ ਬਗ਼ੈਰ ਟੀਵੀ ਚੈਨਲਾਂ ਦੀ ਟਰਾਂਸਮਿਸ਼ਨ ਕਰਨਾ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹੈ, ਸਗੋਂ ਇਹ ਚੈਨਲ ਵਾਦੀ ਵਿੱਚ ਕਾਨੂੰਨ ਵਿਵਸਥਾ ਦੀ ਸਮੱਸਿਆ ਖੜ੍ਹੀ ਕਰ ਸਕਦੇ ਹਨ। ਇਨ੍ਹਾਂ ਟੀਵੀ ਚੈਨਲਾਂ ਦਾ ਪ੍ਰਸਾਰਨ ‘ਕੇਬਲ ਟੀਵੀ ਨੈੱਟਵਰਕਸ ਰੈਗੂਲੇਸ਼ਨ ਨਿਯਮਾਂ’ ਦੀ ਉਲੰਘਣਾ ਹੈ।

## ਖਾਲਸਾ ਸਪੋਰਟਸ ਕਲੱਬ ਨੇ ਹਾਂਗਕਾਂਗ ਹਾਕੀ ਐਸੋਸੀਏਸ਼ਨ ਯੂਥ ਕੱਪ ’ਤੇ ਕੀਤਾ ਕਬਜ਼ਾ

**ਹਾਂਗਕਾਂਗ/ਬਿਊਰੋ ਨਿਊਜ਼ :**
ਹਾਂਗਕਾਂਗ ਹਾਕੀ ਐਸੋਸੀਏਸ਼ਨ ਵੱਲੋਂ ਯੂਥ ਕੱਪ ਲਈ ਕਿੰਗਜ਼ ਪਾਰਕ ਵਿਖੇ ਕਰਵਾਏ ਗਏ ਅਧੀਨ 16 ਸਾਲ ਵਰਗ ਦੇ ਮੁਕਾਬਲੇ ਵਿਚ ਖਾਲਸਾ ਸਪੋਰਟਸ ਕਲੱਬ ਵੱਲੋਂ ਐਨਟਲਰਸ ਟੀਮ ਨੂੰ 3/0 ਨਾਲ ਮਾਤ ਦੇ ਕੇ ਚੈਂਪੀਅਨਸ਼ਿਪ ਹਾਸਲ ਕੀਤੀ। ਫਾਈਨਲ ਦੇ ਖੇਡੇ ਗਏ ਇਸ ਬੇਹੱਦ ਫਸਵੇਂ ਅਤੇ ਦਿਲਚਸਪ ਮੁਕਾਬਲੇ ਵਿਚ ਖਾਲਸਾ ਸਪੋਰਟਸ ਕਲੱਬ ਵੱਲੋਂ ਜ਼ਬਰਦਸਤ ਖੇਡ ਦਾ ਪ੍ਰਦਰਸ਼ਨ ਕਰਦਿਆਂ ਰਾਸ਼ਟਰੀ ਪੱਧਰ ਦੀਆਂ ਕਰੀਬ 7 ਟੀਮਾਂ ਐਨਟਲਰਸ, ਗੋਜਰਾ ਐਚ.ਕੇ.ਐਫ.ਸੀ., ਸ਼ਹੀਨ, ਕੇ.ਸੀ.ਸੀ. ਅਤੇ ਰਾਈਨੋ ਨੂੰ ਪਛਾੜਦਿਆਂ ਯੂਥ ਕੱਪ ’ਤੇ ਕਬਜ਼ਾ ਕੀਤਾ ਗਿਆ।

# ਗਗਨੇਜਾ ਸਮੇਤ 5 ਵੱਡੀਆਂ ਵਾਰਦਾਤਾਂ ਦੇ ਤਾਰ ਯੂਰਪ ਨਾਲ ਜੁੜੇ

## *ਪੁਲੀਸ ਮੁਤਾਬਕ ਖ਼ਾਲਿਸਤਾਨੀ ਪਿਛੋਕੜ ਵਾਲਿਆਂ ਨੇ ਪੰਜਾਬ ਵਿਚਲੇ ਆਪਣੇ ਬੰਦਿਆਂ ਰਾਹੀਂ ਘਟਨਾਵਾਂ ਨੂੰ ਅੰਜਾਮ ਦਿੱਤਾ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਪੁਲੀਸ ਨੂੰ ਆਰਐਸਐਸ ਆਗੂ ਬ੍ਰਿਗੇਡੀਅਰ (ਸੇਵਾਮੁਕਤ) ਜਗਦੀਸ਼ ਗਗਨੇਜਾ ਸਮੇਤ ਕਤਲ ਦੀਆਂ 5 ਵਾਰਦਾਤਾਂ ਦੇ ਤਾਰ ਯੂਰੋਪੀ ਮੁਲਕਾਂ ਨਾਲ ਜੁੜੇ ਹੋਣ ਦੇ ਠੋਸ ਤੱਥ ਮਿਲੇ ਹਨ। ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਮੁੱਢਲੀ ਜਾਂਚ ਮੁਤਾਬਕ ਯੂਰੋਪ ਵਿੱਚ ਬੈਠੇ ਖਾਲਿਸਤਾਨੀ ਪਿਛੋਕੜ ਵਾਲੇ ਵਿਅਕਤੀਆਂ ਵੱਲੋਂ ਸੋਸ਼ਲ ਮੀਡੀਆ ਦਾ ਸਹਾਰਾ ਲੈਂਦਿਆਂ ਪੰਜਾਬ ਵਿਚਲੇ ਆਪਣੇ ‘ਬੰਦਿਆਂ’ ਰਾਹੀਂ ‘ਵੱਟਸਐਪ’ ਸੰਦੇਸ਼ ਅਤੇ ‘ਵੱਟਸਐਪ ਕਾਲ’ ਰਾਹੀਂ ਸੰਪਰਕ ਬਣਾ ਕੇ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਪੰਜਾਬ ਪੁਲੀਸ ਨਾਲ ਸਬੰਧਤ ਇੰਟੈਲੀਜੈਂਸ ਵਿੰਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਦਿਆਂ ਦੱਸਿਆ ਕਿ ਸ੍ਰੀ ਗਗਨੇਜਾ ਦੇ ਕਤਲ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕੇਂਦਰ ਸਰਕਾਰ ਦੀਆਂ ਹਦਾਇਤਾਂ ’ਤੇ ਪੁਲੀਸ ਨੇ ਕੇਂਦਰੀ ਜਾਂਚ ਏਜੰਸੀ (ਸੀਬੀਆਈ) ਦੀ ਮਦਦ ਨਾਲ ਤਕਰੀਬਨ 1 ਕਰੋੜ ਮੋਬਾਈਲ ਫੋਨ ਕਾਲ ਨੂੰ ਘੋਖਿਆ ਪਰ ਉਹ ਅਸਲ ਅਪਰਾਧੀਆਂ ਨੂੰ ਹੱਥ ਪਾਉਣ ਵਿਚ ਨਾਕਾਮ ਰਹੇ। ਜਗਦੀਸ਼ ਗਗਨੇਜਾ, ਦੁਰਗਾ ਦਾਸ ਗੁਪਤਾ, ਅਮਿਤ ਸ਼ਰਮਾ, ਜਗੇੜਾ ਪੁਲ ਦੇ ਨਜ਼ਦੀਕ ਡੇਰਾ ਸਿਰਸਾ ਨਾਲ ਸਬੰਧਤ ਸ਼ਾਖਾ ’ਤੇ ਹਮਲਾ ਕਰ ਕੇ ਪਿਤਾ-ਪੁੱਤਰ ਦੇ ਕਤਲਾਂ ਅਤੇ ਲੁਧਿਆਣਾ ਸ਼ਹਿਰ ਵਿਚ ਆਰਐਸਐਸ ਸ਼ਾਖਾ ’ਤੇ ਹਮਲੇ ਵਿੱਚ ਇਕੋ ਗਿਰੋਹ ਦਾ ਹੱਥ ਮੰਨਿਆ ਜਾ ਰਿਹਾ ਹੈ। ਗਗਨੇਜਾ ਮਾਮਲੇ ਦੀ ਜਾਂਚ ਭਾਵੇਂ ਸੀਬੀਆਈ ਕਰ ਰਹੀ ਹੈ ਪਰ ਬਾਕੀਆਂ ਦੀ ਜਾਂਚ ਲੁਧਿਆਣਾ ਅਤੇ ਖੰਨਾ ਪੁਲੀਸ ’ਤੇ ਆਧਾਰਤ ਵਿਸ਼ੇਸ਼ ਜਾਂਚ ਟੀਮਾਂ ਵੱਲੋਂ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਅਪਰਾਧੀਆਂ ਵੱਲੋਂ ਉਕਤ ਸਾਰੇ ਅਪਰਾਧਾਂ ਦੀ ਰਣਨੀਤੀ



ਘੜਨ ਸਮੇਂ ‘ਵੱਟਸਐਪ’ ਸੰਦੇਸ਼ ਅਤੇ ਸੋਸ਼ਲ ਮੀਡੀਆ ਦੀ ਇਸੇ ਪ੍ਰਣਾਲੀ ਰਾਹੀਂ ਫੋਨ ਕਾਲਾਂ ਦਾ ਸਹਾਰਾ ਲਿਆ ਜਾਂਦਾ ਹੈ। ਸੁਰੱਖਿਆ ਅਤੇ ਜਾਂਚ ਏਜੰਸੀਆਂ ਇਨ੍ਹਾਂ ਦਾ ਕੋਈ ਭੇਤ ਨਹੀਂ ਖੋਲ੍ਹ ਸਕਦੀਆਂ ਕਿਉਂਕਿ ਇਸ ਵਿਧੀ ਰਾਹੀਂ ਕੀਤੀ ਕਾਲ ਰਿਕਾਰਡ ਨਹੀਂ ਕੀਤੀ ਜਾ ਸਕਦੀ ਅਤੇ ਫੋਨ ਕਾਲ ਡਿਟੇਲ ਨਾਲ ਕੋਈ ਸਬੂਤ ਵੀ ਨਹੀਂ ਮਿਲਦਾ। ਮੁੱਢਲੀ ਤਫ਼ਤੀਸ਼ ਰਾਹੀਂ ਖ਼ੁਫੀਆ ਵਿੰਗ ਦੇ ਅਧਿਕਾਰੀਆਂ ਦੇ ਹੱਥ ਜੋ ਜਾਣਕਾਰੀ ਲੱਗੀ ਹੈ, ਉਸ ਮੁਤਾਬਕ ਯੂਰਪ ਵਿਚ ਬੈਠੇ

ਬਾਕੀ ਸਫ਼ਾ 32 ’ਤੇ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਝੀਂਡਾ ਬਣੇ ਰਹਿਣਗੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ

## ਭਾਈ ਦਾਦੂਵਾਲ ਨੇ ਝੀਂਡਾ ਤੇ ਨਲਵੀ ਵਿਚਾਲੇ ਕਰਵਾਈ ਸੁਲ੍ਹਾ

**ਗੂਹਲਾ ਚੀਕਾ/ਬਿਊਰੋ ਨਿਊਜ਼ :**
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਚੱਲ ਰਿਹਾ ਟਕਰਾਅ ਹਾਲ ਦੀ ਘੜੀ ਟਲ ਗਿਆ ਹੈ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਦਖ਼ਲ ਦੇ ਕੇ ਜਗਦੀਸ਼ ਸਿੰਘ ਝੀਂਡਾ ਤੇ ਦੀਦਾਰ ਸਿੰਘ ਨਲਵੀ ਵਿਚਾਲੇ ਸਮਝੌਤਾ ਕਰਵਾ ਦਿੱਤਾ। ਝੀਂਡਾ ਹੀ ਕਮੇਟੀ ਦੇ ਪ੍ਰਧਾਨ ਰਹਿਣਗੇ। ਜਦਕਿ ਝੀਂਡਾ ਨੂੰ ਹਟਾ ਕੇ ਖ਼ੁਦ ਨੂੰ ਕਾਰਜਕਾਰੀ ਪ੍ਰਧਾਨ ਐਲਾਨਣ ਵਾਲੇ ਨਲਵੀ ਫੇਰ ਤੋਂ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਸੰਭਾਲਣਗੇ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ 6ਵੀਂ ਅਤੇ 9ਵੀਂ ਪਾਤਸ਼ਾਹੀ ਚੀਕਾ ਵਿਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੈਠਕ ਹੋਈ। ਬੈਠਕ ਵਿਚ ਪ੍ਰਧਾਨ ਸ. ਜਗਦੀਸ਼ ਸਿੰਘ ਝੀਂਡਾ, ਭਾਈ ਬਲਜੀਤ ਸਿੰਘ ਦਾਦੂਵਾਲ, ਜਥੇਦਾਰ ਦਮਦਮਾ ਸਾਹਿਬ, ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਸਮੇਤ 38 ਮੈਂਬਰਾਂ ਵਿਚੋਂ 32 ਮੈਂਬਰਾਂ ਨੇ ਹਿੱਸਾ ਲਿਆ। ਇਸ ਮੌਕੇ 'ਤੇ ਜਥੇਦਾਰ ਦਾਦੂਵਾਲ ਨੇ ਦੋਵਾਂ ਗਰੁੱਪਾਂ ਦੀ ਗੱਲ ਸੁਣੀ। ਬੈਠਕ ਤਕਰੀਬਨ 5 ਘੰਟੇ ਚੱਲੀ। ਗੁਰਦੁਆਰਾ ਸਾਹਿਬ ਦੇ ਹੇਠਾਂ ਦਫ਼ਤਰ ਵਿਚ ਗੁਪਤ ਬੈਠਕ ਚਲ ਰਹੀ ਸੀ। ਬਾਹਰ ਦੋਵੇਂ ਗਰੁੱਪਾਂ ਦੇ ਸਮਰਥਨ ਧੁੱਪ ਦੀ ਪਰਵਾਹ ਨਾ ਕਰਦੇ ਹੋਏ ਘੁੰਮਦੇ ਰਹੇ। ਵੱਡੀ ਗਿਣਤੀ ਵਿਚ ਥਾਣਾ ਮੁਖੀ ਗੂਹਲਾ ਰਣਵੀਰ ਸਿੰਘ ਦੀ ਦੇਖਰੇਖ ਵਿਚ ਪੁਲੀਸ ਬਲ ਤੈਨਾਤ ਸਨ। ਇਸ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ) ਦੇ ਵਰਕਰ ਵੀ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ। ਇਸ ਮੌਕੇ 'ਤੇ ਜਥੇਦਾਰ ਦਾਦੂਵਾਲ ਨੇ ਦੋਵੇਂ ਗਰੁੱਪਾਂ ਗਿੱਲੇ ਸ਼ਿਕਵੇ ਦੂਰ ਕਰਵਾਉਂਦੇ ਹੋਏ ਦੋਵੇਂ ਗਰੁੱਪਾਂ ਨੂੰ ਇਕਜੁਟ ਹੋ ਕੇ ਕੰਮ ਕਰਨ ਲਈ ਕਿਹਾ। ਜਥੇਦਾਰ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜੈਕਟਿਵ ਬਾਡੀ ਵਿਚ 3 ਨਵੇਂ ਮੈਂਬਰ ਕਰਨੈਲ ਸਿੰਘ ਨਿਮਨਾਬਾਦ, ਬਲਦੇਵ ਸਿੰਘ ਬਲੀ ਅਤੇ ਜਸਵੀਰ ਸਿੰਘ ਭਾਟੀ ਨੂੰ ਸ਼ਾਮਲ ਕਰ ਲਿਆ ਅਤੇ ਪੁਰਾਣੀ ਕਮੇਟੀ ਨੂੰ ਹੀ ਫਿਰ ਤੋਂ ਚੁਣ ਦਿੱਤਾ ਅਤੇ ਕਿਹਾ ਕਿ ਅਜੇ ਅਦਾਲਤ ਵਿਚ ਕੇਸ ਚਲ ਰਿਹਾ ਅਤੇ ਪੁਰਾਣੀ ਕਮੇਟੀ ਹੀ ਕੰਮ ਕਰੇਗੀ। ਜਗਦੀਸ਼ ਸਿੰਘ ਝੀਂਡਾ ਹੀ ਪ੍ਰਧਾਨ ਰਹਿਣਗੇ। ਮੌਕੇ 'ਤੇ ਪੁੱਜੇ ਸ਼੍ਰੋਮਣੀ ਅਕਾਲੀ ਦਲ (ਮਾਨ) ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਖਜਾਨ ਸਿੰਘ ਨੇ ਕਿਹਾ ਕਿ ਜਦ ਤੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਆਣਾ ਗੂਹਲਾ ਚੀਕਾ ਦੇ ਇਤਿਹਾਸਕ ਗੁਰਦੁਆਰਾ ਸਾਹਿਬ 6ਵੀਂ ਅਤੇ 9ਵੀਂ ਦੀ ਜ਼ਿੰਮੇਵਾਰੀ ਸੰਭਾਲੀ ਹੈ, ਉਦੋਂ ਤੋਂ ਲੈ ਕੇ ਅੱਜ ਤੱਕ ਸੰਗਤ ਨੂੰ ਕੋਈ ਹਿਸਾਬ ਨਹੀਂ ਦਿੱਤਾ ਹੈ। ਉਹ ਮੰਗ ਕਰਦੇ ਹਨ ਕਿ ਪੈਸੇ ਦਾ ਸਾਰਾ ਹਿਸਾਬ ਸੰਗਤ ਨੂੰ ਦਿੱਤਾ ਜਾਵੇ। ਇਸ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਮਾਨ ਤੋਂ ਇਲਾਵਾ ਬਾਬਾ ਅਮਰਜੀਤ ਸਿੰਘ ਕਾਰ ਸੇਵਾ, ਭੂਪਿੰਦਰ ਸਿੰਘ, ਬਲਵਿੰਦਰ ਸਿੰਘ, ਜਗਤਾਰ ਸਿੰਘ, ਸਤਵੰਤ ਸਿੰਘ, ਕਰਨੈਲ ਸਿੰਘ, ਬਾਬਾ ਅਮਰੀਕ ਸਿੰਘ, ਗੌਰਵ ਸਿੰਘ, ਸੰਤੋਸ਼ ਸਿੰਘ ਰੂੜੀ, ਅਮਰਜੀਤ ਸਿੰਘ ਮੌਜੂਦ ਰਹੇ।




ਮੀਟਿੰਗ 'ਚ ਵਿਚਾਰ-ਵਟਾਂਦਰਾ ਕਰਦੇ ਹੋਏ ਆਗੂ ਅਤੇ (ਸੱਜੇ) ਖਜਾਨ ਸਿੰਘ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

# ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ 'ਤੇ ਇਟਲੀ 'ਚ ਹਮਲੇ ਦੀ ਕੋਸ਼ਿਸ਼

### *ਡਰਾਇਵਰ ਦੀ ਫੁਰਤੀ ਨਾਲ ਟਲੀ ਘਟਨਾ*

**ਵੀਨਸ (ਇਟਲੀ)/ਬਿਊਰੋ ਨਿਊਜ਼ :**
ਸਿੱਖ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਜਦੋਂ ਇਟਲੀ ਦੇ ਤਰਵੀਜੋ ਸ਼ਹਿਰ ਵਿਖੇ ਦੀਵਾਨ ਸਜਾਉਣ ਉਪਰੰਤ ਮਿਲਾਨ-ਵੀਨਸ ਨੈਸ਼ਨਲ ਹਾਈਵੇ (ਏ-4) 'ਤੇ ਪਾਦੋਵਾ ਨੇੜੇ ਪਰਤ ਰਹੇ ਸਨ ਤਾਂ ਕੁੱਝ ਵਿਅਕਤੀਆਂ ਨੇ ਉਨ੍ਹਾਂ ਦੀ ਗੱਡੀ ਦਾ ਪਿੱਛਾ ਕਰਦਿਆਂ ਗੱਡੀ ਨਾਲ ਸਾਈਡ ਮਾਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਭਾਈ ਪੰਥਪ੍ਰੀਤ ਸਿੰਘ 'ਤੇ ਪਥਰਾਅ ਵੀ ਕੀਤਾ ਪਰ ਗੱਡੀ ਦੇ ਚਾਲਕ ਨੇ ਕਾਫੀ ਮੁਸ਼ੱਕਤ ਉਪਰੰਤ ਗੱਡੀ ਨੂੰ ਘੇਰੇ ਵਿਚੋਂ ਬਾਹਰ ਕੱਢਿਆ। ਇਟਲੀ ਦੇ ਸਿੱਖਾਂ ਵਿਚ ਇਸ ਘਟਨਾ ਨੂੰ ਲੈ ਕੇ ਕਾਫੀ ਰੋਸ ਦਿਖਾਈ ਦੇ ਰਿਹਾ ਹੈ। ਇਸ ਤੋਂ ਪਹਿਲਾਂ ਤਰਵੀਜੋ ਵਿਖੇ ਸਜੇ ਦੀਵਾਨ ਵਾਲੇ ਹਾਲ ਤੋਂ ਬਾਹਰ ਇਟਲੀ ਦੀਆਂ ਕੁੱਝ ਪੰਥਕ ਜਥੇਬੰਦੀਆਂ ਵੱਲੋਂ ਪੰਥਪ੍ਰੀਤ ਸਿੰਘ ਦੇ ਦੀਵਾਨ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਵੀ ਕੀਤਾ ਗਿਆ, ਜਿਸ ਦੌਰਾਨ ਇਟਾਲੀਅਨ ਪੁਲੀਸ ਵੱਲੋਂ ਕਿਸੇ ਵੀ ਅਣਸੁਖਾਵੀਂ ਘਟਨਾ ਦੇ ਮੱਦੇਨਜ਼ਰ ਗੱਡੀਆਂ ਦੀ ਤਲਾਸ਼ੀ ਲਈ ਗਈ ਅਤੇ ਕੁੱਝ ਪ੍ਰਦਰਸ਼ਨਕਾਰੀ ਸਿੱਖਾਂ ਦੀਆਂ ਕਿਰਪਾਨਾਂ ਵੀ ਉਤਰਾਅ ਲਈਆਂ ਗਈਆਂ ਅਤੇ ਦੀਵਾਨ ਦੀ ਸਮਾਪਤੀ 'ਤੇ ਵਾਪਸ ਦੇ ਦਿੱਤੀਆਂ ਗਈਆਂ। ਦੱਸਣਯੋਗ ਹੈ ਕਿ ਭਾਈ ਪੰਥਪ੍ਰੀਤ ਸਿੰਘ ਨਾਰਵੇ ਵਿਚ ਪ੍ਰਚਾਰ ਕਰਨ ਉਪਰੰਤ ਇਟਲੀ ਪਹੁੰਚੇ ਹੋਏ ਹਨ ਅਤੇ ਉਨ੍ਹਾਂ ਵੱਲੋਂ ਦੱਖਣੀ ਇਟਲੀ ਦੇ ਰੋਮ ਲਵੀਨੀਓ ਵਿਖੇ ਸਥਿਤ ਗੁਰਦੁਆਰਿਆਂ ਵਿਚ ਪ੍ਰਚਾਰ ਉਪਰੰਤ ਉੱਤਰੀ ਇਟਲੀ ਦੇ ਤਰਵੀਜੋ ਵਿਖੇ ਦੀਵਾਨ ਸਜਾਇਆ ਗਿਆ ਸੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਇਟਲੀ ਦੀਆਂ ਕੁੱਝ ਪੰਥਕ ਜਥੇਬੰਦੀਆਂ ਦੇ ਆਗੂ ਬੀਤੇ ਸਾਲ ਤੋਂ ਹੀ ਭਾਈ ਪੰਥਪ੍ਰੀਤ ਸਿੰਘ ਦੀ ਤਿੱਖੀ ਵਿਰੋਧਤਾ ਕਰਦੇ ਆ ਰਹੇ ਹਨ। ਉਨ੍ਹਾਂ ਦੇ ਪ੍ਰਚਾਰ ਨੂੰ ਪੰਥ ਵਿਰੋਧੀ ਪ੍ਰਚਾਰ ਦੱਸ ਕੇ ਉਨ੍ਹਾਂ ਦੇ ਦੀਵਾਨਾਂ ਦਾ ਬਾਈਕਾਟ ਕਰ ਰਹੇ ਸਨ। ਦੂਜੇ ਪਾਸੇ ਇਹ ਵੀ ਪਤਾ ਲੱਗਾ ਹੈ ਕਿ ਇਟਾਲੀਅਨ ਪੁਲੀਸ ਵੱਲੋਂ ਇਸ ਸਾਰੇ ਘਟਨਾਕ੍ਰਮ ਵਿਚ ਸ਼ਾਮਲ ਕੁੱਝ ਸਿੱਖ ਵਿਅਕਤੀਆਂ ਦੇ ਕਾਗਜ਼ਾਤ ਲੈ ਕੇ ਉਨ੍ਹਾਂ ਖ਼ਿਲਾਫ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ ਜੋ ਕਿ ਇਟਲੀ ਵਿਚ ਸਿੱਖ ਧਰਮ ਦੇ ਰਜਿਸਟਰਡ ਹੋਣ ਵਿਚ ਵੱਡਾ ਰੇੜਕਾ ਖੜ੍ਹਾ ਕਰ ਸਕਦੀ ਹੈ।



# ਸਿੱਖ ਪ੍ਰਚਾਰਕਾਂ ਨੂੰ ਕੈਨੇਡਾ ਵੀਜ਼ਾ ਲਈ ਰਾਹਦਾਰੀਆਂ ਭੇਜਣ ਵਿਚ ਜਾਅਲਸਾਜ਼ੀ ਦਾ ਖ਼ੁਲਾਸਾ

**ਵੈਨਕੂਵਰ/ਬਿਊਰੋ ਨਿਊਜ਼ :** ਕੈਨੇਡਾ ਦੀਆਂ ਗੁਰਦੁਆਰਾ ਕਮੇਟੀਆਂ ਵੱਲੋਂ ਪੰਜਾਬ ਤੋਂ ਰਾਗੀ, ਕਥਾਵਾਚਕ ਤੇ ਸਿੱਖ ਪ੍ਰਚਾਰਕਾਂ ਨੂੰ ਵੀਜ਼ਾ ਦੇਣ ਲਈ ਭਾਰਤ ਵਿੱਚ ਕੈਨੇਡੀਅਨ ਵੀਜ਼ਾ ਅਫ਼ਸਰਾਂ ਨੂੰ ਰਾਹਦਾਰੀਆਂ ਭੇਜਣ ਵਿੱਚ ਜਾਅਲਸਾਜ਼ੀ ਦਾ ਖ਼ੁਲਾਸਾ ਹੋਇਆ ਹੈ। ਐਬਟਸਫੋਰਡ ਦੀ ਇੱਕ ਗੁਰਦੁਆਰਾ ਕਮੇਟੀ ਦੇ ਲੈਟਰ ਪੈਡ 'ਤੇ ਉਥੋਂ ਦੇ ਸਾਬਕਾ ਗ੍ਰੰਥੀ ਵੱਲੋਂ ਉਸ ਦੇ ਜਾਅਲੀ ਦਸਤਖ਼ਤ ਕਰਕੇ ਪੰਜਾਬ ਦੇ ਕਥਾਵਾਚਕ ਨੂੰ ਭੇਜੀ ਰਾਹਦਾਰੀ ਨੂੰ ਕਿਸੇ ਵੱਲੋਂ ਜਨਤਕ ਕੀਤੇ ਜਾਣ ਤੋਂ ਇਹ ਭੇਤ ਖੁੱਲ੍ਹਾ ਹੈ। ਸਾਬਕਾ ਗ੍ਰੰਥੀ ਰਜਿੰਦਰ ਸਿੰਘ ਮਾਨ ਨੇ ਇਸ ਜਾਅਲੀ ਪੱਤਰ ਦੀ ਕਾਪੀ ਸਮੇਤ ਕੈਨੇਡਾ ਬਾਰਡਰ ਏਜੰਸੀ ਤੇ ਇਮੀਗ੍ਰੇਸ਼ਨ ਵਿਭਾਗ ਨੂੰ ਸ਼ਿਕਾਇਤ ਕੀਤੀ ਹੈ। ਉਧਰ, ਕਥਾਵਾਚਕ ਬੇਅੰਤ ਸਿੰਘ ਦਾ ਕਹਿਣਾ ਹੈ ਕਿ ਉਸ ਨੂੰ ਰਾਹਦਾਰੀ ਦਿੱਲੀ ਵਾਸੀ ਵਿਕਰਮ ਸਿੰਘ ਬੇਦੀ ਰਾਹੀਂ ਮਿਲੀ ਸੀ ਪਰ ਉਸ ਨੂੰ ਵੀਜ਼ੇ ਤੋਂ ਨਾਂਹ ਹੋ ਚੁੱਕੀ ਹੈ।

ਐਬਟਸਫੋਰਡ ਦੇ ਗੁਰਦੁਆਰਾ ਕਲਗੀਧਰ ਦਰਬਾਰ ਦੇ ਲੈਟਰ ਪੈਡ 'ਤੇ 24 ਫਰਵਰੀ ਨੂੰ ਜਾਰੀ ਪੱਤਰ ਵਿੱਚ ਵੀਜ਼ਾ ਅਫ਼ਸਰ ਨੂੰ ਬੇਨਤੀ ਕੀਤੀ ਗਈ ਕਿ ਕਥਾਵਚਕ ਬੇਅੰਤ ਸਿੰਘ ਤੋਂ ਉਸ ਗੁਰਦੁਆਰੇ ਵਿੱਚ ਤਿੰਨ ਮਹੀਨੇ ਲਈ ਕਥਾ ਕਰਵਾਈ ਜਾਣੀ ਹੈ। ਪੱਤਰ 'ਤੇ ਗ੍ਰੰਥੀ ਵਜੋਂ ਰਜਿੰਦਰ ਸਿੰਘ ਮਾਨ ਦੇ ਦਸਤਖ਼ਤ ਹਨ, ਜੋ 2014 ਵਿੱਚ ਸੇਵਾਮੁਕਤ ਹੋ ਚੁੱਕਾ ਹੈ। ਸਾਬਕਾ ਗ੍ਰੰਥੀ ਨੇ ਕਿਹਾ ਕਿ ਉਸ ਦੇ ਦਸਤਖ਼ਤ ਜਾਅਲੀ ਹੋਣ ਕਰਕੇ ਪੁਲੀਸ ਨੂੰ ਸ਼ਿਕਾਇਤ ਕੀਤੀ ਹੈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਰਬਜੀਤ ਸਿੰਘ ਰਾਏ ਨੇ ਪੱਤਰ ਬਾਰੇ ਅਣਜਾਣਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਅਜਿਹੇ ਪੱਤਰ ਭੇਜੇ ਤਾਂ ਜਾਂਦੇ ਹਨ, ਪਰ ਉਨ੍ਹਾਂ 'ਤੇ ਪ੍ਰਧਾਨ ਜਾਂ ਸਕੱਤਰ ਦੇ ਦਸਤਖ਼ਤ ਹੀ ਹੁੰਦੇ ਹਨ। ਇਸ ਦੌਰਾਨ ਜਲੰਧਰ ਦੇ ਦੀਪ ਸਿੰਘ ਨਗਰ ਗੁਰਦੁਆਰੇ ਵਿੱਚ ਸੇਵਾ ਨਿਭਾਉਂਦੇ ਕਥਾਵਚਕ ਬੇਅੰਤ ਸਿੰਘ ਨੇ ਕਿਹਾ ਕਿ ਉਸ ਨੂੰ ਦੁੱਖ ਹੈ ਕਿ ਗਲਤ ਵਿਅਕਤੀ ਦੇ ਸਹਿਯੋਗ ਨਾਲ ਵੀਜ਼ਾ ਲੈਣ ਦੇ ਯਤਨ ਵਿੱਚ ਉਹ ਕੈਨੇਡਾ ਸਰਕਾਰ ਕੋਲ ਗਲਤ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ।

# ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਬਉੱਚ ਮੰਨਣ ਵਾਲਿਆਂ ਨੂੰ ਸਾਂਝੇ ਪਲੇਟਫਾਰਮ 'ਤੇ ਇਕੱਤਰ ਹੋਣ ਦੀ ਲੋੜ : ਵਰਲਡ ਸਿੱਖ ਫੈਡਰੇਸ਼ਨ

**ਲੋਡਾਈ/ਬਿਊਰੋ ਨਿਊਜ਼ :** ਵਰਲਡ ਸਿੱਖ ਫੈਡਰੇਸ਼ਨ ਵਲੋਂ ਗੁਰਦੁਆਰਾ ਸਾਹਿਬ ਲੋਡਾਈ ਵਿਖੇ ਇਕਤੱਰਤਾ ਕੀਤੀ ਗਈ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਸਰਬਉੱਚ ਮੰਨਣ ਵਾਲਿਆਂ ਨੂੰ ਸਾਂਝੇ ਪਲੇਟਫਾਰਮ 'ਤੇ ਇਕੱਤਰ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਹਾਜ਼ਰ ਸਿੱਖ ਪ੍ਰਚਾਰਕ ਭਾਈ ਹਰਜਿੰਦਰ ਸਿੰਘ ਸਭਰਾ ਨੇ ਕੁਝ ਖਾਸ ਨੁਕਤਿਆਂ 'ਤੇ ਵਿਚਾਰਾਂ ਕਰਦਿਆਂ ਕਿਹਾ ਕਿ ਜਦੋਂ ਸੱਚ ਦੇ ਪ੍ਰਚਾਰਕਾਂ ਖਿਲਾਫ ਸਭ ਡੇਰੇਦਾਰ, ਸੰਪਰਦਾਈ, ਸਾਧ, ਸੰਤ ਇਕ ਮੱਤ ਹਨ ਤਾਂ ਜਾਗਰੁਕਾਂ ਨੂੰ ਵੀ ਆਪਸੀ ਨਿੱਕੇ-ਮੋਟੇ ਫਰਕਾਂ ਨੂੰ ਪਾਸੇ ਕਰਦਿਆਂ ਮੋਢੇ ਨਾਲ ਮੋਢਾ ਲਾ ਕੇ ਖੜ੍ਹਨਾ ਚਾਹੀਦਾ ਹੈ। ਉਨ੍ਹਾਂ ਸੱਚ ਦੇ ਪ੍ਰਚਾਰ ਖ਼ਿਲਾਫ਼ ਹੁੜਦੰਗ ਮਚਾਉਣ ਵਾਲਿਆਂ ਨੂੰ ਬਾਜ ਆਉਣ ਦੀ ਚੇਤਾਵਨੀ ਦਿੰਦਿਆਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਸੰਪਰਦਾਈਆਂ, ਡੇਰੇ ਦੇ ਆਗੂਆਂ ਵਲੋਂ ਕੀਤੇ ਜਾ ਰਹੇ ਕੂੜ-ਪ੍ਰਚਾਰ ਨੂੰ ਸੰਗਤਾਂ ਦੀ ਕਚਿਹਰੀ ਵਿੱਚ ਲਿਆਂਦਾ ਜਾਵੇ ਤਾਂ ਜੋ ਸੰਗਤ ਵਿੱਚ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਤ ਸੰਗਤਾਂ ਨੂੰ ਬੇਨਤੀ ਕਰਦਿਆਂ ਕਿਹਾ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ, ਭਾਈ ਪੰਥਪਰੀਤ ਸਿੰਘ ਬਖਤੌਰ ਵਾਲਿਆਂ ਦੀ ਸਰਪ੍ਰਸਤੀ ਵਾਲੀ ਗੁਰਮਤਿ ਸੇਵਾ ਲਹਿਰ ਦੇ ਪ੍ਰਚਾਰਕਾਂ, ਮਿਸ਼ਨਰੀ ਕਾਲਜਾਂ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਬਉੱਚ ਮਨ ਕੇ ਆਜ਼ਾਦ ਵਿਚਰ ਰਹੇ ਪ੍ਰਚਾਰਕਾਂ ਦਾ ਸਾਥ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਟਲੀ ਵਿੱਚ ਵਿਚਾਰਾਂ ਤੋਂ ਰਹਿਤ ਸੰਪਰਦਾਈਆਂ ਵਲੋਂ ਭਾਈ ਪੰਥਪਰੀਤ ਸਿੰਘ 'ਤੇ ਹਮਲੇ ਦੀ ਨਿਖੇਧੀ ਕੀਤੀ। ਇਸ ਮੀਟਿੰਗ ਵਿੱਚ ਗੁਰਵਿੰਦਰ ਸਿੰਘ ਸੀਰੀਜ਼, ਸੁਖਦੇਵ ਸਿੰਘ ਲੈਥਰੌਪ, ਅਵਤਾਰ ਸਿੰਘ ਮਿਸ਼ਨਰੀ, ਸਰਬਜੀਤ ਸਿੰਘ ਸੈਕਰਾਮੈਂਟੋ, ਗੁਰਮੀਤ ਸਿੰਘ ਬਰਸਾਲ, ਨਗਿੰਦਰ ਸਿੰਘ, ਬੀਬੀ ਹਰਸਿਮਰਤ ਕੌਰ ਖਾਲਸਾ, ਬੀਬੀ ਅਮਰਜੀਤ ਕੌਰ, ਅਬਜੋਤ ਸਿੰਘ, ਅਮਰਜੀਤ ਸਿੰਘ, ਦਲਵੀਰ ਸਿੰਘ ਅਤੇ ਗੁਰਕੀਰਤਨ ਸਿੰਘ ਸ਼ਾਮਲ ਹੋਏ।








# ਫਿਰੋਜ਼ਪੁਰ ਕਤਲ ਕਾਂਡ : ਦੋਸ਼ੀਆਂ ਨੂੰ ਸਜ਼ਾਵਾਂ ਦਵਾਉਣ ਲਈ ਸੁਖਬੀਰ ਸਿੰਘ ਬਾਦਲ ਨੇ ਲਾਇਆ ਧਰਨਾ

**ਫ਼ਿਰੋਜ਼ਪੁਰ/ਬਿਊਰੋ ਨਿਊਜ਼ :** ਅਕਾਲੀ ਵਰਕਰਾਂ 'ਤੇ ਹੋ ਰਹੇ ਹਮਲਿਆਂ ਅਤੇ ਪਿੰਡ ਰੁਕਣ ਸ਼ਾਹ ਵਾਲਾ ਅੰਦਰ ਅਕਾਲੀ ਪਿਓ-ਪੁੱਤਰ ਦੋਹਰੇ ਕਤਲ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਅਕਾਲੀ ਦਲ ਬਾਦਲ ਵੱਲੋਂ ਸੀਨੀਅਰ ਕਪਤਾਨ ਪੁਲੀਸ ਸ੍ਰੀ ਗੌਰਵ ਗਰਗ ਦੇ ਦਫ਼ਤਰ ਨੂੰ ਘੇਰ ਰੋਸ ਪ੍ਰਦਰਸ਼ਨ ਕਰਦਿਆਂ ਧਰਨਾ ਮਾਰ ਘੰਟਿਆਂਬੱਧੀ ਆਵਾਜਾਈ ਠੱਪ ਰੱਖੀ। ਧਰਨੇ ਵਿਚ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੀੜਤ ਅਕਾਲੀ ਪ੍ਰੀਵਾਰ ਦੇ ਮੈਂਬਰ ਬਲਵਿੰਦਰ ਸਿੰਘ ਭੁੱਲਰ ਜ਼ਿਲ੍ਹਾ ਮੀਤ ਪ੍ਰਧਾਨ ਅਕਾਲੀ ਦਲ ਨਾਲ ਦੁੱਖ ਸਾਂਝਾ ਕਰਨ ਉਪਰੰਤ ਘਟਨਾ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਸੂਬੇ ਭਰ ਵਿਚ ਅਕਾਲੀ ਵਰਕਰਾਂ 'ਤੇ ਹੋ ਰਹੇ ਹਮਲਿਆਂ ਨੂੰ ਬਰਦਾਸ਼ਤ ਤੋਂ ਬਾਹਰ ਦੱਸਦਿਆਂ ਸ. ਸੁਖਬੀਰ ਨੇ ਕਿਹਾ ਕਿ ਇਹ ਸਭ ਕਾਂਗਰਸ ਸਰਕਾਰ ਦੀ ਸ਼ਹਿ 'ਤੇ ਹੋ ਰਿਹਾ ਹੈ ਤੇ ਪੁਲੀਸ ਕਾਂਗਰਸ ਦਾ ਗੁੰਡਾ ਯੂਨਿਟ ਬਣ ਚੁੱਕੀ ਹੈ। ਉਨ੍ਹਾਂ ਕਿਹਾ ਦੋਹਰੇ ਕਤਲ ਕਾਂਡ ਦੇ ਦੋਸ਼ੀਆਂ ਨੂੰ 48 ਘੰਟਿਆਂ ਦੇ ਅੰਦਰ-ਅੰਦਰ ਫੜੇ ਜਾਣ ਦਾ ਅਲਟੀਮੇਟਮ ਦਿੰਦਿਆਂ ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰ ਦੇ ਬਿਆਨਾਂ ਮੁਤਾਬਕ ਪਰਚਾ ਦਰਜ ਨਾ ਕੀਤਾ ਗਿਆ, ਹਮਲਾਵਾਰਾਂ ਨਾਲ ਰਲੇ ਹੋਏ ਤੇ ਦਿੱਤੀਆਂ ਦਰਖਾਸਤਾਂ 'ਤੇ ਕਾਰਵਾਈ ਨਾ ਕਰਨ ਵਾਲੇ ਪੁਲੀਸ ਅਫ਼ਸਰਾਂ ਅਤੇ ਸ਼ਹਿ ਦੇਣ ਵਾਲੇ ਸਿਆਸੀ ਆਗੂਆਂ ਖ਼ਿਲਾਫ਼ ਕਾਰਵਾਈ ਨਾ ਕੀਤੀ ਗਈ ਤਾਂ ਅਕਾਲੀ ਦਲ ਸੂਬਾ ਪੱਧਰ 'ਤੇ ਸੰਘਰਸ਼ ਛੇੜੇਗਾ। ਧਰਨੇ 'ਤੇ ਬੈਠਣ ਸਮੇਂ ਸੁਖਬੀਰ ਸਿੰਘ ਬਾਦਲ ਵਲੋਂ ਆਈ.ਜੀ ਅਤੇ ਡੀ.ਜੀ.ਪੀ ਨਾਲ ਵੀ ਫੋਨ 'ਤੇ ਗੱਲਬਾਤ ਕਰਕੇ ਦੋਸ਼ੀਆਂ ਨੂੰ ਫੜਨ ਲਈ ਕਿਹਾ ਗਿਆ। ਧਰਨੇ ਨੂੰ ਜ਼ਿਲ੍ਹਾ ਦਿਹਾਤੀ ਪ੍ਰਧਾਨ ਅਵਤਾਰ ਸਿੰਘ ਜ਼ੀਰਾ, ਜੋਗਿੰਦਰ ਸਿੰਘ ਜਿੰਦੂ ਸਾਬਕਾ



ਵਿਧਾਇਕ, ਜਥੇਦਾਰ ਹਰੀ ਸਿੰਘ ਜ਼ੀਰਾ ਸਾਬਕਾ ਸਿੰਚਾਈ ਮੰਤਰੀ ਪੰਜਾਬ, ਅਕਾਲੀ ਦਲ ਵਰਕਿੰਗ ਕਮੇਟੀ ਮੈਂਬਰ ਵਰਦੇਵ ਸਿੰਘ ਨੋਨੀ ਮਾਨ, ਸਿੱਖ ਸਟੂਡੈਂਟਸ ਫੈਡਰੇਸ਼ਨ ਗਰੇਵਾਲ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਸੰਬੋਧਨ ਕੀਤਾ। ਇਸ ਮੌਕੇ ਵਿਧਾਇਕ ਕੰਵਰਜੀਤ ਸਿੰਘ ਰੋਜੀ ਬਰਕੰਦੀ, ਦਿਆਲ ਸਿੰਘ ਕੋਲਿਆਂ ਵਾਲੀ ਮੈਂਬਰ ਸ਼੍ਰੋਮਣੀ ਕਮੇਟੀ, ਮਨਤਾਰ ਸਿੰਘ ਬਰਾੜ ਸਾਬਕਾ ਮੁੱਖ ਸੰਸਦੀ ਸਕੱਤਰ, ਦਰਸ਼ਨ ਸਿੰਘ ਕੋਟ ਫੱਤਾ ਸਾਬਕਾ ਵਿਧਾਇਕ, ਸਾਬਕਾ ਵਿਧਾਇਕ ਪ੍ਰਕਾਸ਼ ਸਿੰਘ ਭੱਟੀ ਨੇ ਵੀ ਵਿਚਾਰ ਰੱਖ ਕਾਂਗਰਸ ਨੂੰ ਰੱਜ ਕੇ ਕੋਸਿਆ।

# ਸੁਖਬੀਰ ਬਾਦਲ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਸ਼੍ਰੋਮਣੀ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ

**ਚੰਡੀਗੜ੍ਹ/ਬਿਊਰੋ ਨਿਊਜ਼ :**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਪੁਨਰ ਗਠਨ ਕਰਨ ਦਾ ਫ਼ੈਸਲਾ ਲੈਂਦਿਆਂ ਪਹਿਲਾਂ ਤੋਂ ਮੌਜੂਦ ਸਾਰੇ ਜਥੇਬੰਦਕ ਢਾਂਚੇ ਨੂੰ ਭੰਗ ਕਰਨ ਦਾ ਫ਼ੈਸਲਾ ਕੀਤਾ ਹੈ।

ਪਾਰਟੀ ਦੇ ਸਕੱਤਰ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਵੱਖ ਵੱਖ ਪੱਧਰ 'ਤੇ ਵਿਚਾਰ ਵਟਾਂਦਰੇ ਮਗਰੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਹਿਸੂਸ ਕੀਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਜਥੇਬੰਦਕ ਢਾਂਚਾ ਨਵੇਂ ਸਿਰੇ ਤੋਂ ਗਠਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤਬਦੀਲੀ ਦੌਰਾਨ ਇਸ ਗੱਲ ਦਾ ਧਿਆਨ ਰੱਖਿਆ ਜਾਵੇਗਾ ਕਿ ਜਿੱਥੇ ਪਾਰਟੀ ਦੇ ਟਕਸਾਲੀ ਅਤੇ ਮਿਹਨਤੀ ਵਰਕਰਾਂ ਨੂੰ ਵੱਧ ਸਨਮਾਨ ਮਿਲੇ, ਉਥੇ ਹੀ ਜਿਨ੍ਹਾਂ ਨੌਜਵਾਨਾਂ, ਬੀਬੀਆਂ ਅਤੇ ਵੱਖ ਵੱਖ ਵਰਗਾਂ ਦੇ ਆਗੂਆਂ ਨੇ ਪਾਰਟੀ ਦੀ ਹਰ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਹੈ, ਨੂੰ ਵੀ ਜਥੇਬੰਦੀ ਵਿੱਚ ਢੁਕਵੀਂ ਥਾਂ ਦਿੱਤੀ ਜਾਵੇਗੀ।

ਡਾ. ਚੀਮਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਵੱਲੋਂ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਦੀਆਂ ਜ਼ੋਨ ਦੇ ਆਧਾਰ 'ਤੇ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ ਜੋ ਇੱਕ ਮਹੀਨੇ ਅੰਦਰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਜਾ ਕੇ ਮੀਟਿੰਗਾਂ ਕਰਕੇ ਪਾਰਟੀ ਲਈ ਚੰਗਾ ਕੰਮ ਕਰਨ ਵਾਲੇ ਆਗੂਆਂ ਦੀਆਂ ਸੂਚੀਆਂ ਤਿਆਰ ਕਰਨਗੇ ਅਤੇ ਉਨ੍ਹਾਂ ਆਗੂਆਂ ਬਾਰੇ ਵੀ ਜਾਂਚ ਕਰਨਗੇ ਜਿਨ੍ਹਾਂ ਸਬੰਧੀ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੇ ਉਮੀਦਵਾਰਾਂ ਦੀ ਵਿਰੋਧਤਾ ਕਰਨ ਦੀਆਂ ਸ਼ਿਕਾਇਤਾਂ ਪੁੱਜੀਆਂ ਹਨ। ਡਾ. ਚੀਮਾ ਨੇ ਕਿਹਾ ਕਿ ਕਿਸੇ ਵੀ ਉਸ ਆਗੂ ਨੂੰ ਪਾਰਟੀ ਦੀ ਜਥੇਬੰਦੀ ਵਿੱਚ ਥਾਂ ਨਹੀਂ ਦਿੱਤੀ ਜਾਵੇਗੀ ਜਿਸ ਵੱਲੋਂ ਕਿਸੇ ਵੀ ਪੱਧਰ 'ਤੇ ਪਾਰਟੀ ਦੀ ਮੁਖਾਲਫ਼ਤ ਕੀਤੀ ਗਈ ਹੈ।

ਪਾਰਟੀ ਪ੍ਰਧਾਨ ਵੱਲੋਂ ਜਥੇਦਾਰ ਤੋਤਾ ਸਿੰਘ ਨੂੰ ਜ਼ਿਲ੍ਹਾ ਲੁਧਿਆਣਾ ਸ਼ਹਿਰੀ ਤੇ ਦਿਹਾਤੀ ਅਤੇ ਕਪੂਰਥਲਾ, ਅਜੀਤ ਸਿੰਘ ਕੋਹਾੜ ਨੂੰ ਅੰਮ੍ਰਿਤਸਰ ਸ਼ਹਿਰੀ ਤੇ ਦਿਹਾਤੀ, ਤਰਨ ਤਾਰਨ, ਗੁਰਦਾਸਪੁਰ ਅਤੇ ਪਠਾਨਕੋਟ, ਡਾ. ਦਲਜੀਤ ਸਿੰਘ ਚੀਮਾ ਨੂੰ ਜਲੰਧਰ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ, ਸ਼ਰਨਜੀਤ ਸਿੰਘ ਢਿੱਲੋਂ ਨੂੰ ਰੋਪੜ, ਮੁਹਾਲੀ, ਫਤਹਿਗੜ੍ਹ ਸਾਹਿਬ ਅਤੇ ਮੋਗਾ, ਗੁਲਜ਼ਾਰ ਸਿੰਘ ਰਣੀਕੇ ਨੂੰ ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ, ਸਿਕੰਦਰ ਸਿੰਘ ਮਲੂਕਾ ਨੂੰ ਸੰਗਰੂਰ ਤੇ ਬਰਨਾਲਾ, ਪਰਮਿੰਦਰ ਸਿੰਘ ਢੀਂਡਸਾ ਨੂੰ ਪਟਿਆਲਾ ਤੇ ਮਾਨਸਾ, ਪ੍ਰੋ. ਵਿਰਸਾ ਸਿੰਘ ਵਲਟੋਹਾ ਨੂੰ ਫਿਰੋਜ਼ਪੁਰ, ਫਰੀਦਕੋਟ ਤੇ ਫਾਜ਼ਿਲਕਾ ਜ਼ਿਲ੍ਹਿਆਂ ਦੀ ਡਿਊਟੀ ਦਿੱਤੀ ਗਈ ਹੈ। ਇਨ੍ਹਾਂ ਸਾਰੇ ਆਗੂਆਂ ਦੇ ਨਾਲ ਦੋ-ਦੋ ਹੋਰ ਸੀਨੀਅਰ ਆਗੂਆਂ ਦੀ ਡਿਊਟੀ ਲਗਾਈ ਗਈ ਹੈ ਅਤੇ ਇਹ ਤਿੰਨ ਮੈਂਬਰੀ ਟੀਮ ਸਾਰੇ ਜ਼ਿਲ੍ਹਿਆਂ ਵਿੱਚ ਜਾ ਕੇ ਅਤੇ ਜਥੇਬੰਦੀ ਦੀਆਂ ਮੀਟਿੰਗਾਂ ਕਰਕੇ 30 ਮਈ ਤੱਕ ਆਪਣੀ ਰਿਪੋਰਟ ਪਾਰਟੀ ਪ੍ਰਧਾਨ ਨੂੰ ਸੌਂਪੇਗੀ।

# ਜ਼ਮੀਨ ਦੇ ਲਾਲਚ 'ਚ ਪਰਵਾਸੀ 3 ਭਰਾਵਾਂ ਨੇ ਆਪਣੇ ਹੀ ਭਰਾ ਦਾ ਕੀਤਾ ਕਤਲ

## *ਕੈਨੇਡਾ ਵਾਸੀ 3 ਭਰਾਵਾਂ ਸਮੇਤ 4 ਖ਼ਿਲਾਫ਼ ਮਾਮਲਾ ਦਰਜ*

**ਲੁਧਿਆਣਾ/ਬਿਊਰੋ ਨਿਊਜ਼ :** ਨਜ਼ਦੀਕੀ ਪਿੰਡ ਧੂਰਕੋਟ ਵਿਚ ਤਿੰਨ ਐਨਆਰਆਈ ਭਰਾਵਾਂ ਨੇ ਜ਼ਮੀਨ ਦੇ ਲਾਲਚ ਵਿਚ ਆਪਣੇ ਸਾਥੀਆਂ ਨਾਲ ਮਿਲ ਕੇ ਸਕੇ ਭਰਾ ਗੁਰਮੇਲ ਸਿੰਘ (55) ਨੂੰ ਜ਼ਹਿਰ ਦੇ ਕੇ ਕਥਿਤ ਤੌਰ 'ਤੇ ਮਾਰ ਦਿੱਤਾ। ਮੌਕੇ 'ਤੇ ਪੁੱਜੇ ਗੁਰਮੇਲ ਸਿੰਘ ਦੇ ਲੜਕੇ ਪ੍ਰਭਸਿਮਰਨ ਸਿੰਘ ਅਤੇ ਨੂੰਹ ਚਰਨਜੀਤ ਕੌਰ ਨੂੰ ਦੇਖ ਕੇ ਮੁਲਜ਼ਮ ਫ਼ਰਾਰ ਹੋ ਗਏ। ਥਾਣਾ ਜੋਧਾਂ ਦੇ ਇੰਚਾਰਜ ਮੋਹਨ ਦਾਸ ਨੇ ਦੱਸਿਆ ਕਿ ਪ੍ਰਭਸਿਮਰਨ ਸਿੰਘ ਦੇ ਬਿਆਨ 'ਤੇ ਮ੍ਰਿਤਕ ਦੇ ਭਰਾ ਕੈਨੇਡਾ ਵਾਸੀ ਐਨਆਰਆਈ ਰਾਜਿੰਦਰ ਸਿੰਘ, ਗੁਰਦੀਪ ਸਿੰਘ ਅਤੇ ਜਗਦੇਵ ਸਿੰਘ ਸਮੇਤ ਉਨ੍ਹਾਂ ਦੇ ਸਾਥੀ ਜਗਰੂਪ ਸਿੰਘ ਖਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਗੁਰਮੇਲ ਸਿੰਘ ਦੀ ਲਾਸ਼ ਸੁਧਾਰ ਦੇ ਸਰਕਾਰੀ ਹਸਪਤਾਲ ਵਿਚ ਪੋਸਟਮਾਰਟਮ ਕਰਾਉਣ ਤੋਂ ਬਾਅਦ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ।

ਪ੍ਰਭਸਿਮਰਨ ਸਿੰਘ ਵੱਲੋਂ ਪੁਲੀਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਗਿਆ ਕਿ ਤਿੰਨ ਸਾਲ ਪਹਿਲਾਂ ਉਸ



ਦੇ ਚਾਚੇ ਰਾਜਿੰਦਰ ਸਿੰਘ, ਗੁਰਦੀਪ ਸਿੰਘ ਤੇ ਜਗਦੇਵ ਸਿੰਘ ਕੈਨੇਡਾ ਜਾ ਵਸੇ ਸਨ ਅਤੇ ਉਨ੍ਹਾਂ ਦਾ ਖ਼ਰਚਾ ਪੁਸ਼ਤੈਨੀ ਜ਼ਮੀਨ ਦੀ ਆਮਦਨੀ ਤੋਂ ਕੀਤਾ ਗਿਆ ਸੀ। ਉਸ ਦਾ ਪਿਤਾ ਪੰਜਾਬ ਵਿਚ ਹੀ ਰਹਿ ਗਿਆ ਤੇ 22 ਏਕੜ ਪੁਸ਼ਤੈਨੀ ਜ਼ਮੀਨ 'ਤੇ ਖੇਤੀ ਕਰਦਾ ਰਿਹਾ। ਕਰੀਬ 2 ਹਫ਼ਤੇ ਪਹਿਲਾਂ ਰਾਜਿੰਦਰ, ਗੁਰਦੀਪ ਤੇ ਜਗਦੇਵ ਸਿੰਘ ਕੈਨੇਡਾ ਤੋਂ ਪੰਜਾਬ ਆ ਗਏ। ਤਿੰਨਾਂ ਨੇ ਮਿਲ ਕੇ ਉਸ ਦੇ ਪਿਤਾ ਗੁਰਮੇਲ ਸਿੰਘ 'ਤੇ ਸਾਰੀ ਜ਼ਮੀਨ ਛੱਡਣ ਦਾ ਦਬਾਅ ਪਾਇਆ। ਤਿੰਨੇ ਮੁਲਜ਼ਮ ਕਿਸੇ ਹੋਰ ਕਿਸਾਨ ਨੂੰ ਜ਼ਮੀਨ ਠੇਕੇ 'ਤੇ ਦੇਣਾ ਚਾਹੁੰਦੇ ਸਨ ਜਦੋਂ ਕਿ ਉਸ ਦੇ ਪਿਤਾ ਗੁਰਮੇਲ ਸਿੰਘ ਜ਼ਮੀਨ ਛੱਡਣ ਨੂੰ ਤਿਆਰ ਨਹੀਂ ਸਨ। ਪ੍ਰਭਸਿਮਰਨ ਨੇ ਕਿਹਾ ਕਿ ਬੁੱਧਵਾਰ ਰਾਤ ਰਾਜਿੰਦਰ, ਗੁਰਦੀਪ ਤੇ ਜਗਦੇਵ ਸਿੰਘ ਜਗਰੂਪ ਸਿੰਘ ਦੇ ਨਾਲ ਉਨ੍ਹਾਂ ਦੇ ਘਰ ਆਏ ਤੇ ਜ਼ਮੀਨ ਸੰਬੰਧੀ ਗ਼ੱਲਬਾਤ ਕਰਨ ਦੀ ਗ਼ੱਲ ਕਹਿ ਕੇ ਉਸ ਦੇ ਪਿਤਾ ਗੁਰਮੇਲ ਸਿੰਘ ਨੂੰ ਆਪਣੇ ਨਾਲ ਲੈ ਗਏ। ਸਾਰੀ ਰਾਤ ਉਨ੍ਹਾਂ ਦੇ ਪਿਤਾ ਘਰ ਨਹੀਂ ਆਏ। ਸਵੇਰੇ ਜਦੋਂ ਉਹ ਆਪਣੀ ਪਤਨੀ ਚਰਨਜੀਤ ਕੌਰ ਦੇ ਨਾਲ ਖੇਤਾਂ ਵਿਚ ਦੇਖਣ ਗਏ ਤਾਂ ਚਾਰੇ ਮੁਲਜ਼ਮ ਉਨ੍ਹਾਂ ਦੇ ਪਿਤਾ ਕੋਲ ਖੜ੍ਹੇ ਸਨ ਤੇ ਉਹ ਖੇਤਾਂ ਵਿਚ ਡਿੱਗਿਆ ਹੋਇਆ ਸੀ। ਉਨ੍ਹਾਂ ਨੂੰ ਦੇਖ ਕੇ ਚਾਰੇ ਜਣੇ ਫ਼ਰਾਰ ਹੋ ਗਏ। ਜਦੋਂ ਉਹ ਭੱਜ ਕੇ ਆਪਣੇ ਪਿਤਾ ਦੇ ਕੋਲ ਪੁੱਜੇ ਤਾਂ ਉਹ ਬੇਹੋਸ਼ ਸਨ। ਉਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਸੂਤਰਾਂ ਅਨੁਸਾਰ ਮਾਮਲੇ ਵਿਚ ਨਾਮਜ਼ਦ ਜਗਰੂਪ ਸਿੰਘ ਉਕਤ 22 ਏਕੜ ਜ਼ਮੀਨ ਠੇਕੇ 'ਤੇ ਲੈਣਾ ਚਾਹੁੰਦਾ ਸੀ। ਮ੍ਰਿਤਕ ਦੇ ਲੜਕੇ ਪ੍ਰਭਸਿਮਰਨ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਆਪਣੇ ਭਰਾਵਾਂ ਦੀ ਜ਼ਮੀਨ ਦੀ ਕਮਾਈ ਦਾ ਹਿੱਸਾ ਵੀ ਦਿੰਦੇ ਸਨ। ਉਨ੍ਹਾਂ ਦੇ ਕੈਨੇਡਾ ਤੋਂ ਭਾਰਤ ਆਉਣ ਦਾ ਸਾਰਾ ਖ਼ਰਚਾ ਵੀ ਕਰਦੇ ਸਨ। ਇਸ ਦੇ ਬਾਵਜੂਦ ਮੁਲਜ਼ਮਾਂ ਨੇ ਉਸ ਦੇ ਪਿਤਾ ਨੂੰ ਜ਼ਮੀਨ ਤੋਂ ਹਟਾਉਣ ਦਾ ਦਬਾਅ ਬਣਾਇਆ।

# ਸ਼ਿਵਪਾਲ ਨੇ ਧਰਮ ਨਿਰਪੱਖ ਮੋਰਚਾ ਬਣਾਉਣ ਦਾ ਕੀਤਾ ਐਲਾਨ

## *ਮੁਲਾਇਮ ਹੋਣਗੇ ਮੋਰਚੇ ਦੇ ਮੁਖੀ*



**ਲਖਨਊ/ਬਿਊਰੋ ਨਿਊਜ਼ :** ਉਤਰ ਪ੍ਰਦੇਸ਼ ਦੀ ਮੁੱਖ ਵਿਰੋਧੀ ਪਾਰਟੀ ਸਪਾ ਵਿੱਚ ਉਦੋਂ ਫੁੱਟ ਉਭਰ ਆਈ ਜਦੋਂ ਪਾਰਟੀ ਦੇ ਸੀਨੀਅਰ ਆਗੂ ਸ਼ਿਵਪਾਲ ਯਾਦਵ ਨੇ ਐਲਾਨ ਕੀਤਾ ਕਿ ਉਨ੍ਹਾਂ ਵੱਲੋਂ ਬਣਾਏ ਜਾਣ ਵਾਲੇ ਧਰਮਨਿਰਪੱਖ ਫਰੰਟ ਦੀ ਅਗਵਾਈ ਉਨ੍ਹਾਂ ਦੇ ਵੱਡੇ ਭਰਾ ਮੁਲਾਇਮ ਸਿੰਘ ਯਾਦਵ ਕਰਨਗੇ। ਗ਼ੌਰਤਲਬ ਹੈ ਕਿ ਯੂਪੀ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਜਸਵੰਤਨਗਰ ਸੀਟ ਕਾਇਮ ਰੱਖਣ ਵਾਲੇ ਸ਼ਿਵਪਾਲ ਨੇ ਸਪਾ ਮੁਖੀ ਤੇ ਆਪਣੇ ਭਤੀਜੇ ਅਖਿਲੇਸ਼ ਯਾਦਵ ਨੂੰ ਅਲਟੀਮੇਟ ਦਿੱਤਾ ਸੀ ਕਿ ਜੇ ਉਸ ਨੇ ਪਾਰਟੀ ਦੀ ਪ੍ਰਧਾਨਗੀ ਮੁੜ ਆਪਣੇ ਪਿਤਾ ਮੁਲਾਇਮ ਨੂੰ ਨਾ ਸੌਂਪੀ ਤਾਂ ਉਹ 'ਸੈਕੂਲਰ ਮੋਰਚਾ' ਕਾਇਮ ਕਰਨਗੇ। ਯਾਦਵਾਂ ਦੇ ਗੜ੍ਹ ਇਟਾਵਾ ਵਿੱਚ ਉਨ੍ਹਾਂ ਕਿਹਾ, "ਸਮਾਜਿਕ ਨਿਆਂ ਲਈ ਸਮਾਜਵਾਦੀ ਸੈਕੂਲਰ ਮੋਰਚਾ ਬਣਾਇਆ ਜਾਵੇਗਾ ਤੇ ਨੇਤਾਜੀ (ਮੁਲਾਇਮ) ਇਸ ਦੇ ਕੌਮੀ ਪ੍ਰਧਾਨ ਹੋਣਗੇ।" ਇਸ ਸਬੰਧੀ ਪੁੱਛੇ ਜਾਣ ਉਤੇ ਅਖਿਲੇਸ਼ ਨੇ ਕਿਹਾ ਕਿ ਉਸ ਨੂੰ ਇਸ ਦਾ ਪਤਾ ਮੀਡੀਆ ਤੋਂ ਹੀ ਲੱਗਾ ਹੈ। ਸ਼ਿਵਪਾਲ ਨੇ ਮੋਰਚੇ ਦਾ ਐਲਾਨ ਇਥੇ ਮੁਲਾਇਮ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੀਟਿੰਗ ਤੋਂ ਬਾਅਦ ਕੀਤਾ।

# ਅਕਾਲੀ ਦਲ ਨੂੰ ਦ.ਫ਼ਤਰੀ ਖਰਚਿਆਂ ਦਾ ਭਾਰ ਚੁੱਕਣਾ ਔਖਾ ਹੋਇਆ

## *ਸੁਖਬੀਰ ਬਾਦਲ ਦੀਆਂ ਹਦਾਇਤਾਂ 'ਤੇ ਮੰਤਰੀ/ਵਿਧਾਇਕ ਤਨ.ਖ਼ਾਹਾਂ 'ਚੋਂ ਦੇਣਗੇ .ਖ਼ਰਚਾ*

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਵਿਚ ਲਗਾਤਾਰ ਇੱਕ ਦਹਾਕਾ ਸੱਤਾ ਦਾ ਨਿੱਘ ਮਾਨਣ ਮਗਰੋਂ ਅਕਾਲੀ ਦਲ ਨੇ ਦਫ਼ਤਰ ਚਲਾਉਣ ਦਾ ਭਾਰ ਸਮੁੱਚੇ ਅਜਿਹੇ ਆਗੂਆਂ ਦੇ ਮੋਢਿਆਂ 'ਤੇ ਪਾਉਣ ਦਾ ਫ਼ੈਸਲਾ ਲਿਆ ਹੈ ਜੋ ਪਾਰਟੀ ਵੱਲੋਂ ਦਿੱਤੀਆਂ ਟਿਕਟਾਂ ਦੇ ਸਹਾਰੇ ਤਨਖਾਹ ਜਾਂ ਪੈਨਸ਼ਨ ਲੈਣ ਦੇ ਹੱਕਦਾਰ ਹੋਏ ਹਨ। ਸੂਤਰਾਂ ਮੁਤਾਬਕ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਦਾਇਤ ਕੀਤੀ ਹੈ ਕਿ ਸਾਰੇ ਸਾਬਕਾ ਤੇ ਮੌਜੂਦਾ ਵਿਧਾਇਕ ਤੇ ਸਾਬਕਾ ਤੇ ਮੌਜੂਦਾ ਸੰਸਦ ਮੈਂਬਰ ਆਪਣੀ ਤਨਖਾਹ ਅਤੇ ਪੈਨਸ਼ਨ ਵਿਚੋਂ 5-5 ਹਜ਼ਾਰ ਰੁਪਏ ਪ੍ਰਤੀ ਮਹੀਨਾ ਪਾਰਟੀ ਨੂੰ ਅਦਾ ਕਰਨਗੇ।

ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਹਾਲ ਹੀ ਵਿਚ ਹੋਈ ਮੀਟਿੰਗ ਦੌਰਾਨ ਸ੍ਰੀ ਬਾਦਲ ਵੱਲੋਂ ਇਹ ਨਿਰਦੇਸ਼ ਦਿੱਤੇ ਗਏ ਸਨ। ਪਾਰਟੀ ਆਗੂਆਂ ਦਾ ਇਹ ਵੀ ਕਹਿਣਾ ਹੈ ਕਿ ਇਹ ਪਹਿਲੀ ਵਾਰੀ ਹੋਇਆ ਹੈ ਕਿ ਜਦੋਂ ਪਾਰਟੀ ਦਫਤਰ ਦਾ ਖ਼ਰਚਾ ਚਲਾਉਣ ਲਈ ਪਾਰਟੀ ਆਗੂਆਂ ਤੋਂ ਵਿੱਤੀ ਇਮਦਾਦ ਦਾ ਸਹਾਰਾ ਲੈਣਾ ਪੈ ਰਿਹਾ ਹੈ। ਏਡੀਆਰ ਦੀ ਰਿਪੋਰਟ ਮੁਤਾਬਕ ਪਿਛਲੇ 10 ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਵਪਾਰਕ ਘਰਾਣਿਆਂ ਤੋਂ 101 ਕਰੋੜ ਰੁਪਏ ਦੀ ਰਾਸ਼ੀ ਦਾਨ ਵਿਚ ਮਿਲਣ ਦੇ ਤੱਥ ਵੀ ਸਾਹਮਣੇ ਆਏ ਸਨ। ਇਸ ਵਿੱਚ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਇਕੱਠਾ ਹੋਇਆ ਚੰਦਾ ਸ਼ਾਮਲ ਨਹੀਂ ਹੈ। ਇਹ ਪਾਰਟੀ ਦੇਸ਼ ਦੀਆਂ ਅਮੀਰ ਪਾਰਟੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ।



ਚੰਡੀਗੜ੍ਹ ਦੇ ਸੈਕਟਰ-28 ਸਥਿਤ ਸ਼੍ਰੋਮਣੀ ਅਕਾਲੀ ਦਲ ਦਾ ਦ.ਫ਼ਤਰ।

ਸ਼੍ਰੋਮਣੀ ਅਕਾਲੀ ਦਲ ਦਾ ਚੰਡੀਗੜ੍ਹ ਦੇ ਸੈਕਟਰ-28 ਵਿੱਚ ਆਲੀਸ਼ਾਨ ਦਫ਼ਤਰ ਹੈ। ਇਹ ਦਫ਼ਤਰ ਤੋਂ ਪਾਰਟੀ ਦੀਆਂ ਸਿਆਸੀ ਗਤੀਵਿਧੀਆਂ ਸਾਲ 2009 ਵਿੱਚ ਸ਼ੁਰੂ ਹੋਈਆਂ ਸਨ। ਇਸ ਤੋਂ ਪਹਿਲਾਂ ਐੱਮਐੱਲਏ ਹੋਸਟਲ ਤੋਂ ਹੀ ਦਫ਼ਤਰ ਦਾ ਕੰਮ ਚਲਾਇਆ ਜਾ ਰਿਹਾ ਸੀ। ਪਾਰਟੀ ਸੂਤਰਾਂ ਮੁਤਾਬਕ ਇਸ ਦਫ਼ਤਰ ਨੂੰ ਚਲਾਉਣ ਅਤੇ ਹੋਰ ਖ਼ਰਚਿਆਂ ਲਈ ਤਕਰੀਬਨ 5 ਲੱਖ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਹਰ ਮਹੀਨੇ ਲੋੜੀਂਦੀ ਹੈ। ਦਰਜਨ ਤੋਂ ਵੱਧ ਮੁਲਾਜ਼ਮ ਇਸ ਸਮੇਂ ਦਫ਼ਤਰ ਵਿਚ ਕੰਮ ਕਰਦੇ ਹਨ। ਇਨ੍ਹਾਂ ਮੁਲਾਜ਼ਮਾਂ ਦੀਆਂ ਤਨਖਾਹਾਂ ਸਮੇਤ ਪਾਰਟੀ ਦੀਆਂ ਮੀਟਿੰਗਾਂ ਅਤੇ ਪ੍ਰੈੱਸ ਕਾਨਫਰੰਸਾਂ ਦੌਰਾਨ ਹੁੰਦੇ ਖ਼ਰਚਿਆਂ ਸਮੇਤ ਬਿਜਲੀ, ਪਾਣੀ ਅਤੇ ਟੈਲੀਫੋਨ ਦੇ ਖ਼ਰਚੇ ਵੀ ਸ਼ਾਮਲ ਹਨ। ਪਾਰਟੀ ਆਗੂਆਂ ਦਾ ਦੱਸਣਾ ਹੈ ਕਿ ਜਦੋਂ ਤੱਕ ਸੂਬੇ ਵਿੱਚ ਅਕਾਲੀ ਦਲ ਦੀ ਸਰਕਾਰ ਸੀ, ਉਦੋਂ ਤੱਕ ਕਿਸੇ ਵੀ ਵਿਧਾਇਕ ਤੋਂ ਇਸ ਤਰ੍ਹਾਂ ਖੁੱਲ੍ਹੇਆਮ ਚੰਦਾ ਨਹੀਂ ਮੰਗਿਆ ਗਿਆ।

ਸੂਤਰਾਂ ਦਾ ਦੱਸਣਾ ਹੈ ਕਿ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੀ ਨਮੋਸ਼ੀ ਭਰੀ ਹਾਰ ਤੋਂ ਬਾਅਦ ਅਕਾਲੀ ਦਲ ਨੂੰ ਦਫ਼ਤਰੀ ਖਰਚਿਆਂ ਦਾ ਭਾਰ ਚੁੱਕਣਾ ਔਖਾ ਹੋਇਆ ਪਿਆ ਹੈ। ਇਸੇ ਲਈ ਸਾਬਕਾ ਤੇ ਮੌਜੂਦਾ ਵਿਧਾਇਕਾਂ ਤੇ ਸੰਸਦ ਮੈਂਬਰਾਂ ਨੂੰ ਹਿੱਸਾ ਪਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਪਾਰਟੀ ਆਗੂਆਂ ਦਾ ਇਹ ਵੀ ਦੱਸਣਾ ਹੈ ਕਿ ਇਸ ਸਮੇਂ ਚੰਦਾ ਦੇਣ ਵਾਲਿਆਂ ਦੀ ਗਿਣਤੀ 100 ਦੇ ਕਰੀਬ ਹੈ। ਇਨ੍ਹਾਂ ਵਿੱਚ ਮੌਜੂਦਾ 15 ਵਿਧਾਇਕ ਤੇ 7 ਸੰਸਦ ਮੈਂਬਰ (ਲੋਕ ਸਭਾ ਤੇ ਰਾਜ ਸਭਾ ਮੈਂਬਰ) ਸ਼ਾਮਲ ਹਨ। ਇਸ ਤਰ੍ਹਾਂ ਨਾਲ 5 ਲੱਖ ਰੁਪਏ ਦੀ ਰਾਸ਼ੀ ਸੌਖਿਆਂ ਹੀ ਇਕੱਤਰ ਕੀਤੀ ਜਾ ਸਕੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਮੌਜੂਦਾ ਤੇ ਸਾਬਕਾ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵੱਲੋਂ ਪਾਰਟੀ ਦਫ਼ਤਰ ਚਲਾਉਣ ਲਈ ਯੋਗਦਾਨ ਪਾਉਣਾ ਸ਼ਲਾਘਾਯੋਗ ਕੰਮ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਨਾਲ ਪਾਰਟੀ ਦੇ ਸਮੂਹ ਆਗੂਆਂ ਅੰਦਰ ਦਫ਼ਤਰ ਨੂੰ ਆਪਣਾ ਸਮਝਣ ਦੀ ਭਾਵਨਾ ਆਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਦੇ ਕਹਿਣਾ 'ਤੇ ਸਮੂਹ ਆਗੂ ਹੀ ਪਾਰਟੀ ਦਫਤਰ ਚਲਾਉਣ ਵਿਚ ਹਿੱਸਾ ਪਾਉਣਗੇ ਕਿਉਂਕਿ ਦਫ਼ਤਰ ਦਾ ਸਾਰਾ ਖ਼ਰਚਾ ਕੋਈ ਇਕੱਲਾ ਬੰਦਾ ਨਹੀਂ ਝੱਲ ਸਕਦਾ।

# ਮਹਿਜ਼ ਘੋੜੇ ਬਦਲਣ ਨਾਲ ਪਾਰਟੀ ਦੀ ਗੱਡੀ ਨਹੀਂ ਰਿੜ੍ਹਣੀ: ਕੰਵਰ ਸੰਧੂ

**ਪੰਜਾਬ ਵਿੱਚ ਪਾਰਟੀ ਦੀ ਹਾਰ ਅਤੇ ਆਗੂਆਂ ਦੀਆਂ ਗਲਤੀਆਂ ਦੀ ਜ਼ੁੰਮੇਵਾਰੀ ਤੈਅ ਕਰਕੇ ਦੇਸ਼-ਵਿਦੇਸ਼ ਵਿਚਲੇ ਸਭਨਾਂ ਵਾਲੰਟੀਅਰਾਂ ਨਾਲ ਵਿਚਾਰਾਂ ਬਾਅਦ ਭਵਿੱਖ 'ਚ ਕਾਮਯਾਬੀ ਲਈ ਠੋਸ ਕਦਮ ਚੁੱਕੇ ਜਾਣ**

**ਚੰਡੀਗੜ੍ਹ/ਬਿਊਰੋ ਨਿਊਜ਼:** ਸੀਨੀਅਰ ਪੱਤਰਕਾਰ ਅਤੇ ਖਰੜ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੰਵਰ ਸੰਧੂ ਨੇ ਪਾਰਟੀ ਦੀ ਪੰਜਾਬ ਇਕਾਈ ਦੇ ਪੁਨਰਗਠਨ ਵਜੋਂ ਸੋਮਵਾਰ ਨੂੰ ਕੀਤੀਆਂ ਤਬਦੀਲੀਆਂ ਬਾਰੇ ਕਿਹਾ, "ਮਹਿਜ਼ ਘੋੜੇ ਬਦਲਣ ਨਾਲ ਪਾਰਟੀ ਦੀ ਗੱਡੀ ਨਹੀਂ ਰਿੜ੍ਹਣੀ। ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕਰਨ ਤੋਂ ਕਿਤੇ ਵੱਧ ਪਾਰਟੀ ਵਿੱਚ ਨਵੀਂ ਰੂਹ ਫੂਕਣ ਲਈ ਗੰਭੀਰਤਾ ਅਤੇ ਸੁਹਿਰਦਤਾ ਨਾਲ ਯਤਨ ਕਰਨ ਦੀ ਲੋੜ ਹੈ।" ਉਹ ਲੋਕ ਸਭਾ ਮੈਂਬਰ ਭਗਵੰਤ ਮਾਨ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਅਤੇ ਅਮਨ ਅਰੋੜਾ ਨੂੰ ਮੀਤ ਪ੍ਰਧਾਨ ਬਣਾਏ ਜਾਣ ਸਬੰਧੀ ਟਿਪਣੀ ਕਰ ਰਹੇ ਸਨ।

ਕੈਨੇਡਾ ਦੇ ਭਰਵੀਂ ਪੰਜਾਬੀ ਵਸੋਂ ਵਾਲੇ ਸ਼ਹਿਰ ਟੋਰਾਂਟੋ ਤੋਂ ਟੈਲੀਫੋਨ ਉੱਤੇ ਗੱਲਬਾਤ ਕਰਦਿਆਂ ਕੰਵਰ ਸੰਧੂ ਨੇ ਕਿਹਾ, 'ਅਰਵਿੰਦ ਕੇਜਰੀਵਾਲ ਵਲੋਂ ਦਿੱਲੀ ਵਿੱਚ ਬੁਲਾਈ ਮੀਟਿੰਗ ਦੌਰਾਨ ਅਹੁਦੇਦਾਰ ਲਾਉਣ ਬਾਰੇ ਫੈਸਲੇ ਲੈਣ ਤੋਂ ਪਹਿਲਾਂ ਪਾਰਟੀ ਦੀ ਪੰਜਾਬ ਚੋਣਾਂ ਵਿੱਚ ਹਾਰ, ਪਾਰਟੀ ਆਗੂਆਂ ਦੀ ਕਾਰਗੁਜ਼ਾਰੀ ਬਾਰੇ ਈਮਾਨਦਾਰੀ ਨਾਲ ਵਿਚਾਰ ਵਟਾਂਦਰਾ ਕਰਨਾ ਅਤੇ ਹਾਰ ਦੇ ਕਾਰਨਾਂ ਅਤੇ ਗਲਤੀਆਂ ਬਦਲੇ ਜ਼ੁੰਮੇਵਾਰੀ ਨਿਰਧਾਰਤ ਕੀਤੀ ਜਾਣੀ ਲਾਜ਼ਮੀ ਸੀ। ਇਸ ਲੇਖੇ ਜੋਖੇ ਵਾਲੀ ਮੀਟਿੰਗ ਵਿੱਚ ਪਾਰਟੀ ਦੇ ਲੋਕ ਸਭਾ ਮੈਂਬਰਾਂ, ਪਾਰਟੀ ਵਿਧਾਇਕਾਂ, ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਪੁਰਾਣੇ ਵਾਲੰਟੀਅਰਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਣੀ ਚਾਹੀਦੀ ਹੈ।'



ਕੰਵਰ ਸੰਧੂ ਨੇ ਕਿਹਾ, 'ਸਭ ਤੋਂ ਵੱਧ ਦੁਖਦਾਈ ਗੱਲ ਹੈ ਕਿ ਅਸੀਂ ਵਿਦੇਸ਼ਾਂ ਵਿਚਲੇ ਆਮ ਆਦਮੀ ਪਾਰਟੀ ਦੇ ਹਜ਼ਾਰਾਂ ਹਮਾਇਤੀਆਂ ਇੱਥੋਂ ਤੱਕ ਕਿ ਐਨ.ਆਰ.ਆਈ. ਇਕਾਈਆਂ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰਕੇ ਪਾਰਟੀ ਦੇ ਜਥੇਬੰਦਕ ਢਾਂਚੇ 'ਚ ਅਦਲਾ-ਬਦਲੀ ਕਰ ਲਈ। ਟੋਰਾਂਟੋ 'ਚ ਬਹੁਤ ਸਾਰੇ ਪਾਰਟੀ ਵਾਲੰਟੀਅਰਾਂ ਅਤੇ ਸਮਰਥਕਾਂ ਨੇ ਮੈਨੂੰ ਮਿਲ ਕੇ ਜਾਂ ਟੈਲੀਫੋਨ ਰਾਹੀਂ ਪਾਰਟੀ ਦੀ ਸਥਿਤੀ ਅਤੇ ਫੈਸਲਿਆਂ ਸਬੰਧੀ ਗਹਿਰਾ ਰੋਸ ਪ੍ਰਟਾਇਆ ਹੈ।'

ਉਨ੍ਹਾਂ ਕਿਹਾ, "ਮੈਂ ਆਮ ਆਦਮੀ ਪਾਰਟੀ ਦਾ ਵਫ਼ਾਦਾਰ ਸਿਪਾਹੀ ਹਾਂ। ਪਰ ਆਪਣੀ ਗੱਲ ਕਹਿਣੀ ਮੇਰੀ ਨੈਤਿਕ ਜ਼ੁੰਮੇਵਾਰੀ ਬਣਦੀ ਹੈ। ਮੈਂ ਆਸ ਰੱਖਦਾ ਹਾਂ ਕਿ ਪਾਰਟੀ ਦੀ ਕੌਮੀ ਲੀਡਰਸ਼ਿਪ ਮੇਰੀਆਂ ਤੇ ਮੇਰੇ ਵਰਗੇ ਹੋਰਨਾਂ ਵਾਲੰਟੀਅਰਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਆਉਣ ਵਾਲੇ ਸਮੇਂ ਵਿੱਚ ਲੋਕਾਂ ਦੀਆਂ ਉਮੀਦਾਂ ਉੱਤੇ ਪੂਰਿਆਂ ਉਤਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।"

# ਮਾਨ ਨੂੰ ਪ੍ਰਧਾਨ ਬਣਾਏ ਜਾਣ ਮਗਰੋਂ ਵੜੈਚ ਤੇ ਖਹਿਰਾ ਨੇ 'ਰਣਨੀਤੀ' ਘੜੀ

**• ਖਹਿਰਾ ਨੇ ਕਿਹਾ-ਅਸਤੀਫ਼ੇ ਵਾਪਸ ਨਹੀਂ ਲਵਾਂਗਾ • ਭਾਜਪਾ ਆਗੂ ਦਾ ਦਾਅਵਾ-11 ਵਿਧਾਇਕ 'ਆਪ' ਛੱਡਣ ਲਈ ਤਿਆਰ**

**ਚੰਡੀਗੜ੍ਹ/ਬਿਊਰੋ ਨਿਊਜ਼ :**

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਦੇ ਅਹੁਦੇ ਤੋਂ ਗੁਰਪ੍ਰੀਤ ਸਿੰਘ ਵੜੈਚ ਨੂੰ ਹਟਾ ਕੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਪ੍ਰਧਾਨ ਬਣਾਉਣ ਦੇ ਨਾਲ ਹੀ ਇਕ ਵਾਰ ਮੁੜ ਪਾਰਟੀ ਵਿਚ ਵੱਡੇ ਧਮਾਕੇ ਹੋਣ ਦੀ ਸੰਭਾਵਨਾ ਬਣ ਗਈ ਹੈ। ਇਸ ਕਾਰਨ ਪਾਰਟੀ ਅੰਦਰ ਭੂਚਾਲ ਵਰਗੀ ਸਥਿਤੀ ਬਣੀ ਪਈ ਹੈ। ਸੂਤਰਾਂ ਅਨੁਸਾਰ ਸ੍ਰੀ ਮਾਨ ਨੂੰ ਪ੍ਰਧਾਨ ਬਣਾਉਣ ਤੋਂ ਨਿਰਾਸ਼ ਗੁਰਪ੍ਰੀਤ ਵੜੈਚ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੀਟਿੰਗ ਕਰ ਕੇ ਸਾਰੀ ਸਥਿਤੀ ਉਪਰ ਵਿਚਾਰ ਕੀਤਾ। ਸੰਪਰਕ ਕਰਨ 'ਤੇ ਸ੍ਰੀ ਖਹਿਰਾ ਨੇ ਪੁਸ਼ਟੀ ਕੀਤੀ ਕਿ ਸ੍ਰੀ ਵੜੈਚ ਉਨ੍ਹਾਂ ਕੋਲ ਆਏ ਸੀ ਅਤੇ ਉਨ੍ਹਾਂ ਨੇ ਸ੍ਰੀ ਮਾਨ ਨੂੰ ਪ੍ਰਧਾਨ ਬਣਾਉਣ ਤੋਂ ਬਾਅਦ ਪੈਦਾ ਹੋਈ ਸਥਿਤੀ ਉਪਰ ਚਰਚਾ ਕੀਤੀ ਹੈ। ਸ੍ਰੀ ਖਹਿਰਾ ਨੇ ਦੱਸਿਆ ਕਿ ਜਦੋਂ ਸ੍ਰੀ ਵੜੈਚ ਉਨ੍ਹਾਂ ਨੂੰ ਮਿਲਣ ਆਏ ਤਾਂ ਉਸੇ ਵੇਲੇ ਪਾਰਟੀ ਦੇ ਸਹਿ-ਪ੍ਰਧਾਨ ਬਣਾਏ ਵਿਧਾਇਕ ਅਮਨ ਅਰੋੜਾ ਵੀ ਉਨ੍ਹਾਂ ਨੂੰ



ਮਿਲਣ ਆ ਗਏ। ਉਨ੍ਹਾਂ ਅਜਿਹੀਆਂ ਅਫ਼ਵਾਹਾਂ ਦਾ ਖੰਡਨ ਕੀਤਾ ਕਿ ਉਨ੍ਹਾਂ ਪਾਰਟੀ ਦੇ 11 ਵਿਧਾਇਕਾਂ ਨਾਲ ਮੀਟਿੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਵੀ ਆਪਣੇ ਸਟੈਂਡ 'ਤੇ ਡਟੇ ਹਨ ਅਤੇ ਚੀਫ ਵ੍ਹਿਪ ਤੇ ਬੁਲਾਰੇ ਦੇ ਅਹੁਦਿਆਂ ਤੋਂ ਉਨ੍ਹਾਂ ਵੱਲੋਂ ਦਿੱਤੇ ਅਸਤੀਫੇ ਬਰਕਰਾਰ ਹਨ। ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਦੀ ਸ੍ਰੀ ਮਾਨ ਨਾਲ ਕੋਈ ਨਿੱਜੀ ਲੜਾਈ ਨਹੀਂ, ਸਗੋਂ ਉਹ ਪਾਰਟੀ ਵੱਲੋਂ ਆਪਣੀ ਹੀ ਵਿਚਾਰਧਾਰਾ ਤੋਂ ਲਗਾਤਾਰ 'ਥਿੜਕਣ' ਤੋਂ ਨਿਰਾਸ਼ ਹਨ।

ਦੂਜੇ ਪਾਸੇ ਸ੍ਰੀ ਵੜੈਚ ਸਾਰਾ ਦਿਨ ਖਾਮੋਸ਼ ਹੀ ਰਹੇ, ਪਰ ਸੂਤਰ ਦੱਸਦੇ ਹਨ ਕਿ ਉਹ ਹਾਈਕਮਾਨ ਵਿਰੁੱਧ ਬੜੇ ਭਰੇ ਪੀਤੇ ਹਨ। ਉਹ ਮਹਿਸੂਸ ਕਰਦੇ ਹਨ ਕਿ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨਾਲ ਵੀ 'ਵਰਤੋ ਤੇ ਸੁੱਟੋ' ਵਾਲੀ ਨੀਤੀ ਅਪਣਾਈ ਹੈ। ਸੂਤਰਾਂ ਅਨੁਸਾਰ ਸ੍ਰੀ ਵੜੈਚ ਕਿਸੇ ਵੇਲੇ ਵੀ ਜਨਤਕ ਤੌਰ 'ਤੇ ਕੇਂਦਰੀ ਲੀਡਰਸ਼ਿਪ ਅਤੇ ਭਗਵੰਤ ਮਾਨ ਵਿਰੁੱਧ ਭੜਾਸ ਕੱਢ ਸਕਦੇ ਹਨ।

ਉਧਰ ਸੰਪਰਕ ਕਰਨ 'ਤੇ ਭਾਜਪਾ ਦੇ ਸਕੱਤਰ ਵਿਨੀਤ ਜੋਸ਼ੀ ਨੇ ਦਾਅਵਾ ਕੀਤਾ ਕਿ 'ਆਪ' ਦੇ 11 ਵਿਧਾਇਕ ਪਾਰਟੀ ਛੱਡਣ ਨੂੰ ਫਿਰਦੇ ਹਨ ਅਤੇ ਉਹ ਭਾਜਪਾ ਵਿਚ ਵੀ ਸ਼ਾਮਲ ਹੋਣ ਦੇ ਚਾਹਵਾਨ ਹੋ ਸਕਦੇ ਹਨ। ਇਸੇ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਉਹ ਜਲਦ ਹੀ ਸਮੂਹ 20 ਵਿਧਾਇਕਾਂ ਸਮੇਤ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਮੁਹਿੰਮ ਵਿੱਢਣਗੇ।

# ਜਿਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਨਹੀਂ ਮਿਲੀ, ਉਹ ਹੁਣ ਪ੍ਰਧਾਨਗੀ ਹੜੱਪਣ ਲਈ ਮਾਰ ਰਹੇ ਨੇ ਹੱਥ-ਪੈਰ : ਗੁਰਪ੍ਰੀਤ ਸਿੰਘ ਵੜੈਚ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਵਿਚਲਾ ਖਿਲਾਰਾ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਪੰਜਾਬ ਇਕਾਈ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਕਿ ਚੋਣਾਂ ਦੌਰਾਨ ਜਿਹੜੇ ਆਗੂਆਂ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ ਟੁੱਟ ਗਏ ਹਨ, ਉਹ ਹੁਣ ਵੱਖ-ਵੱਖ ਢੰਗਾਂ ਨਾਲ ਸੂਬੇ ਦੀ ਪ੍ਰਧਾਨਗੀ ਹੜੱਪਣ ਲਈ ਹੱਥ-ਪੈਰ ਮਾਰ ਰਹੇ ਹਨ। ਸ੍ਰੀ ਵੜੈਚ ਨੇ ਕਿਹਾ ਕਿ ਭਾਵੇਂ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਕਿ ਕੁੱਝ ਵਿਧਾਇਕਾਂ ਨੇ ਉਸ (ਵੜੈਚ) ਨੂੰ ਹਟਾਉਣ ਦੀ ਮੁਹਿੰਮ ਚਲਾਈ ਹੈ ਪਰ ਪਿਛਲੇ ਦਿਨਾਂ ਦੀਆਂ ਸਰਗਰਮੀਆਂ ਤੋਂ ਸੰਕੇਤ ਮਿਲੇ ਹਨ ਕਿ ਜਿਹੜੇ ਆਗੂਆਂ ਦਾ ਹਾਰ ਕਾਰਨ ਮੁੱਖ ਮੰਤਰੀ ਬਣਨ ਦਾ ਦਾਅ ਨਹੀਂ ਲੱਗਾ, ਉਹ ਹੁਣ ਵੱਖ-ਵੱਖ ਢੰਗ-ਤਰੀਕਿਆਂ ਨਾਲ ਪੰਜਾਬ ਦੇ ਪ੍ਰਧਾਨ ਦੇ ਅਹੁਦੇ ਉਪਰ ਕਾਬਜ਼ ਹੋਣ ਲਈ ਕਾਹਲੇ ਪਏ ਹਨ। ਉਨ੍ਹਾਂ ਤਿੱਖੀ ਸੁਰ ਵਿੱਚ ਕਿਹਾ ਕਿ ਅਜਿਹੇ ਲੀਡਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਹਾਈਕਮਾਨ ਨੇ ਸੁੱਚਾ ਸਿੰਘ ਛੋਟੇਪੁਰ ਨੂੰ ਹਟਾਉਣ ਤੋਂ ਬਾਅਦ ਹੰਗਾਮੀ ਹਾਲਤ ਵਿੱਚ ਉਨ੍ਹਾਂ (ਵੜੈਚ) ਨੂੰ ਕਨਵੀਨਰ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਸਨ ਤਾਂ ਉਸ ਵੇਲੇ ਵੀ ਉਹ ਪਾਰਟੀ ਵਿੱਚ ਹੀ ਮੌਜੂਦ ਸਨ ਅਤੇ ਉਸ (ਵੜੈਚ) ਨੂੰ ਕਨਵੀਨਰ ਨਿਯੁਕਤ ਕਰਨ ਪਿੱਛੇ ਵੀ ਕੋਈ ਆਧਾਰ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦਾ ਪ੍ਰਧਾਨ ਕਿਸ ਨੂੰ ਬਣਾਉਣਾ ਹੈ ਅਤੇ ਕਿਸ ਨੂੰ ਹਟਾਉਣਾ ਹੈ, ਇਹ ਅਧਿਕਾਰ ਪਾਰਟੀ ਹਾਈਕਮਾਨ ਕੋਲ ਹੈ। ਸ੍ਰੀ ਵੜੈਚ ਨੇ ਕਿਹਾ ਕਿ ਪਾਰਟੀ ਵਿਧਾਇਕਾਂ ਕੋਲ ਪੰਜਾਬ ਦੇ ਅਣਗਿਣਤ ਮੁੱਦੇ ਹਨ ਅਤੇ ਉਨ੍ਹਾਂ ਨੂੰ ਲੋਕ ਮੁੱਦੇ ਉਠਾ ਕੇ ਸਰਕਾਰ ਕੋਲ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਹਾਈਕਮਾਨ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਨਾਰਾਜ਼ਗੀ ਨਾ ਹੋਣ ਦੀ ਗੱਲ ਆਖੀ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪਾਰਟੀ ਦੇ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀਏਸੀ) ਦੀ ਮੀਟਿੰਗ ਵਿੱਚ ਉਹ ਕਿਸੇ ਨਾਰਾਜ਼ਗੀ ਕਾਰਨ ਨਹੀਂ ਸਗੋਂ ਮਜਬੂਰੀ ਕਾਰਨ ਸ਼ਾਮਲ ਨਹੀਂ ਹੋ ਸਕੇ ਕਿਉਂਕਿ ਪੀਏਸੀ ਦੀ ਮੀਟਿੰਗ ਬਾਰੇ ਉਨ੍ਹਾਂ ਨੂੰ ਮੌਕੇ 'ਤੇ ਹੀ ਸੁਨੇਹਾ ਮਿਲਿਆ ਸੀ ਅਤੇ ਉਹ ਥੋੜ੍ਹੇ ਸਮੇਂ ਦੌਰਾਨ ਸਫ਼ਰ ਕਰ ਕੇ ਦਿੱਲੀ ਜਾਣ ਤੋਂ ਅਸਮਰੱਥ ਸਨ। ਉਨ੍ਹਾਂ ਦੱਸਿਆ ਕਿ ਹਾਈਕਮਾਨ ਨੂੰ ਪੰਜਾਬ ਇਕਾਈ ਦੀ ਸਿਰਜਣਾ ਪਾਰਟੀ ਦੇ ਸੰਵਿਧਾਨ ਮੁਤਾਬਕ ਕਰਨ ਦਾ ਮਤਾ ਪਾਸ ਕਰ ਕੇ ਭੇਜਿਆ ਹੈ। ਉਨ੍ਹਾਂ ਸਪਸ਼ਟ ਕੀਤਾ ਹੈ ਕਿ ਐਚ.ਐਸ. ਫੂਲਕਾ ਵੱਲੋਂ ਵਿੱਢੀ ਪੰਜਾਬ ਯਾਤਰਾ ਦਾ ਪਾਰਟੀ ਪਲੇਟਫਾਰਮ 'ਤੇ ਕੋਈ ਫੈਸਲਾ ਨਹੀਂ ਹੋਇਆ ਅਤੇ ਉਨ੍ਹਾਂ ਇਹ ਪ੍ਰੋਗਰਾਮ ਆਪਣੇ ਪੱਧਰ 'ਤੇ ਉਲੀਕਿਆ ਹੈ।

**ਫੂਲਕਾ ਨੂੰ ਕੇਜਰੀਵਾਲ ਦਾ ਥਾਪੜਾ :**

ਪਾਰਟੀ ਦੇ ਸੂਤਰਾਂ ਅਨੁਸਾਰ 'ਆਪ' ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਐਚ.ਐਸ. ਫੂਲਕਾ ਨੂੰ ਪੂਰਾ ਥਾਪੜਾ ਦਿੱਤਾ ਗਿਆ ਹੈ। ਪਾਰਟੀ ਦੇ 20 ਵਿਧਾਇਕਾਂ ਵਿਚੋਂ ਹੋਰ ਵਿਧਾਇਕ ਵੀ ਵਿਰੋਧੀ ਧਿਰ ਦੇ ਆਗੂ ਬਣਨ ਲਈ ਯਤਨਸ਼ੀਲ ਸਨ ਪਰ ਸ੍ਰੀ ਕੇਜਰੀਵਾਲ ਨੇ ਸ੍ਰੀ ਫੂਲਕਾ ਨੂੰ ਇਹ ਜ਼ਿੰਮੇਵਾਰੀ ਸੌਂਪ ਕੇ ਸੰਕੇਤ ਦਿੱਤੇ ਹਨ ਕਿ ਪੰਜਾਬ ਦੇ ਮੁੱਖ ਆਗੂ ਹੁਣ ਸ੍ਰੀ ਫੂਲਕਾ ਹੀ ਹਨ। ਸੂਤਰਾਂ ਅਨੁਸਾਰ ਪਾਰਟੀ ਸੁਪਰੀਮੋ ਦੇ ਇਸ ਥਾਪੜੇ ਕਾਰਨ ਹੀ ਸ੍ਰੀ ਫੂਲਕਾ ਨੇ ਆਪਣੇ ਪੱਧਰ 'ਤੇ ਪੰਜਾਬ ਯਾਤਰਾ ਦਾ ਪ੍ਰੋਗਰਾਮ ਉਲੀਕਿਆ ਹੈ।

# ਟਰੰਪ ਨੇ ਐਫ.ਬੀ.ਆਈ. ਮੁਖੀ ਜੇਮਸ ਕੋਮੀ ਨੂੰ ਕੀਤਾ ਬਰਖ਼ਾਸਤ

**ਕੋਮੀ ਦੀ ਬਰਖ਼ਾਸਤਗੀ ਨੇ ਕਈ ਸ਼ੰਕੇ ਖੜ੍ਹੇ ਕੀਤੇ**

**ਵਾਸ਼ਿੰਗਟਨ/ਬਿਊਰੋ ਨਿਊਜ਼ :**

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਘੀ ਜਾਂਚ ਏਜੰਸੀ ਐਫ.ਬੀ.ਆਈ. ਦੇ ਡਾਇਰੈਕਟਰ ਜੇਮਸ ਕੋਮੀ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਵ੍ਹਾਈਟ ਹਾਊਸ ਮੁਤਾਬਕ ਜੇਮਸ ਕੋਮੀ ਨੂੰ ਅਟਾਰਨੀ ਜਨਰਲ ਜੇਫ਼ ਸੇਸ਼ਨਸ ਦੀ ਸਿਫ਼ਾਰਸ਼ 'ਤੇ ਹਟਾਇਆ ਗਿਆ ਹੈ। ਜੇਮਸ ਕੋਮੀ ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਟਰੰਪ ਦੇ ਚੋਣ ਪ੍ਰਚਾਰ ਦੇ ਰੂਸ ਨਾਲ ਕਥਿਤ ਸਬੰਧ ਦੀ ਜਾਂਚ ਦੀ ਅਗਵਾਈ ਕਰ ਰਹੇ ਸਨ। ਟਰੰਪ ਨੇ ਇਕ ਪੱਤਰ ਲਿਖ ਕੇ ਜੇਮਸ ਕੋਮੀ ਨੂੰ ਕਿਹਾ ਹੈ ਕਿ ਉਹ ਅਸਰਦਾਰ ਢੰਗ ਨਾਲ ਐਫ.ਬੀ.ਆਈ. ਦੀ ਅਗਵਾਈ ਨਹੀਂ ਕਰ ਰਹੇ। ਟਰੰਪ ਨੇ ਇਹ ਫ਼ੈਸਲਾ ਅਜਿਹੇ ਸਮੇਂ ਲਿਆ ਹੈ ਜਦੋਂ ਇਹ ਖ਼ਬਰ ਸਾਹਮਣੇ ਆਈ ਹੈ ਕਿ ਪਿਛਲੇ ਹਫ਼ਤੇ ਜੇਮਸ ਕੋਮੀ ਨੇ ਅਮਰੀਕੀ ਕਾਂਗਰਸ ਨੂੰ ਹਿਲੇਰੀ ਕਲਿੰਟਨ ਦੇ ਈਮੇਲ ਬਾਰੇ ਗ਼ਲਤ ਜਾਣਕਾਰੀ ਦਿੱਤੀ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਨਵੰਬਰ ਵਿਚ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਦੇ ਵਿਦੇਸ਼ ਮੰਤਰੀ ਰਹਿੰਦਿਆਂ ਨਿੱਜੀ ਸਰਵਰ ਤੋਂ ਈਮੇਲ ਭੇਜਣ ਦੇ ਮਾਮਲੇ ਵਿਚ ਨਵੇਂ ਈਮੇਲਜ਼ ਮਿਲਣ ਦੀ ਜਾਣਕਾਰੀ ਦੇ ਕੇ ਜੇਮਸ ਕੋਮੀ ਨੇ ਮੁੜ ਜਾਂਚ ਸ਼ੁਰੂ ਕਰ ਦਿੱਤੀ ਸੀ। ਚੋਣਾਂ ਵਿਚ ਆਪਣੀ ਹਾਰ ਲਈ ਹਿਲੇਰੀ ਨੇ ਜੇਮਸ ਕੋਮੀ ਨੂੰ ਜ਼ਿੰਮੇਵਾਰ ਠਹਿਰਾਇਆ ਸੀ।

ਉਧਰ ਟਰੰਪ ਨੇ ਜੇਮਸ ਕੋਮੀ ਨੂੰ ਅਹੁਦੇ ਤੋਂ ਹਟਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਇਸ ਦੀ ਸੂਹ ਨਾ ਤਾਂ ਕਾਂਗਰਸ ਨੂੰ ਸੀ, ਨਾ ਹੀ ਕੰਜ਼ਰਵੇਟਿਵ ਖੇਮੇ ਵਿਚ ਅਤੇ ਇਥੋਂ ਤੱਕ ਕਿ ਖ਼ੁਦ ਐਫ.ਬੀ.ਆਈ. ਨੂੰ ਵੀ ਨਹੀਂ। ਟਰੰਪ ਦੇ ਇਸ ਕਦਮ ਨਾਲ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੁੰਦੇ ਹਨ। ਇਥੇ ਕੁਝ ਵੱਡੇ ਸਵਾਲ ਹਨ, ਜਿਨ੍ਹਾਂ 'ਤੇ ਸਭ ਦਾ ਧਿਆਨ ਜਾਂਦਾ ਹੈ। ਜਿਸ ਵਕਤ ਅਤੇ ਜਿੰਨੀ ਹੜਬੜੀ ਨਾਲ ਜੇਮਸ ਕੋਮੀ ਨੂੰ ਅਹੁਦੇ ਤੋਂ ਹਟਾਇਆ ਗਿਆ ਹੈ, ਉਸ ਨਾਲ ਮਾਮਲਾ ਕਾਫ਼ੀ ਸ਼ੱਕੀ ਹੋ ਗਿਆ ਹੈ। ਠੀਕ ਇਕ ਹਫ਼ਤੇ ਪਹਿਲਾਂ ਐਫ.ਬੀ.ਆਈ. ਡਾਇਰੈਕਟਰ ਨੇ ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਰੂਸੀ ਦਖ਼ਲਅੰਦਾਜ਼ੀ ਦੀ ਜਾਂਚ 'ਤੇ ਬਿਆਨ ਦਿੱਤਾ ਸੀ। ਇਸ ਮਾਮਲੇ ਵਿਚ ਟਰੰਪ ਦੀ ਚੋਣ ਮੁਹਿੰਮ ਦੇ ਰੂਸੀ ਅਧਿਕਾਰੀਆਂ ਦੇ ਕਥਿਤ ਸਬੰਧਾਂ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਹੈ।



ਕੋਮੀ 'ਦੁਨੀਆ ਭਰ ਵਿਚ ਖ਼ਤਰੇ' ਵਿਸ਼ੇ 'ਤੇ ਸੰਬੋਧਨ ਲਈ ਕਾਂਗਰਸ ਵਿਚ ਪੇਸ਼ ਹੋਣ ਵਾਲੇ ਸਨ। ਆਪਣੀ ਚੋਣ ਮੁਹਿੰਮ ਦੇ ਕਥਿਤ ਰੂਸੀ ਗਠਜੋੜ ਨੂੰ ਲੈ ਕੇ ਟਰੰਪ ਨੇ ਲਗਾਤਾਰ ਟਵੀਟ ਕੀਤੇ ਹਨ। ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਨੂੰ ਭਟਕਾਉਣ ਵਾਲਾ ਕਰਾਰ ਦਿੱਤਾ। ਟਰੰਪ ਨੇ ਕਿਹਾ ਕਿ ਇਹ ਕਰਦਾਤਾਵਾਂ ਦੇ ਪੈਸੇ ਨਾਲ ਇਕ ਢੋਂਗ ਰਚਣ ਵਰਗਾ ਹੈ। ਅਚਾਨਕ ਇਸ ਮਾਮਲੇ ਦੀ ਜਾਂਚ ਕਰਨ ਵਾਲੇ ਵਿਅਕਤੀ ਨੂੰ ਰਾਸ਼ਟਰਪਤੀ ਨੇ ਖ਼ੁਦ ਹੀ ਦਰਵਾਜ਼ਾ ਦਿਖਾ ਦਿੱਤਾ। ਹਾਲਾਂਕਿ ਇਸ ਮਾਮਲੇ ਵਿਚ ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਕੋਮੀ ਨੂੰ ਹਿਲੇਰੀ ਕਲਿੰਟਨ ਦੀ ਈਮੇਲ ਸਰਵਰ ਨਾਲ ਜੁੜੀਆਂ ਜਾਂਚ ਦੀਆਂ ਚਿੰਤਾਵਾਂ ਕਾਰਨ ਹਟਾਇਆ ਗਿਆ ਹੈ। ਵ੍ਹਾਈਟ ਹਾਊਸ ਦੇ ਇਸ ਤਰਕ ਨੂੰ ਬਹੁਤ ਲੋਕ ਪਚਾ ਨਹੀਂ ਪਾ ਰਹੇ, ਖ਼ਾਸ ਕਰਕੇ ਡੈਮੋਕਰੈਟਸ ਲਈ ਇਹ ਤਰਕ ਬਿਲਕੁਲ ਸਮਝ ਤੋਂ ਪਰ੍ਹੇ ਹੈ।

ਟਰੰਪ ਕੋਮੀ ਦੇ ਮਾਮਲੇ ਵਿਚ ਪਿਛਲੇ ਸਾਲ ਨੂੰ ਯਾਦ ਕਰ ਸਕਦੇ ਹਨ, ਜਦੋਂ ਚੋਣਾਂ ਤੋਂ ਠੀਕ ਪਹਿਲਾਂ ਉਨ੍ਹਾਂ ਨੇ ਈਮੇਲ ਨਾਲ ਜੁੜੀ ਜਾਂਚ ਲਈ ਉਨ੍ਹਾਂ ਦੀ ਤਾਰੀਫ਼ ਕੀਤੀ ਸੀ। ਟਰੰਪ ਨੇ ਇਕ ਚੋਣ ਰੈਲੀ ਵਿਚ ਕਿਹਾ, 'ਕੋਮੀ ਨੇ ਹਿਲੇਰੀ ਦੇ ਮਾਮਲੇ ਵਿਚ ਆਪਣੇ ਸਾਹਸ ਦਾ ਪਰਿਚੈ ਦਿੱਤਾ ਹੈ।' ਉਦੋਂ ਟਰੰਪ ਨੂੰ ਕੋਮੀ ਵਿਚ ਕਾਫ਼ੀ ਸਾਹਸ ਨਜ਼ਰ ਆਇਆ। ਇੰਜ ਲਗ ਰਿਹਾ ਹੈ ਕਿ ਟਰੰਪ ਐਫ.ਬੀ.ਆਈ. ਡਾਇਰੈਕਟਰ ਤੋਂ ਨਾਖ਼ੁਸ਼ ਸੀ। 'ਨਿਊ ਯਾਰਕ ਟਾਈਮਜ਼' ਮੁਤਾਬਕ ਉਹ ਪਿਛਲੇ ਕੁਝ ਹਫ਼ਤਿਆਂ ਤੋਂ ਕੋਮੀ ਨੂੰ ਅਹੁਦੇ ਤੋਂ ਹਟਾਉਣ ਦਾ ਕਾਰਨ ਲੱਭ ਰਹੇ ਸਨ।

ਜੇਕਰ ਟਰੰਪ ਨੇ ਕੋਮੀ ਨੂੰ ਈਮੇਲ ਜਾਂਚ ਕਾਰਨ ਹਟਾਇਆ ਹੈ ਤਾਂ ਹੁਣੇ ਕਿਉਂ ? ਆਖ਼ਰ ਵ੍ਹਾਈਟ ਹਾਊਸ ਇਨ੍ਹਾਂ ਸਵਾਲਾਂ ਦੇ ਜਵਾਬ ਕਿਵੇਂ ਦੇਵੇਗਾ ? ਕੀ ਇਨ੍ਹਾਂ ਸਵਾਲਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇਗਾ ਜਾਂ ਫਿਰ ਇਹ ਵਕਤ ਦੇ ਨਾਲ ਨਾਲ ਖ਼ਤਮ ਹੋ ਜਾਣਗੇ ? ਵ੍ਹਾਈਟ ਹਾਊਸ ਨੇ ਹੁਣ ਡੈਮੋਕਰੈਟਿਕ ਸੈਨੇਟ ਘੱਟ ਗਿਣਤੀ ਨੇਤਾ ਦਾ ਪੁਰਾਣਾ ਉਦਾਹਰਣ ਵੰਡਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਸਾਲ ਨਵੰਬਰ ਵਿਚ ਡੈਮੋਕਰੈਟਿਕ ਨੇਤਾ ਚਕ ਸ਼ੂਮਰ ਨੇ ਹਿਲੇਰੀ ਦੀ ਜਾਂਚ ਦੇ ਤਰੀਕਿਆਂ ਨੂੰ ਲੈ ਕੇ ਐਫ.ਬੀ.ਆਈ. ਡਾਇਰੈਕਟਰ ਦੀ ਆਲੋਚਨਾ ਕੀਤੀ ਸੀ। ਚਕ ਸ਼ੂਮਰ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਕੋਮੀ ਵਿਚ ਹੁਣ ਭਰੋਸਾ ਨਹੀਂ ਰਿਹਾ। ਹਾਲਾਂਕਿ ਹੁਣ ਕਈ ਡੈਮੋਕਰੈਟਿਕਸ ਕੋਮੀ ਦੀ ਬਰਖ਼ਾਸਤਗੀ ਦਾ ਵਿਰੋਧ ਕਰ ਰਹੇ ਹਨ।

ਅਹਿਮ ਗੱਲ ਇਹੀ ਹੈ ਕਿ ਕੋਮੀ ਟਰੰਪ-ਰੂਸ ਸਬੰਧਾਂ ਦੀ ਜਾਂਚ ਕਿਵੇਂ ਕਰ ਰਹੇ ਸਨ। ਚੋਣਾਂ ਸਮੇਂ ਹਿਲੇਰੀ ਦੀ ਈਮੇਲ ਅਤੇ ਟਰੰਪ-ਰੂਸ ਸਬੰਧ ਨੂੰ ਲੈ ਕੇ ਕਾਫ਼ੀ ਬਹਿਸ ਹੋਈ ਸੀ। ਟਰੰਪ ਦੀ ਮੁਹਿੰਮ ਅਤੇ ਰੂਸੀ ਸਬੰਧਾਂ ਦੀ ਜਾਂਚ ਨੂੰ ਲੈ ਕੇ ਸ਼ੂਮਰ ਨੇ ਆਜ਼ਾਦ ਜਾਂਚ ਦੀ ਮੰਗ ਵੀ ਕੀਤੀ ਸੀ।

ਅੰਮ੍ਰਿਤਸਰ ਟਾਈਮਜ਼
AMRITSAR TIMES
10 ਮਈ 2017 ਤੋਂ 16 ਮਈ 2017

# 'ਆਪ' ਨਹੀਂ, ਆਮ ਲੋਕਾਂ ਦੀਆਂ ਉਮੀਦਾਂ ਟੁੱਟੀਆਂ

## 'ਮੈਂ' ਤੋਂ 'ਆਪ' ਦੇ ਸਫ਼ਰ ਦੀ ਲੋੜ

ਭ੍ਰਿਸ਼ਟਾਚਾਰ ਵਿਰੋਧੀ ਅੰਨਾ ਹਜ਼ਾਰੇ ਦੇ ਦੇਸ਼ ਵਿਆਪੀ ਜਨ ਅੰਦੋਲਨ ਵਿਚੋਂ ਨਿਕਲੀ 'ਆਮ ਆਦਮੀ ਪਾਰਟੀ' ਜਦੋਂ ਦੁਨੀਆ ਦੀ ਨਜ਼ਰ ਵਿਚ ਉਭਰੀ ਤਾਂ ਹਰ ਪਾਸੇ 'ਸਫ਼ੇਦ ਟੋਪੀਆਂ' ਤੇ 'ਪੀਲੀਆਂ ਪੱਗੜੀਆਂ' ਦਾ ਫ਼ੈਸ਼ਨ ਹੋ ਤੁਰਿਆ। ਜਿੰਨੀ ਤੇਜ਼ੀ ਨਾਲ ਇਹ ਫ਼ੈਸ਼ਨ ਲੋਕਾਂ ਦੇ ਸਿਰ ਚੜ੍ਹ ਬੋਲਿਆ, ਓਨੇ ਤੇਜ਼ ਰਫ਼ਤਾਰੇ ਇਹ ਲਹਿੰਦਾ ਵੀ ਜਾ ਰਿਹਾ ਹੈ। ਆਮ ਆਦਮੀ ਪਾਰਟੀ ਟੁੱਟਣ ਨਾਲ 'ਖ਼ਾਸ' ਲੋਕਾਂ ਨੂੰ ਤਾਂ ਫ਼ਰਕ ਨਹੀਂ ਪੈਣਾ ਪਰ ਆਮ ਲੋਕਾਂ ਦੀਆਂ ਉਮੀਦਾਂ ਜ਼ਰੂਰ ਟੁੱਟੀਆਂ ਹਨ। ਭਾਰਤੀ ਅਵਾਮ ਨੂੰ ਲੁੱਟਦੀਆਂ ਆ ਰਹੀਆਂ ਰਵਾਇਤੀ ਪਾਰਟੀਆਂ ਤੋਂ ਅੱਕੇ-ਥੱਕੇ ਲੋਕਾਂ ਨੂੰ 'ਆਪ' ਰਾਹੀਂ ਕੁਝ ਚੰਗਾ ਹੋ-ਵਾਪਰਨ ਦੀ ਉਮੀਦ ਬੱਝੀ ਸੀ ਪਰ ਉਹ ਹੁਣ ਨਾ ਸਿਰਫ਼ ਬੇਉਮੀਦੇ ਹੋ ਕੇ ਘਰਾਂ ਨੂੰ ਪਰਤ ਗਏ ਹਨ, ਸਗੋਂ ਆਮ ਆਦਮੀ ਦੀ ਲੜਾਈ ਹੋਰ ਕਈ ਵਰ੍ਹੇ ਪਿੱਛੇ ਪੈ ਗਈ ਹੈ। ਜਿੱਥੇ ਦਿੱਲੀ ਦੇ ਲੋਕਾਂ ਨੇ 'ਆਪ' ਲਈ ਦਿਲਦਾਰੀ ਦਿਖਾਈ, ਉਥੇ ਦੇਸ਼-ਵਿਦੇਸ਼ ਵਿਚ ਵੱਸਦੇ ਪੰਜਾਬੀਆਂ ਨੇ ਵੀ ਇਸ ਨੂੰ ਆਪਣੀਆਂ ਪਲਕਾਂ 'ਤੇ ਬਿਠਾਇਆ। ਆਪਣੀਆਂ ਹੀ ਬੇਸ਼ੁਮਾਰ ਗ਼ਲਤੀਆਂ ਸਦਕਾ ਅੱਜ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਦਿੱਲੀ-ਪੰਜਾਬ ਦੋਹਾਂ ਮੋਰਚਿਆਂ 'ਤੇ ਮਾਤ ਖਾ ਗਏ ਹਨ। ਭ੍ਰਿਸ਼ਟਾਚਾਰ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨ ਵਾਲੇ ਕੇਜਰੀਵਾਲ ਅੱਜ ਖ਼ੁਦ 'ਭ੍ਰਿਸ਼ਟ' ਵਿਅਕਤੀਆਂ ਦੀ ਕਤਾਰ ਵਿਚ ਖੜ੍ਹੇ ਹਨ।

ਖ਼ੈਰ, ਇਸ 'ਤੇ ਯਕੀਨ ਕਰਨਾ ਸੌਖਾ ਨਹੀਂ ਹੈ ਕਿਉਂਕਿ ਕੇਜਰੀਵਾਲ ਦੇ ਹੀ ਭਰੋਸੇਯੋਗ ਜਲ ਸਰੋਤ ਮੰਤਰੀ ਕਪਿਲ ਮਿਸ਼ਰਾ ਨੇ ਉਨ੍ਹਾਂ 'ਤੇ 2 ਕਰੋੜ ਰੁਪਏ ਦੀ 'ਦਲਾਲੀ' ਦੇ ਦੋਸ਼ ਉਦੋਂ ਲਾਏ, ਜਦੋਂ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਗਿਆ। ਹਰੇਕ ਪਾਰਟੀ ਵਿਚ ਇਹੀ ਹੁੰਦਾ ਹੈ, ਜਦੋਂ ਕਿਸੇ ਵਿਧਾਇਕ ਜਾਂ ਮੰਤਰੀ ਨੂੰ ਅਹੁਦੇ ਤੋਂ ਫਾਰਗ ਕੀਤਾ ਜਾਂਦਾ ਹੈ ਤਾਂ ਉਹ ਅਜਿਹੇ ਇਲਜ਼ਾਮਾਂ ਨਾਲ ਮੀਡੀਆ ਸਾਹਮਣੇ ਆਉਂਦਾ ਹੈ। ਇਸ ਦਾ ਮਤਲਬ ਜਦੋਂ ਤਕ ਉਹ ਅਹੁਦੇ 'ਤੇ ਕਾਇਮ ਹੈ ਤਾਂ ਉਸੇ 'ਭ੍ਰਿਸ਼ਟ ਸਿਸਟਮ' ਦਾ ਹਿੱਸਾ ਹੁੰਦਾ ਹੈ। ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਹੁਣ ਤਕ ਕੇਜਰੀਵਾਲ ਲਈ ਕਪਿਲ ਮਿਸ਼ਰਾ ਸਭ ਤੋਂ ਕਾਬਿਲ ਸਨ ਤੇ ਅਚਾਨਕ ਉਨ੍ਹਾਂ 'ਤੇ ਦਿੱਲੀ ਵਾਸੀਆਂ ਦੀ ਪਾਣੀ ਦੀ ਕਿੱਲਤ ਦੂਰ ਨਾ ਕਰਨ ਦੇ ਸਮਰਥ ਨਾ ਹੋਣ ਦਾ ਦੋਸ਼ ਲਾ ਕੇ ਅਹੁਦੇ ਤੋਂ ਫ਼ਾਰਗ ਕਰ ਦਿੱਤਾ ਗਿਆ। ਤੇ ਕਪਿਲ ਮਿਸ਼ਰਾ ਨੇ ਵੀ ਬਰਾਬਰ ਵਾਰ ਕਰਦਿਆਂ ਦੋਸ਼ ਲਾਇਆ ਕਿ ਸਤੇਂਦਰ ਜੈਨ ਨੇ ਕੇਜਰੀਵਾਲ ਦੇ ਇਕ ਰਿਸ਼ਤੇਦਾਰ ਨੂੰ 50 ਕਰੋੜ ਰੁਪਏ ਦੀ ਜ਼ਮੀਨ ਸੌਦੇ ਵਿਚ ਮਦਦ ਕੀਤੀ। ਇਨ੍ਹਾਂ ਦੀ ਸਚਾਈ ਬਾਰੇ ਕੁਝ ਵੀ ਕਹਿਣਾ ਮੁਸ਼ਕਲ ਹੈ ਕਿਉਂਕਿ ਕਪਿਲ ਮਿਸ਼ਰਾ ਨੇ ਕਿਸੇ ਤਰ੍ਹਾਂ ਦੇ ਪ੍ਰਮਾਣ ਪੱਤਰ ਪੇਸ਼ ਨਹੀਂ ਕੀਤੇ ਪਰ 'ਆਪ' ਲੀਡਰਸ਼ਿਪ ਦਾ ਇਸ ਮਹਿਜ਼ 'ਬੇਬੁਨਿਆਦ ਦੋਸ਼' ਕਹਿ ਕੇ ਪਿੱਛਾ ਨਹੀਂ ਛੁਡਾਇਆ ਜਾ ਸਕਦਾ। ਇਸ ਤੋਂ ਪਹਿਲਾਂ ਪਾਰਟੀ ਵਿਧਾਇਕ ਅਮਾਨਤੁੱਲ੍ਹਾ ਖਾਨ ਤੇ ਸੀਨੀਅਰ ਆਗੂ ਕੁਮਾਰ ਵਿਸ਼ਵਾਸ ਵਿਚਾਲੇ ਤੋਹਮਬਾਜ਼ੀ ਦਾ ਵਿਵਾਦ ਭਖਿਆ ਤਾਂ ਅਮਾਨਤੁੱਲ੍ਹਾ ਨੂੰ ਅਹੁਦੇ ਤੋਂ ਹਟਾ ਕੇ ਕੁਮਾਰ ਵਿਸ਼ਵਾਸ ਨੂੰ ਰਾਜਸਥਾਨ ਦੀ ਇੰਚਾਰਜੀ ਦੇ ਕੇ ਮਾਮਲਾ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।

ਪੰਜਾਬ ਵਿਚ ਵੀ ਪਾਰਟੀ ਦੇ ਹਾਲਾਤ ਸੁਖਾਵੇਂ ਨਹੀਂ ਹਨ। ਭਗਵੰਤ ਮਾਨ, ਗੁਰਪ੍ਰੀਤ ਸਿੰਘ ਵੜੈਚ, ਸੁਖਪਾਲ ਖਹਿਰਾ ਤੇ ਐਚ.ਐਸ. ਫੂਲਕਾ ਦੇ ਚਾਰੋ ਗੁੱਟਾਂ ਦੀ ਆਪਸੀ ਖਹਿਬਾਜ਼ੀ ਦਾ ਸਿੱਟਾ ਭਗਵੰਤ ਮਾਨ ਨੂੰ ਪਾਰਟੀ ਦੀ ਕਮਾਂਡ ਸੌਂਪਣ ਦੇ ਰੂਪ ਵਿਚ ਸਾਹਮਣੇ ਆਇਆ। ਪਰ ਇਹ ਕਲੇਸ਼ ਇੱਥੇ ਹੀ ਮੁਕਦਾ ਨਜ਼ਰ ਨਹੀਂ ਆਉਂਦਾ। ਮਾਨ ਨੂੰ ਪ੍ਰਧਾਨ ਬਣਾਉਂਦਿਆਂ ਹੀ ਸਾਰੇ ਪਾਸਿਆਂ ਤੋਂ ਵਿਰੋਧ ਤਿੱਖਾ ਹੋ ਗਿਆ ਹੈ। ਇਸ ਅੰਦਰੂਨੀ ਕਾਟੋ ਕਲੇਸ਼ ਦੇ ਸੰਕੇਤ ਤਾਂ ਪਾਰਟੀ ਦੇ ਇੱਕ ਸੀਨੀਅਰ ਆਗੂ,ਜਿਹੜਾ ਖੁਦ ਪ੍ਰਧਾਨ ਬਣਨ ਲਈ ਤਰਲੋਮੱਛੀ ਹੋ ਰਿਹਾ ਸੀ, ਵਲੋਂ ਕੌਮੀ ਕਨਵੀਨਰ ਦੇ ਨਾਂਅ ਕੁਝ ਪ੍ਰਵਾਸੀਆਂ ਵਲੋਂ ਲਿਖਾਈ ਅਤੇ ਪ੍ਰੈਸ ਲਈ ਜਾਰੀ ਕੀਤੀ ਉਸ ਚਿੱਠੀ ਤੋਂ ਹੀ ਸਾਫ਼ ਸਾਹਮਣੇ ਆ ਗਏ ਸਨ ਜਿਸ 'ਚ ਭਗਵੰਤ ਮਾਨ ਉੱਤੇ ਕਈ ਤਰ੍ਹਾਂ ਦੇ ਦੇਸ਼ ਲਾ ਕੇ ਪ੍ਰਧਾਨ ਬਣਾਉਣ ਵਿਰੁਧ ਅਗਾਊ ਚੌਕਸ ਕੀਤਾ ਗਿਆ ਸੀ। ਹੁਣ ਮਾਨ ਨੂੰ ਪੰਜਾਬ ਦੀ ਕਮਾਂਡ ਸੌਂਪ ਦਿੱਤੇ ਜਾਣ ਤੋਂ ਦੁਆਬੇ ਤੇ ਮਾਝੇ ਦੇ ਸਮਰਥਕ ਨਾਰਾਜ਼ ਹੋ ਗਏ ਹਨ। ਸੁਖਪਾਲ ਖਹਿਰਾ ਨੇ ਇਸ ਦਾ ਵਿਰੋਧ ਜ਼ਾਹਰ ਕਰਦਿਆਂ ਚੀਫ਼ ਵ੍ਹਿਪ ਅਤੇ ਤਰਜਮਾਨ ਦੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ, ਜਦਕਿ ਗੁਰਪ੍ਰੀਤ ਘੁੱਗੀ ਨੇ ਵੀ ਆਪਣੀ ਨਾਰਾਜ਼ਗੀ ਪ੍ਰਗਟ ਕਰਦਿਆਂ ਕਹਿ ਦਿੱਤਾ ਹੈ ਕਿ 'ਜੇ ਇੰਜ ਹੀ ਕਰਨਾ ਸੀ ਤਾਂ ਮੈਨੂੰ ਸੱਦਣ ਦੀ ਕੀ ਲੋੜ ਸੀ, ਘਰੇ ਬੈਠੇ ਨੂੰ ਹੀ ਦੱਸ ਦੇਣਾ ਸੀ।' ਐਚ.ਐਸ. ਫੂਲਕਾ ਨੇ ਭਾਵੇਂ ਕੋਈ ਟਿੱਪਣੀ ਨਹੀਂ ਕੀਤੀ ਪਰ ਉਹ ਸ਼ੁਰੂ ਤੋਂ ਹੀ ਭਗਵੰਤ ਮਾਨ ਦੇ ਖ਼ਿਲਾਫ਼ ਦੱਸੇ ਜਾਂਦੇ ਹਨ।

ਨਵੇਂ ਉਭਰੇ ਸਮੀਕਰਨਾਂ ਨੇ ਹੁਣ ਇਹ ਚਰਚਾ ਛੇੜ ਦਿੱਤੀ ਹੈ ਕਿ ਆਖ਼ਰ ਘੁੱਗੀ ਤੇ ਖਹਿਰਾ ਦਾ 'ਆਪ' ਵਿਚ ਕੋਈ ਭਵਿੱਖ ਹੈ ਜਾਂ ਫਿਰ ਉਹ ਕਿਸੇ ਹੋਰ ਪਾਰਟੀ ਵੱਲ ਰੁਖ਼ ਕਰਨਗੇ। ਇਧਰੋਂ-ਉਧਰੋਂ ਮਿਲ ਰਹੀਆਂ ਕਨਸੋਆਂ ਮੁਤਾਬਕ ਤਾਂ ਖਹਿਰਾ ਦਾ ਹੁਣ 'ਆਪ' ਵਿਚ ਗੁਜ਼ਾਰਾ ਮੁਸ਼ਕਲ ਲੱਗ ਰਿਹਾ ਹੈ ਤੇ ਉਹ ਜਲਦੀ ਹੀ ਇਸ ਨੂੰ ਅਲਵਿਦ੍ਹਾ ਕਹਿ ਕੇ 'ਭਾਜਪਾ' ਵਿਚ ਸ਼ਾਮਲ ਹੋ ਸਕਦੇ ਹਨ। ਕਾਂਗਰਸ ਛੱਡ ਕੇ 'ਆਪ' ਵਿਚ ਆਪਣਾ ਭਵਿੱਖ ਤਲਾਸ਼ਣ ਆਏ ਖਹਿਰਾ ਦੇ ਭਾਜਪਾ ਵਿਚ ਜਾਣ ਨਾਲ ਕੋਈ ਹੈਰਾਨੀ ਵੀ ਨਹੀਂ ਹੋਣ ਵਾਲੀ। ਪਾਰਟੀ ਲੀਡਰਸ਼ਿਪ ਘੁੱਗੀ ਨੂੰ ਮਨਾਉਣ ਲਈ ਗੁਰਦਾਸਪੁਰ ਲੋਕ ਸਭਾ ਦੀ ਜ਼ਿਮਨੀ ਚੋਣ ਵੀ ਲੜਾ ਸਕਦੀ ਹੈ।

ਕੌਮੀ ਲੀਡਰਸ਼ਿਪ ਪਾਰਟੀ ਨੂੰ ਬਚਾਉਣ ਲਈ ਹੁਣ ਕਿੰਨੀ ਵੀ ਜ਼ੋਰ-ਅਜ਼ਮਾਈ ਕਰ ਲਵੇ ਪਰ ਇਹਦਾ ਉਭਰਨਾ ਹੁਣ ਏਨਾ ਸੌਖਾ ਨਹੀਂ ਹੈ। ਇਹਦਾ ਵੱਡਾ ਕਾਰਨ ਇਹ ਹੈ ਕਿ ਲਹਿਰ ਵਿਚੋਂ ਉਪਜੀ 'ਆਪ' ਆਪਣੀਆਂ ਹੀ ਗ਼ਲਤੀਆਂ ਦੇ ਵਹਿਣ ਵਿਚ ਵਹਿ ਗਈ ਹੈ। 'ਆਪ' ਦਾ ਉਭਾਰ ਤੀਜੀ ਧਿਰ ਵਜੋਂ ਹੋਇਆ ਸੀ। ਨਵੀਂ ਆਸ ਨਾਲ ਲੋਕ ਆਪ ਮੁਹਾਰੇ ਇਹਦੇ ਨਾਲ ਜੁੜੇ ਸਨ। ਲੋਕਾਂ ਦੇ ਭਰਵੇਂ ਹੁੰਗਾਰੇ ਨੂੰ ਦੇਖਦਿਆਂ ਹੀ ਇਸ ਵਿਚ ਸੱਤਾ ਦੇ ਲਾਲਚੀ ਲੋਕ ਜੁੜਦੇ ਗਏ ਤੇ ਸੰਜੀਦਗੀ ਨਾਲ ਕੰਮ ਕਰਨ ਵਾਲਿਆਂ ਦੀ ਛਾਂਟੀ ਹੁੰਦੀ ਰਹੀ। ਸਾਫ਼-ਸੁਥਰਾ ਪ੍ਰਸ਼ਾਸਨ ਦੇਣ ਦੇ ਆਦਰਸ਼ ਨਾਲ ਤੁਰੀ ਪਾਰਟੀ ਵਿਚਾਰਾਂ ਤੋਂ ਕੋਰੀ ਰਹੀ। ਚੋਣ ਜਿੱਤਣ ਲਈ ਰਵਾਇਤੀ ਪਾਰਟੀਆਂ ਵਾਂਗ ਦਾਅਵਿਆਂ, ਲਾਰਿਆਂ, ਨਾਅਰਿਆਂ ਦੀ ਹੇਠਲੇ ਪੱਧਰ ਦੀ ਸਿਆਸਤ ਤਕ ਆ ਗਈ। ਲੋਕਾਂ ਵਿਚ ਜ਼ਮੀਨੀ ਪੱਧਰ ਨਾਲ ਜੁੜਨ, ਵਿਚਾਰਾਂ ਦੀ ਲਹਿਰ ਬਣਾਉਣ ਦੀ ਥਾਂ ਇਹ ਸੱਤਾ ਪ੍ਰਾਪਤੀ ਦੇ ਰਾਹ ਤੁਰ ਪਈ। ਚੋਣਾਂ ਵਿਚ ਜਾਣ ਤੋਂ ਪਹਿਲਾਂ ਪਾਰਟੀ ਦੀ ਮਜ਼ਬੂਤੀ ਜ਼ਿਆਦਾ ਜ਼ਰੂਰੀ ਸੀ। 'ਆਪ' ਆਮ ਲੋਕਾਂ ਨਾਲੋਂ ਟੁੱਟ ਕੇ ਅਮੀਰ ਤੇ ਰਸੂਖ਼ਵਾਨ ਚਿਹਰਿਆਂ ਦੇ ਨੇੜੇ ਲੱਗ ਗਈ। ਜਿਨ੍ਹਾਂ ਸੜਕਾਂ ਤੋਂ 'ਆਪ' ਨਿਕਲੀ ਸੀ, ਉਨ੍ਹਾਂ ਨੂੰ ਹਾਲੇ ਵੀ ਅਜਿਹੀ ਲਹਿਰ ਦੀ ਲੋੜ ਹੈ ਜੋ ਆਮ ਲੋਕਾਂ ਦੀ ਆਵਾਜ਼ ਸੰਸਦ ਤੱਕ ਬੁਲੰਦ ਕਰੇ। ਪੈਂਡਾ ਔਖਾ ਹੈ ਪਰ ਈਮਾਨਦਾਰੀ ਨਾਲ ਆਪਾ ਪੜਚੋਲ, ਡੂੰਘੀ ਸੂਝ ਬੂਝ, ਸਭਨਾਂ ਦੇ ਸਹਿਯੋਗ ਨਾਲ ਇਸ 'ਤੇ ਇਸ ਉੱਤੇ ਸਾਬਤ ਕਦਮੀਂ ਤੁਰਦਿਆਂ ਸਫ਼ਲਤਾ ਨਾਲ ਮੰਜ਼ਲ ਵਲ ਵੱਧਣਾ ਨਾਮੁਮਕਿਨ ਨਹੀਂ।

# ਪੰਜਾਬ ਦੇ ਪਾਣੀਆਂ ਦੀ ਲੁੱਟ ਕਰਦੇ ਕਾਨੂੰਨ ਦਾ ਮਾਮਲਾ

## ਦਫਾ 79 ਤੇ 80 ਨੂੰ ਕਦੇ ਵੀ ਚੈਲਿੰਜ ਨਹੀਂ ਕੀਤਾ ਪੰਜਾਬ ਦੀਆਂ ਸਰਕਾਰਾਂ ਨੇ

**ਗੁਰਪ੍ਰੀਤ ਸਿੰਘ ਮੰਡਿਆਣੀ**
(8872664000)

ਪੰਜਾਬ ਦੇ ਪਾਣੀਆਂ ਦੇ ਝਗੜੇ ਬਾਬਤ ਚਲੀ ਕਾਨੂੰਨੀ ਲੜਾਈ ਵਾਲੇ ਕਾਗਜ਼ਾਂ ਦੀ ਘੋਖ ਪੜਤਾਲ 'ਚੋਂ ਦੋ ਹੈਰਾਨਕੁੰਨ ਹਵਾਲੇ ਦੇਖਣ ਨੂੰ ਮਿਲੇ ਨੇ ਕਿ ਇੱਕ ਤਾਂ ਪੁਆੜੇ ਦੀ ਜੜ੍ਹ ਦਫਾ 78 ਨੂੰ ਕੋਰਟ ਵਿੱਚ ਚੈਲਿੰਜ ਕਰਨ ਦਾ ਹੱਕ ਹੀ ਪੰਜਾਬ ਸਰਕਾਰ ਗੁਆਈ ਬੈਠੀ ਹੈ ਤੇ ਪੰਜਾਬ ਦੇ ਪਾਣੀ/ਬਿਜਲੀ 'ਤੇ ਡਾਕਾ ਮਾਰਨ ਵਾਲੀ 78 ਦੇ ਨਾਲ ਲੱਗਦੀ ਦਫਾ 79 ਅਤੇ 80 ਨੂੰ ਪੰਜਾਬ ਨੇ ਕਦੇ ਅਦਾਲਤ ਵਿੱਚ ਚੈਲਿੰਜ ਹੀ ਨਹੀਂ ਕੀਤਾ। ਹਾਲਾਂਕਿ ਆਮ ਤੌਰ 'ਤੇ ਇਹ ਪਰਚਾਰਿਆ ਅਤੇ ਮੰਨਿਆ ਗਿਆ ਹੈ ਕਿ ਪੰਜਾਬ ਦੀ ਬਾਦਲ ਸਰਕਾਰ ਨੇ 1979 'ਚ ਦਫਾ 78, 79, 80 ਨੂੰ ਚੈਲਿੰਜ ਕਰਨ ਖਾਤਰ ਸੁਪਰੀਮ ਕੋਰਟ 'ਚ ਪਟੀਸ਼ਨ ਪਾਈ ਸੀ ਜੋ ਕਿ ਦਰਬਾਰਾ ਸਿੰਘ ਦੀ ਕਾਂਗਰਸ ਸਰਕਾਰ ਨੇ 12 ਫਰਵਰੀ 1982 ਨੂੰ ਵਾਪਸ ਲੈ ਲਈ ਜੀਹਨੇ ਐਸ. ਵਾਈ. ਐੱਲ. ਦੀ ਪਟਾਈ ਲਈ ਰਾਹ ਪੱਧਰਾ ਕੀਤਾ। ਇਹਦੇ ਨਾਲ ਨਾਲ ਇੱਕ ਹੋਰ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਦੀਆਂ ਸਰਕਾਰਾਂ ਨੇ ਉਕਤ ਤੱਥ ਲੋਕਾਂ ਤੋਂ ਲੁਕੋ ਕੇ ਤਾਂ ਰੱਖਿਆ ਸਗੋਂ ਇਹ ਕਹਿ ਕੇ ਦੋਵੇਂ ਮੁੱਖ ਮੰਤਰੀ ਪੰਜਾਬੀਆਂ ਨੂੰ ਗੁੰਮਰਾਹ ਵੀ ਕਰਦੇ ਰਹੇ ਕਿ ਅਸੀਂ ਇਨ੍ਹਾਂ ਤਿੰਨੇ ਧਾਰਾਵਾਂ ਨੂੰ ਚੈਲਿੰਜ ਕਰਾਂਗੇ ਜਾਂ ਚੈਲਿੰਜ ਕਰ ਦਿੱਤਾ ਹੈ ਵਗੈਰਾ-ਵਗੈਰਾ। ਹਾਲਾਂਕਿ ਇਹਨਾਂ ਦੋਵਾਂ ਮੁੱਖ ਮੰਤਰੀਆਂ ਦੀਆਂ ਬਿਆਨਬਾਜ਼ੀਆਂ ਤੋਂ ਬਹੁਤ ਪਹਿਲਾਂ ਸੁਪਰੀਮ ਕੋਰਟ ਨੇ ਬੜੇ ਸਪੱਸ਼ਟ ਹੁਕਮ ਵਿੱਚ ਆਖ ਦਿੱਤਾ ਸੀ ਕਿ ਪੰਜਾਬ ਕੋਲ ਦਫਾ 78 ਤੇ ਉਜਰ ਕਰਨ ਦਾ ਕੋਈ ਹੱਕ ਤੱਕ ਵੀ ਨਹੀਂ।

1966 'ਚ ਪੰਜਾਬ ਦੀ ਦੋ ਹਿੱਸਿਆਂ ਪੰਜਾਬ ਅਤੇ ਹਰਿਆਣਾ ਵਜੋਂ ਵੰਡ ਖਾਤਰ ਕੇਂਦਰ ਸਰਕਾਰ ਨੇ ਪੰਜਾਬ ਪੁਨਰਗਠਨ ਐਕਟ 1966 ਬਣਾਇਆ। ਇਸ ਐਕਟ ਦੀ ਦਫਾ 78 ਤਹਿਤ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਦੀ ਮਨਸ਼ਾ ਨਾਲ ਪੰਜਾਬ ਦੇ ਪਾਣੀਆਂ 'ਚ ਹਰਿਆਣਾ ਅਤੇ ਰਾਜਸਥਾਨ ਨੂੰ ਹਿੱਸੇਦਾਰ ਬਣਾ ਦਿੱਤਾ। ਹਾਲਾਂਕਿ ਇਹ ਦਫਾ ਭਾਰਤੀ ਸੰਵਿਧਾਨ ਦੀ ਦਫਾ 262 ਦੀ ਸ਼ਰੇਆਮ ਉਲੰਘਣਾ ਸੀ। ਇਸੇ ਐਕਟ ਦੀ ਦਫਾ 79 ਅਤੇ 80 ਰਾਹੀਂ ਪੰਜਾਬ ਦੀ ਬਿਜਲੀ 'ਤੇ ਡਾਕਾ ਮਾਰਨ ਦੇ ਨਾਲ ਪੰਜਾਬ ਦੇ ਹੈਡਵਰਕਸਾਂ ਦਾ ਕੰਟਰੋਲ ਵੀ ਖੋਹ ਲਿਆ। ਦਫਾ 79 ਰਾਹੀਂ ਹੀ ਦਫਾ 78 ਦਾ ਘੇਰਾ ਵਧਾ ਕੇ ਰਾਜਸਥਾਨ ਤੱਕ ਕਰ ਦਿੱਤਾ। ਦਫਾ 79 ਤੇ 80 ਵੀ 78 ਵਾਂਗੂੰ ਗੈਰ-ਸੰਵਿਧਾਨਕ ਹਨ।

ਦਫਾ 78 ਤਹਿਤ ਮਿਲੇ ਹੋਏ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਕੇਂਦਰ ਸਰਕਾਰ ਨੇ 24 ਮਾਰਚ 1976 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ ਦਾ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਵੀ ਦੇ ਦਿੱਤਾ ਜੀਹਨੂੰ ਇੰਦਰਾ ਐਵਾਰਡ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਦੋਂ ਪੰਜਾਬ 'ਚ ਕਾਂਗਰਸ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ।

ਜੂਨ 1977 'ਚ ਪੰਜਾਬ ਵਿੱਚ ਅਕਾਲੀ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਣੇ। ਉਨ੍ਹਾਂ ਨੇ 24 ਮਾਰਚ 1976 ਵਾਲੇ ਇੰਦਰਾ ਐਵਾਰਡ ਤਹਿਤ ਹਰਿਆਣਾ ਨੂੰ ਹੋਰ ਪਾਣੀ ਦੇਣ ਖਾਤਰ ਐਸ. ਵਾਈ. ਐਲ. ਨਹਿਰ ਪੁੱਟਣ 'ਤੇ ਪੂਰੀ ਸੰਜੀਦਗੀ ਨਾਲ ਅਮਲ ਸ਼ੁਰੂ ਕਰ ਦਿੱਤਾ। ਬਾਦਲ ਸਰਕਾਰ ਨੇ 20 ਫਰਵਰੀ 1978 ਨੂੰ ਨਹਿਰ ਲਈ ਜ਼ਮੀਨ ਐਕੁਆਇਰ ਕਰਨ ਖਾਤਰ ਨੋਟੀਫਿਕੇਸ਼ਨ ਜਾਰੀ ਕੀਤਾ ਤੇ 4 ਜੁਲਾਈ 1978 ਨੂੰ ਚਿੱਠੀ ਲਿਖ ਕੇ ਹਰਿਆਣਾ ਤੋਂ ਨਹਿਰ ਖਾਤਰ 3 ਕਰੋੜ ਰੁਪਏ ਦੀ ਮੰਗ ਕਰ ਦਿੱਤੀ। ਬਾਦਲ ਸਰਕਾਰ ਇੰਨੀ ਕਾਹਲੀ ਨਾਲ ਨਹਿਰ ਪੁੱਟਣਾ ਚਾਹੁੰਦੀ ਸੀ ਜੀਹਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਜ਼ਮੀਨ ਐਕੁਆਇਰ ਕਰਨ ਵਾਲਾ ਨੋਟੀਫਿਕੇਸ਼ਨ ਐਕਟ ਦੇ ਦਫਾ 17 ਤਹਿਤ ਜਾਰੀ ਕਤਾ। ਦਫਾ 17 ਤਹਿਤ ਨੋਟੀਫਿਕੇਸ਼ਨ ਉਦੋਂ ਜਾਰੀ ਹੁੰਦਾ ਹੈ ਜਦੋਂ ਸਰਕਾਰ ਨੂੰ ਹੀ ਐਮਰਜੈਂਸੀ ਹਾਲਾਤ ਅਧੀਨ ਬਹੁਤ ਛੇਤੀ ਜ਼ਮੀਨ ਚਾਹੀਦੀ ਹੋਵੇ।

ਨਹਿਰ ਪੁੱਟਣ ਅਮਲ ਇੰਨੀ ਤੇਜ਼ੀ ਨਾਲ ਅੱਗੇ ਵੱਧ ਰਿਹਾ ਸੀ ਕਿ ਪ੍ਰਕਾਸ਼ ਸਿੰਘ ਬਾਦਲ ਵੱਲੋਂ ਨਹਿਰ ਦਾ ਟੱਕ ਲਾਉਣ ਖਾਤਰ ਇੱਕ ਜਲਸਾ ਕਰਾਉਣ ਦਾ ਪ੍ਰੋਗਰਾਮ ਵੀ ਮਿਥ ਲਿਆ ਜੀਹਦੀ ਪ੍ਰਧਾਨਗੀ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਕਰਨੀ ਸੀ ਤੇ ਦੇਵੀ ਲਾਲ ਨੇ ਇਹ ਗੱਲ ਬਕਾਇਦਾ ਹਰਿਆਣਾ ਵਿਧਾਨ ਸਭਾ ਕਹੀ ਜਿਹੜੀ ਮਾਰਚ 1978 ਵਾਲੇ ਸੈਸ਼ਨ ਦੇ ਰਿਕਾਰਡ ਵਿੱਚ ਦਰਜ ਹੈ।

ਮਾਮਲਾ ਜਿੰਨਾ ਚਿਰ ਇੱਕਲੇ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਰਿਹਾ ਉਦੋਂ ਤੱਕ ਸਾਰਾ ਕੰਮ ਤੇਜ਼ ਰਫਤਾਰ ਨਾਲ ਚੱਲਦਾ ਰਿਹਾ। ਜਦੋਂ ਇਹ ਗੱਲ ਅਕਾਲੀ ਦਲ ਦੇ ਧੜੱਲੇਦਾਰ ਆਗੂ ਜਥੇਦਾਰ ਗੁਰਚਰਨ ਸਿੰਘ ਟੌਹੜਾ ਰਾਹੀਂ ਪਾਰਟੀ ਦੇ ਹੋਰ ਉੱਚ ਲੀਡਰਾਂ ਕੋਲੇ ਪੁੱਜੀ ਤਾਂ ਕੰਮ ਵਿਗੜ ਗਿਆ। ਪੰਜਾਬ ਦੇ ਇੱਕ ਬਹੁਤ ਸਿਆਣੇ ਅਤੇ ਅੰਗਰੇਜ਼ੀ ਅਖਬਾਰ ਦੇ ਰਿਟਾਇਰ ਪੱਤਰਕਾਰ ਨੇ ਮੈਨੂੰ ਦੱਸਿਆ ਕਿ ਚੌਧਰੀ ਦੇਵੀ ਲਾਲ ਨੇ ਇਸ ਕੰਮ ਕਿਸੇ ਕਿਸਮ ਦਾ ਅੜਿੱਕਾ ਪੈਣ ਦੇ ਮੱਦੇਨਜ਼ਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਭਰੋਸੇ 'ਚ ਲੈਣ ਦੀ ਸੋਚੀ। ਜਥੇਦਾਰ ਟੌਹੜਾ ਉਨ੍ਹੀਂ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੋਂ ਇਲਾਵਾ ਮੈਂਬਰ ਲੋਕ ਸਭਾ ਵੀ ਸਨ। ਦੇਵੀ ਲਾਲ ਨੇ ਜੱਥੇਦਾਰ ਟੌਹੜਾ ਨਾਲ ਪਾਰਲੀਮੈਂਟ ਵਿੱਚ ਹੀ ਮੁਲਾਕਾਤ ਕੀਤੀ। ਸ਼ਾਇਦ ਜਥੇਦਾਰ ਜੀ ਨੂੰ ਫੂਕ ਛਕਾਉਣ ਦੀ ਗਰਜ਼ ਨਾਲ ਦੇਵੀ ਲਾਲ ਨੇ ਨਹਿਰ ਦੇ ਉਦਘਾਟਨੀ ਜਲਸੇ ਦੀ ਪ੍ਰਧਾਨਗੀ ਕਰਨ ਦਾ ਨਿਉਂਦਾ ਜਥੇਦਾਰ ਟੌਹੜਾ ਨੂੰ ਦਿੱਤਾ। ਨਹਿਰ ਦੀ ਗੱਲ ਸੁਣਨ ਸਾਰ ਜਥੇਦਾਰ ਟੌਹੜਾ ਭੜਕ ਪਏ ਤੇ ਆਖਿਆ "ਮੈਂ ਨਹੀਂ ਨਹਿਰ ਪੁੱਟਣ ਦੇਣੀ" ਕਿਉਂਕਿ ਜਥੇਦਾਰਾਂ ਬਾਰੇ ਉਨ੍ਹੀਂ ਦਿਨੀਂ ਇਹੀ ਪ੍ਰਭਾਵ ਸੀ ਕਿ ਇਹ ਬਹੁਤੇ ਸ਼ਾਤਰ ਦਿਮਾਗ ਨਹੀਂ ਹੁੰਦੇ ਪਰ ਜੱਥੇਦਾਰ ਟੌਹੜਾ ਬਾਬਤ ਵੀ ਸ਼ਾਇਦ ਦੇਵੀ ਲਾਲ ਇਸੇ ਭੁਲੇਖੇ ਵਿੱਚ ਰਹੇ। ਉਨ੍ਹੀਂ ਦਿਨੀਂ ਪ੍ਰਕਾਸ਼ ਸਿੰਘ ਬਾਦਲ ਭਾਵੇਂ ਸਰਕਾਰ ਦੇ ਮਾਲਕ ਸਨ ਪ੍ਰੰਤੂ ਅਕਾਲੀ ਦਲ ਉਤੇ ਉਹਨਾਂ ਹੁਣ ਵਾਂਗ ਮੁਕੰਮਲ ਕੰਟਰੋਲ ਨਹੀਂ ਸੀ। ਜਥੇਦਾਰ ਜਗਦੇਵ ਸਿੰਘ ਤਲਵੰਡੀ ਅਕਾਲੀ ਦੇ ਪ੍ਰਧਾਨ ਸੀ। ਹੋਰ ਬਹੁਤ ਸਾਰੇ ਟਕਸਾਲੀ ਅਕਾਲੀ ਆਗੂਆਂ ਦਾ ਅਕਾਲੀ ਦਲ 'ਚ ਦਬਦਬਾ ਸੀ। ਇਸੇ ਕਰਕੇ ਹੀ ਬਾਦਲ ਸਰਕਾਰ ਨੇ ਅਮਲੀ ਤੌਰ 'ਤੇ ਨਹਿਰ ਦਾ ਕੰਮ ਅਣਐਲਾਨੀਆਂ ਤੌਰ 'ਤੇ ਰੋਕ ਦਿੱਤਾ।

ਮਸਲਾ ਇਕੱਲੇ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਵੱਸ ਨਾ ਰਹਿ ਗਿਆ ਦੇਖ ਕੇ ਹਰਿਆਣਾ ਸਰਕਾਰ ਨੇ ਦਫਾ 78 ਤਹਿਤ ਹੋਏ ਇੰਦਰਾ ਐਵਾਰਡ 'ਤੇ ਅਮਲ ਕਰਵਾਉਣ (ਭਾਵ ਨਹਿਰ ਪਟਵਾਉਣ) ਖਾਤਰ 30 ਅਪ੍ਰੈਲ 1979 ਨੂੰ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕਰ ਦਿੱਤਾ ਤੇ ਇਹਤੋਂ ਪਹਿਲਾਂ ਪੰਜਾਬ ਵੱਲੋਂ ਮੰਗੇ 3 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਵਿਚੋਂ 1 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਦੇ ਵੀ ਦਿੱਤੇ। ਕਨਸੋਅ ਇਹ ਵੀ ਹੈ ਕਿ ਇਹ ਕੇਸ ਵੀ ਦਾਇਰ ਕਰਵਾਇਆ ਹੀ ਗਿਆ।

ਹਰਿਆਣਾ ਵੱਲੋਂ ਸੁਪਰੀਮ ਕੋਰਟ ਦਾ ਰਾਹ ਫੜਨ ਦੇ ਜਵਾਬੀ ਕਾਰਵਾਈ ਤਹਿਤ ਪੰਜਾਬ ਸਰਕਾਰ ਨੇ 11 ਜੁਲਾਈ 1979 ਨੂੰ ਸੁਪਰੀਮ ਕੋਰਟ ਦੀ ਦਫਾ 78 ਨੂੰ ਹੀ ਚੈਲਿੰਜ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਬਾਦਲ ਸਰਕਾਰ ਨੇ ਇਹ ਕਾਰਵਾਈ ਵੀ ਪਾਰਟੀ ਵਿਚਲੇ ਜਥੇਦਾਰ ਟੌਹੜਾ ਗਰੁੱਪ ਦੇ ਦਬਾਅ ਹੇਠ ਆ ਕੇ ਕੀਤੀ। ਇਹ ਗੱਲ ਤਾਂ ਵੀ ਵਾਜਬ ਜਾਪਦੀ ਹੈ ਕਿ ਜੇ ਪ੍ਰਕਾਸ਼ ਸਿੰਘ ਬਾਦਲ ਨੇ ਇਹ ਕੇਸ ਆਪਦੇ ਮਨੋ ਹੀ ਕੀਤਾ ਹੁੰਦਾ ਤਾਂ ਉਹਨਾਂ ਨੇ ਇਸੇ ਦਫਾ ਤਹਿਤ ਨਹਿਰ ਪੁੱਟਣ ਦਾ ਅਮਲ ਸ਼ੁਰੂ ਹੀ ਨਹੀਂ ਸੀ ਕਰਨਾ। ਜਾਂ ਜਦੋਂ ਦਫਾ 78 ਚੈਲਿੰਜ ਕੀਤੀ ਸੀ ਤਾਂ ਨਾਲੋ ਨਾਲ 79 ਅਤੇ 80 ਨੂੰ ਚੈਲਿੰਜ ਕਰਨਾ ਬਣਦਾ ਸੀ ਪਰ ਬਾਦਲ ਸਰਕਾਰ ਨੇ ਨਹੀਂ ਕੀਤਾ। ਲੋਕਾਂ ਵਿੱਚ ਆਮ ਪ੍ਰਭਾਵ ਏਹੀ ਸੀ ਕਿ 79 ਤੇ 80 ਨੂੰ ਬਾਦਲ ਸਰਕਾਰ ਨੇ ਚੈਲਿੰਜ ਕੀਤਾ ਸੀ। 1981 'ਚ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਵ੍ਹਾਈਟ ਪੇਪਰ ਵਿੱਚ ਇਕੱਲੀ ਦਫਾ 78 ਨੂੰ ਚੈਲਿੰਜ ਕਰਨ ਦਾ ਜ਼ਿਕਰ ਸੀ। ਰਾਜਸਥਾਨ ਹਾਈ ਕੋਰਟ ਵੱਲੋਂ 2 ਮਈ ਨੂੰ 2005 ਨੂੰ ਡੀ.ਐਮ. ਸਿੰਘਵੀ ਬਨਾਮ ਭਾਰਤ ਸਰਕਾਰ ਵਾਲੇ ਕੇਸ 'ਚ ਸੁਣਾਏ ਇੱਕ ਫੈਸਲੇ ਵਿੱਚ ਸਪੱਸ਼ਟ ਲਿਖਿਆ ਹੈ ਕਿ ਪੰਜਾਬ ਸਰਕਾਰ ਨੇ ਕਦੇ ਵੀ ਦਫਾ 79 ਨੂੰ ਚੈਲਿੰਜ ਨਹੀਂ ਕੀਤਾ।



ਜਨਵਰੀ 1980 'ਚ ਬਾਦਲ ਦੀ ਅਗਵਾਈ ਵਾਲੀ ਸਰਕਾਰ ਟੁੱਟ ਗਈ ਤੇ ਮਈ 1980 ਦਰਬਾਰਾ ਸਿੰਘ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਬਣੇ। 31 ਦਸੰਬਰ 1981 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਬਾਰਾ ਸਿੰਘ ਨੂੰ ਪੰਜਾਬ ਵਾਲੀ ਪਟੀਸ਼ਨ ਸੁਪਰੀਮ ਕੋਰਟ ਤੋਂ ਵਾਪਸ ਲੈਣ ਦਾ ਹੁਕਮ ਸੁਣਾਇਆ ਜੋ ਕਿ ਆਈਦਰ ਸਾਈਨ ਔਰ ਰਿਜ਼ਾਈਨ (ਜਾਂ ਦਸਖਤ ਕਰ ਜਾਂ ਅਸਤੀਫਾ ਦੇ)' ਦੇ ਨਾਂਅ ਨਾਲ ਮਸ਼ਹੂਰ ਹੋਇਆ। ਦਰਬਾਰਾ ਸਿੰਘ ਨੇ ਦਬਾਅ ਵਿੱਚ ਆ ਕੇ ਨਹਿਰ ਪੁੱਟਣ ਵਾਲੇ ਨਵੇਂ ਸਮਝੌਤੇ 'ਤੇ ਦਸਖਤ ਕਰ ਦਿੱਤੇ ਤੇ 12 ਫਰਵਰੀ 1982 ਨੂੰ ਸੁਪਰੀਮ ਕੋਰਟ 'ਚੋਂ ਕੇਸ ਵਾਪਸ ਲੈ ਲਿਆ। ਉਪਣਾ ਕੰਮ ਬਣਦਿਆਂ ਵੇਖ ਹਰਿਆਣਾ ਨੇ ਵੀ ਆਪਦਾ ਕੇਸ ਵਾਪਿਸ ਲੈ ਲਿਆ।

13 ਜਨਵਰੀ 2003 ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸੁਪਰੀਮ ਕੋਰਟ 'ਚ ਕੇਸ ਪਾ ਕੇ ਦਫਾ 78 ਨੂੰ ਮੁੜ ਚੈਲਿੰਜ ਕੀਤਾ। ਹਰਿਆਣਾ ਨੇ 1966 ਵਾਲੇ ਸੁਪਰੀਮ ਕੋਰਟ ਦੇ ਰੂਲ 6 ਤਹਿਤ ਜਾਰੀ ਹੋਏ ਆਰਡਰ ਨੰਬਰ 23 ਦਾ ਹਵਾਲਾ ਦਿੰਦਿਆਂ ਕੋਰਟ ਨੂੰ ਕਿਹਾ ਕਿ ਜਦੋਂ ਕਿਸੇ ਸਮਝੌਤੇ ਤਹਿਤ ਪੰਜਾਬ ਨੇ ਦਫਾ 78 ਨੂੰ ਚੈਲਿੰਜ ਕਰਨ ਵਾਲਾ ਮੁੱਕਦਮਾ 2 ਫਰਵਰੀ 1982 ਨੂੰ ਸੁਪਰੀਮ ਕੋਰਟ 'ਚੋਂ

**ਬਾਕੀ ਸਫ਼ਾ 33 'ਤੇ**

# ਜਨਤਾ ਦੀਆਂ ਉਮੀਦਾਂ 'ਤੇ ਝਾੜੂ ਪਹਿਲੀ ਵਾਰ ਨਹੀਂ ਫਿਰਿਆ

**ਇਨ੍ਹਾਂ ਸਾਰੇ ਅੰਦੋਲਨਾਂ ਨੇ, ਇਨ੍ਹਾਂ ਨੇਤਾਵਾਂ ਨੇ, ਆਪਣੀਆਂ ਕਈ ਨਾਕਾਮੀਆਂ ਦੇ ਬਾਵਜੂਦ ਜਮਹੂਰੀ ਪ੍ਰਤੀਰੋਧ ਦੀ ਗਰਿਮਾ ਬਣਾਈ ਰੱਖੀ ਹੈ। ਸਰਕਾਰਾਂ ਨੂੰ ਬੇਲਗ਼ਾਮ ਹੋਣ ਤੋਂ ਡਰਾ ਕੇ ਰੱਖਿਆ ਹੈ। ਇਨ੍ਹਾਂ ਕਾਰਨ ਸੱਤਾ ਬਦਲੀ ਹੈ ਤੇ ਇਨ੍ਹਾਂ ਕਾਰਨ ਹੀ ਪਰਿਵਰਤਣ ਵੀ ਹੋਏ ਹਨ। ਭਾਰਤੀ ਸਿਆਸਤ ਅੱਜ ਉਹ ਨਹੀਂ ਹੈ, ਜੋ 60ਵੇਂ ਦਹਾਕੇ ਵਿਚ ਸੀ। ਉਸ ਦੇ ਸਾਹਮਣੇ 21ਵੀਂ ਸਦੀ ਦੀਆਂ ਬਹੁਤ ਸਾਰੀਆਂ ਚੁਣੌਤੀਆਂ ਹਨ। ਸਾਡੀ ਜਮਹੂਰੀਅਤ 'ਤੇ ਵੀ ਦਬਾਅ ਵਧੇ ਹਨ। ਉਸ 'ਤੇ ਬਹੁਤ ਵਿਰਾਟ ਪੂੰਜੀ ਦਾ ਦਬਾਅ ਹੈ, ਉਸ 'ਤੇ ਬਹੁਤ ਡੂੰਘੀ ਫਿਰਕਪ੍ਰਸਤੀ ਤੇ ਉਸ ਦੇ ਵਾਹਕ ਅਤਿਵਾਦੀ ਰਾਸ਼ਟਰਵਾਦ ਦਾ ਦਬਾਅ ਹੈ।**







**ਪ੍ਰਿਯਦਰਸ਼ਨ**
ਸੀਨੀਅਰ ਪੱਤਰਕਾਰ

ਭ੍ਰਿਸ਼ਟਾਚਾਰ ਵਿਰੁੱਧ ਬਦਲਾਅ ਦੇ ਲਗਭਗ ਮਹਾਂਨਾਇਕ ਵਾਂਗ ਉਭਰੇ ਅਰਵਿੰਦ ਕੇਜਰੀਵਾਲ ਹੁਣ ਸਵਾਲਾਂ ਨਾਲ ਘਿਰੇ ਹਨ। ਬੱਸ ਇਸ ਲਈ ਨਹੀਂ ਕਿ ਉਨ੍ਹਾਂ ਦੇ ਭਰੋਸੇਮੰਦ ਸਹਿਯੋਗੀਆਂ ਵਿਚੋਂ ਇਕ ਨੇ ਉਨ੍ਹਾਂ 'ਤੇ ਦੋ ਕਰੋੜ ਰੁਪਏ ਲੈਣ ਦੇ ਦੋਸ਼ ਲਾਏ ਹਨ, ਇਸ ਲਈ ਵੀ ਕਿ ਸਿਆਸਤ ਦੀ ਸਾਫ਼-ਸਫ਼ਾਈ ਦੇ ਜਿਨ੍ਹਾਂ ਵੱਡੇ ਦਾਅਵਿਆਂ ਨਾਲ ਉਨ੍ਹਾਂ ਨੇ ਇਕ ਸਮਾਜਿਕ ਅੰਦੋਲਨ ਤੋਂ ਵੱਖ ਹੋ ਕੇ ਸਿਆਸੀ ਪਾਰਟੀ ਬਣਾਈ ਅਤੇ ਦਿੱਲੀ ਦੀ ਜਨਤਾ ਦਾ ਭਰੋਸਾ ਹਾਸਲ ਕੀਤਾ, ਉਹ ਹੁਣ ਸ਼ੱਕ ਅਤੇ ਅੰਤਰਵਿਰੋਧ ਨਾਲ ਘਿਰੇ ਹਨ।

ਅਚਾਨਕ ਇਹ ਚਿੰਗਾਰੀ ਬੁੱਝ ਗਈ ਹੈ ਜੋ ਕਿਸੇ ਨੂੰ ਛੂਹ ਲੈਂਦੀ ਸੀ ਤਾਂ ਬਿਜਲੀ ਪੈਦਾ ਕਰ ਦਿੰਦੀ ਸੀ। ਕੇਜਰੀਵਾਲ ਨਾਲੋਂ ਜ਼ਿਆਦਾ ਬੁਰਾ ਹਾਲ ਕਦੇ ਸਮਾਜਿਕ ਨਿਆਂ ਅਤੇ ਧਰਮ ਨਿਰਪੱਖ ਦੀ ਸਿਆਸਤ ਦੇ ਪੈਰੋਕਾਰ ਰਹੇ ਲਾਲੂ ਯਾਦਵ ਦਾ ਹੈ। ਚਾਰਾ ਘੁਟਾਲੇ ਦੇ ਦੋਸ਼ ਨਾਲ ਹੁਣ ਤਕ ਘਿਰੇ ਲਾਲੂ ਯਾਦਵ ਹੁਣ ਬਦਲਾਅ ਦੀ ਸਿਆਸਤ ਦੇ ਨਹੀਂ, ਉਸ ਵਿਡੰਬਨਾ ਦੇ ਪ੍ਰਤੀਕ ਪੁਰਸ਼ ਬਣ ਗਏ ਹਨ, ਜੋ ਬਦਲਾਅ ਦੀ ਥਾਂ ਠਹਿਰਾਅ ਅਤੇ ਉਮੀਦ ਦੀ ਥਾਂ ਨਾ-ਉਮੀਦੀ ਪੈਦਾ ਕਰਦੀ ਹੈ।

ਪਰ ਅਜਿਹਾ ਕਿਉਂ ਹੁੰਦਾ ਹੈ ਕਿ ਭਾਰਤੀ ਸਿਆਸਤ ਵਿਚ ਬਦਲਾਅ ਦੀਆਂ ਸਾਰੀਆਂ ਸੰਭਾਵਨਾਵਾਂ ਠਹਿਰਾਅ ਦੇ ਕਿਸੇ ਦਲਦਲ ਵਿਚ ਫਸ ਕੇ ਦਮ ਤੋੜ ਜਾਂਦੀਆਂ ਹਨ? ਭਾਵੇਂ ਤੁਸੀਂ ਯਾਦ ਕਰ ਸਕਦੇ ਹੋ ਕਿ 67 ਦੇ ਸਮਾਜਵਾਦੀ ਅੰਦੋਲਨ ਮਗਰੋਂ 9 ਸੂਬਿਆਂ ਵਿਚ ਬਣੀਆਂ ਗੈਰ ਕਾਂਗਰਸੀ ਸਰਕਾਰਾਂ ਕਾਂਗਰਸ ਨਾਲੋਂ ਕੁਝ ਵੱਖ ਕਰਨ ਵਿਚ ਨਾਕਾਮ ਰਹੀਆਂ।

1977 ਵਿਚ ਦੂਸਰੀ ਆਜ਼ਾਦੀ ਦੀ ਧਮਕ ਦੇ ਨਾਲ ਕੇਂਦਰ ਵਿਚ ਆਈ ਪਹਿਲੀ ਗੈਰ ਕਾਂਗਰਸੀ ਸਰਕਾਰ ਤਿੰਨ ਸਾਲ ਵਿਚ ਆਪਸੀ ਝਗੜਿਆਂ ਦੀ ਸ਼ਿਕਾਰ ਹੋ ਕੇ ਬਿਖਰ ਗਈ, ਅਸਾਮ ਅੰਦੋਲਨ ਨੇ 80 ਦੇ ਦਹਾਕੇ ਵਿਚ ਨੌਜਵਾਨ ਮੁੱਖ ਮੰਤਰੀ ਦੇਖਿਆ ਤੇ ਫਿਰ ਉਸ ਨੂੰ ਮੁੱਖ ਧਾਰਾ ਦੀ ਸਿਆਸਤ ਵਿਚ ਸ਼ਾਮਲ ਹੁੰਦਿਆਂ ਵੀ ਦੇਖਿਆ, 1989 ਵਿਚ ਵੀ.ਪੀ. ਸਿੰਘ ਦਾ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੇਖਿਆ ਤੇ ਉਸ ਦਾ ਟੁੱਟਣਾ-ਭੱਜਣਾ ਵੀ ਦੇਖਿਆ।

ਇਸ ਪੂਰੇ ਸਿਲਸਿਲੇ ਦੀ ਆਖ਼ਰੀ ਕੜੀ ਅੰਨਾ ਹਜ਼ਾਰੇ ਦੇ ਅੰਦੋਲਨ ਨੂੰ ਕਹਿ ਸਕਦੇ ਹਾਂ, ਜਿਸ ਨੇ ਮੱਧ ਵਰਗੀ ਨੌਜਵਾਨਾਂ ਵਿਚ ਕੁਝ ਅਜਿਹੀਆਂ ਉਮੀਦਾਂ ਪੈਦਾ ਕੀਤੀਆਂ ਕਿ ਲੋਕ ਆਪਣੀਆਂ ਚੰਗੀਆਂ ਚਮਕਦਾਰ ਨੌਕਰੀਆਂ ਛੱਡ ਕੇ ਇਸ ਅੰਦੋਲਨ ਨਾਲ ਜੁੜੇ। ਉਨ੍ਹਾਂ ਦਿਨਾਂ ਵਿਚ ਇਹ ਜੁਮਲਾ ਮਸ਼ਹੂਰ ਹੋਇਆ ਕਿ ਮੇਰੇ ਦਾਦਾ ਨੇ ਗਾਂਧੀ ਦੇ ਅੰਦੋਲਨ ਵਿਚ ਹਿੱਸਾ ਲਿਆ, ਮੇਰੇ ਪਿਤਾ ਜੇ.ਪੀ. ਦੇ ਅੰਦੋਲਨ ਵਿਚ ਸ਼ਾਮਲ ਰਹੇ ਤੇ ਮੈਂ ਅੰਨਾ ਦੇ ਅੰਦੋਲਨ ਵਿਚ ਆਇਆ ਹਾਂ।

ਕੀ ਅੰਦੋਲਨਾਂ ਤੋਂ ਇਹ ਨਾਉਮੀਦੀ ਇਸ ਲਈ ਪੈਦਾ ਹੁੰਦੀ ਹੈ ਕਿ ਅਸੀਂ ਅਜਿਹੀਆਂ ਪੂਰੀਆਂ ਲੜਾਈਆਂ ਨੂੰ ਇਕ ਸਮੂਹਕ ਲੜਾਈ ਵਿਚ ਬਦਲਣ ਦੀ ਥਾਂ ਇਨ੍ਹਾਂ ਨੂੰ ਕੁਝ ਵਿਅਕਤੀਆਂ, ਕੁਝ ਮਹਾਂਨਾਇਕਾਂ ਦੇ ਜ਼ਿੰਮੇ ਛੱਡ ਦਿੰਦੇ ਹਾਂ?

ਸਾਡੀਆਂ ਉਮੀਦਾਂ ਕਿਸੇ ਲੋਹੀਆ, ਕਿਸੇ ਜੇ.ਪੀ., ਕਿਸੇ ਵੀ.ਪੀ. ਕਿਸੇ ਲਾਲੂ ਜਾਂ ਕਿਸੇ ਕੇਜਰੀਵਾਲ 'ਤੇ ਟਿਕੀਆਂ ਹੁੰਦੀਆਂ ਹਨ। ਅਸੀਂ ਆਪਣੇ ਹਿੱਸੇ ਦੀ ਨੈਤਿਕਤਾ, ਆਪਣੇ ਹਿੱਸੇ ਦੇ ਅਸੂਲਾਂ ਦੇ ਸਾਰੇ ਬੋਝ ਉਨ੍ਹਾਂ ਮੋਢਿਆਂ 'ਤੇ ਪਾ ਕੇ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਾਂ ਤੇ ਜਦੋਂ ਉਹ ਫਿਸਲਦੇ ਹਨ ਤਾਂ ਅਸੀਂ ਇਹ ਸ਼ਿਕਾਇਤ ਕਰਦੇ ਹਾਂ ਕਿ ਇਹ ਸਾਰੇ ਅੰਦੋਲਨ ਬੇਕਾਰ ਹਨ, ਇਹ ਸਾਰੇ ਲੋਕ ਸਿਰਫ਼ ਸਿਆਸਤ ਕਰ ਰਹੇ ਹਨ।

ਇਕ ਹਦ ਤਕ ਇਹ ਸੱਚ ਹੈ। ਪਰ ਵਿਅਕਤੀਵਾਦੀ ਸਿਆਸਤ 'ਤੇ ਇਸ ਭਰੋਸੇ ਦੇ ਦੋ ਹੋਰ ਪਹਿਲੂ ਹਨ। ਅਰਵਿੰਦ ਕੇਜਰੀਵਾਲ ਤੇ ਲਾਲੂ ਯਾਦਵ ਤੋਂ ਨਾਉਮੀਦੀ ਨੂੰ ਇਕ ਨਜ਼ਰ ਨਾਲ ਦੇਖਣਾ ਫੇਰ ਉਹੀ ਭੁੱਲ ਕਰਨਾ ਹੈ, ਜਿਸ ਕਾਰਨ ਵਿਅਕਤੀ ਪੂਜਾ ਨੂੰ ਵੀ ਹੱਲਾਸ਼ੇਰੀ ਮਿਲਦੀ ਹੈ ਤੇ ਉਸ ਤੋਂ ਪੈਦਾ ਹੋਣ ਵਾਲੀ ਹਤਾਸ਼ਾ ਵੀ ਡੂੰਘੀ ਹੁੰਦੀ ਹੈ।

ਧਿਆਨ ਨਾਲ ਦੇਖੋ, ਤਾਂ ਅਰਵਿੰਦ ਕੇਜਰੀਵਾਲ ਜਿਸ ਲੋਕਪਾਲ ਅੰਦੋਲਨ ਦੀ ਉਪਜ ਰਹੇ, ਉਹ ਸਮਾਜਿਕ ਬਦਲਾਅ ਦੀ ਕਿਸੇ ਪਰੰਪਰਾ ਤੋਂ ਨਹੀਂ ਉਪਜਿਆ ਸੀ, ਉਹ ਭ੍ਰਿਸ਼ਟਾਚਾਰ ਦੇ ਵਿਰੁੱਧ ਇਕ ਮੱਧ ਵਰਗੀ ਗੁੱਸੇ ਦੀ ਕੋਖ 'ਚੋਂ ਨਿਕਲਿਆ ਸੀ ਜਿਸ ਪਿਛੇ ਕੋਈ ਡੂੰਘਾ ਵਿਚਾਰ ਨਹੀਂ, ਤਤਕਾਲੀਨ ਪ੍ਰਤੀਕਿਰਿਆ ਮਾਤਰ ਸੀ।

ਉਸ ਲੋਕਪਾਲ ਅੰਦੋਲਨ ਵਿਚ ਬਹੁਤ ਸਾਰੇ ਅਜਿਹੇ ਲੋਕ ਸ਼ਾਮਲ ਸਨ ਜਿਨ੍ਹਾਂ ਲਈ ਭ੍ਰਿਸ਼ਟਾਚਾਰ ਦਾ ਮਤਲਬ ਦਫ਼ਤਰਾਂ ਦੀ ਰਿਸ਼ਵਤਖੋਰੀ ਕਾਰਨ ਰੁਕਣ ਵਾਲਾ ਕੰਮ ਮਾਤਰ ਸੀ, ਉਸ ਦੀ ਉਹ ਗੁੰਝਲਦਾਰ ਪ੍ਰਕਿਰਿਆ ਨਹੀਂ, ਜਿਸ ਵਿਚ ਉਹ ਕਦੇ ਅਣਜਾਣੇ ਵਿਚ ਅਤੇ ਕਦੇ ਜਾਣ-ਬੁਝ ਕੇ ਹਿੱਸੇਦਾਰ ਬਣਦੇ ਰਹੇ। ਅਜਿਹੇ ਅੰਦੋਲਨ ਨੂੰ ਜੇਕਰ ਕੋਈ ਵਿਚਾਰਕ ਉਦੇਸ਼ ਨਹੀਂ ਮਿਲਦਾ ਤਾਂ ਉਸ ਦਾ ਅਸਫਲ ਹੋਣਾ ਹੀ ਉਸ ਦੀ ਇਕਲੌਤੀ ਨੀਅਤੀ ਸੀ। ਵਿਚ ਜਿਹੇ ਇੰਜ ਲੱਗਾ ਕਿ ਯੋਗੇਂਦਰ ਯਾਦਵ, ਪ੍ਰਸ਼ਾਂਤ ਭੂਸ਼ਣ, ਆਨੰਦ ਕੁਮਾਰ ਵਰਗੇ ਸਮਾਜਵਾਦੀ ਚਿੰਤਾਧਾਰਾ ਦੇ ਲੋਕ ਸ਼ਾਇਦ ਕੇਜਰੀਵਾਲ ਦੀ ਪਾਰਟੀ ਵਿਚ ਇਹ ਵਿਚਾਰਕ ਉਦੇਸ਼ ਜੋੜ ਸਕਣਗੇ, ਪਰ ਉਨ੍ਹਾਂ ਦੇ ਬਾਹਰ ਹੁੰਦੇ ਹੀ ਇਹ ਸੰਭਾਵਨਾ ਵੀ ਖ਼ਤਮ ਹੋ ਗਈ ਤੇ ਉਹ ਕਲੇਸ਼ ਬਚਿਆ ਰਿਹਾ ਜਿਸ ਦੇ ਛਿੱਟੇ ਹੁਣ ਤਮਾਮ ਲੋਕਾਂ 'ਤੇ ਦਿਖ ਰਹੇ ਹਨ।

ਪਰ ਲਾਲੂ ਯਾਦਵ ਦਾ ਮਾਮਲਾ ਕੇਜਰੀਵਾਲ ਨਾਲੋਂ ਵੱਖਰਾ ਹੈ। ਲਾਲੂ ਮੰਡਲ ਦੇ ਦਿਨਾਂ ਦੀ ਸਿਆਸਤ ਦੀ ਸਮਾਜਿਕ ਹਿਲਜੁਲ ਦੀ ਦੇਣ ਰਹੇ। ਉਹ ਸਮਾਜਿਕ ਨਿਆਂ ਦੀ ਜਿਸ ਧਾਰਾ ਦੀ ਨੁਮਾਇੰਦਗੀ ਕਰਦੇ ਰਹੇ ਹਨ, ਉਸ ਦਾ ਇਕ ਸਿਆਸੀ ਇਤਿਹਾਸ ਵੀ ਹੈ ਤੇ ਵਰਤਮਾਨ ਵੀ। ਲਾਲੂ ਜਾਂ ਮੁਲਾਇਮ ਦੀ ਅਸਫਲਤਾ ਉਸ ਸਿਆਸੀ ਧਾਰਾ ਦੀ ਅਸਫਲਤਾ ਨਹੀਂ ਹੈ। ਮੌਜੂਦਾ ਭਾਰਤੀ ਸਿਆਸਤ ਵਿਚ ਪੱਛੜੇ ਭਾਈਚਾਰਿਆਂ ਅਤੇ ਵਰਗਾਂ ਦੀ ਲਗਾਤਾਰ ਵਧਦੀ ਨੁਮਾਇੰਦਗੀ ਇਸ ਦਾ ਪ੍ਰਮਾਣ ਹੈ। ਭਾਜਪਾ ਜਾਂ ਕਾਂਗਰਸ ਵਰਗੇ ਦਲ ਵੀ ਇਸ ਦੀ ਉਮੀਦ ਨਹੀਂ ਕਰ ਸਕਦੇ, ਸਗੋਂ ਇਸ ਦੇ ਨਾਲ ਹਮਕਦਮ ਹੋਣਾ ਉਨ੍ਹਾਂ ਦੀ ਮਜਬੂਰੀ ਹੈ।

ਬਿਨਾਂ ਸ਼ੱਕ ਇਸ ਸਿਆਸਤ ਨੇ ਆਪਣੇ ਭਾਈਚਾਰਿਆਂ ਨੂੰ ਵੀ ਨਾਉਮੀਦ ਕੀਤਾ ਹੈ, ਪਰ ਅਕਸਰ ਲਾਲੂ ਜਾਂ ਮੁਲਾਇਮ ਦੇ ਨਾਂ ਦਾ ਇਸਤੇਮਾਲ ਇਸ ਅਸਫਲਤਾ ਨੂੰ ਰੇਖਾਂਕਿਤ ਕਰਨ ਲਈ ਨਹੀਂ, ਪੂਰੀ ਸਮਾਜਿਕ ਧਾਰਾ ਨੂੰ ਗੈਰ ਭਰੋਸੇਯੋਗ ਬਣਾਉਣ ਲਈ ਕੀਤਾ ਜਾ ਰਿਹਾ ਹੈ। ਜਦਕਿ ਸਚਾਈ ਇਹ ਹੈ ਕਿ ਜੇਕਰ ਲਾਲੂ ਮੁੱਖ ਮੰਤਰੀ ਨਾ ਹੁੰਦੇ ਤਾਂ ਨਿਤਿਸ਼ ਵੀ ਨਹੀਂ ਬਣ ਸਕਦੇ ਸਨ ਤੇ ਜੀਤਨਰਾਮ ਮਾਂਝੀ ਵੀ ਨਹੀਂ ਬਣ ਪਾਉਂਦੇ। ਇਹੀ ਗੱਲ ਉਤਰ ਪ੍ਰਦੇਸ਼ ਦੀ ਸਿਆਸਤ ਦੇ ਸੰਦਰਭ ਵਿਚ ਮੁਲਾਇਮ ਜਾਂ ਮਾਇਆਵਤੀ ਦੇ ਸੰਦਰਭ ਵਿਚ ਕਹੀ ਜਾ ਸਕਦੀ ਹੈ। ਬੇਸ਼ੱਕ, ਇਨ੍ਹਾਂ ਨੇਤਾਵਾਂ ਨੇ ਵੀ ਆਪਣੇ ਹੀ ਭਾਈਚਾਰਿਆਂ ਨਾਲ ਧੋਖਾ ਕੀਤਾ, ਪਰ ਉਹ ਇਕ ਦੂਸਰੀ ਕਹਾਣੀ ਹੈ।

ਖ਼ੈਰ, ਮੂਲ ਸਵਾਲ 'ਤੇ ਪਰਤਦੇ ਹਾਂ। ਕੀ ਸਾਨੂੰ ਉਮੀਦ ਕਰਨੀ ਛੱਡ ਦੇਣੀ ਚਾਹੀਦੀ ਹੈ? ਕੀ ਸਾਨੂੰ ਆਪਣੇ ਨੇਤਾਵਾਂ-ਆਪਣੇ ਅੰਦੋਲਨਾਂ ਨੂੰ ਸ਼ੱਕ ਨਾਲ ਦੇਖਣਾ ਚਾਹੀਦਾ ਹੈ? ਇਹ ਕਿਤੇ ਜ਼ਿਆਦਾ ਬੁਰਾ ਹੋਵੇਗਾ।

ਇਨ੍ਹਾਂ ਸਾਰੇ ਅੰਦੋਲਨਾਂ ਨੇ, ਇਨ੍ਹਾਂ ਨੇਤਾਵਾਂ ਨੇ, ਆਪਣੀਆਂ ਕਈ ਨਾਕਾਮੀਆਂ ਦੇ ਬਾਵਜੂਦ ਜਮਹੂਰੀ ਪ੍ਰਤੀਰੋਧ ਦੀ ਗਰਿਮਾ ਬਣਾਈ ਰੱਖੀ ਹੈ। ਸਰਕਾਰਾਂ ਨੂੰ ਬੇਲਗ਼ਾਮ ਹੋਣ ਤੋਂ ਡਰਾ ਕੇ ਰੱਖਿਆ ਹੈ। ਇਨ੍ਹਾਂ ਕਾਰਨ ਸੱਤਾ ਬਦਲੀ ਹੈ ਤੇ ਇਨ੍ਹਾਂ ਕਾਰਨ ਹੀ ਪਰਿਵਰਤਣ ਵੀ ਹੋਏ ਹਨ। ਭਾਰਤੀ ਸਿਆਸਤ ਅੱਜ ਉਹ ਨਹੀਂ ਹੈ, ਜੋ 60ਵੇਂ ਦਹਾਕੇ ਵਿਚ ਸੀ। ਉਸ ਦੇ ਸਾਹਮਣੇ 21ਵੀਂ ਸਦੀ ਦੀਆਂ ਬਹੁਤ ਸਾਰੀਆਂ ਚੁਣੌਤੀਆਂ ਹਨ। ਸਾਡੀ ਜਮਹੂਰੀਅਤ 'ਤੇ ਵੀ ਦਬਾਅ ਵਧੇ ਹਨ। ਉਸ 'ਤੇ ਬਹੁਤ ਵਿਰਾਟ ਪੂੰਜੀ ਦਾ ਦਬਾਅ ਹੈ, ਉਸ 'ਤੇ ਬਹੁਤ ਡੂੰਘੀ ਫਿਰਕਪ੍ਰਸਤੀ ਤੇ ਉਸ ਦੇ ਵਾਹਕ ਅਤਿਵਾਦੀ ਰਾਸ਼ਟਰਵਾਦ ਦਾ ਦਬਾਅ ਹੈ।

ਇਨ੍ਹਾਂ ਸਾਰਿਆਂ ਦੇ ਬਾਵਜੂਦ ਜੇਕਰ ਸਾਡਾ ਲੋਕਤੰਤਰ ਲਗਾਤਾਰ ਜ਼ਰੂਰੀ ਅਤੇ ਮਜ਼ਬੂਤ ਹੁੰਦਾ ਜਾ ਰਿਹਾ ਹੈ, ਜੇਕਰ ਉਸ ਵਿਚ ਹਾਸ਼ੀਏ 'ਤੇ ਪਏ ਫਿਰਕਿਆਂ ਦੀ ਹਿੱਸੇਦਾਰੀ ਵੱਧ ਰਹੀ ਹੈ, ਤਾਂ ਇਸ ਦਾ ਬਹੁਤ ਵੱਡਾ ਸਿਹਰਾ ਉਨ੍ਹਾਂ ਅੰਦੋਲਨਾਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਜਨਤਾ ਨੂੰ ਆਪਣੇ ਨਾਲ ਜੋੜਿਆ, ਉਨ੍ਹਾਂ ਵਿਚ ਉਮੀਦ ਪੈਦਾ ਕੀਤੀ ਅਤੇ ਅੰਤ, ਇਸ ਪੂਰੀ ਵਿਵਸਥਾ ਨੂੰ ਉਹ ਗਤੀਸ਼ੀਲਤਾ ਦਿੱਤੀ ਜੋ ਜੇਕਰ ਨਾ ਹੁੰਦੀ ਤਾਂ ਬਹੁਤ ਸਾਰੀਆਂ ਦੂਸਰੀਆਂ ਤਾਕਤਾਂ ਦਾ ਜ਼ੋਰ ਕਿਤੇ ਜ਼ਿਆਦਾ ਅਚੂਕ ਤੇ ਤਬਾਹਕੁਨ ਹੋਣਾ ਸੀ।

ਬਿਨਾਂ ਸ਼ੱਕ ਇਨ੍ਹਾਂ ਅੰਦੋਲਨਾਂ ਨੂੰ ਮਸੀਹਾਈ ਮੁਦਰਾਵਾਂ ਤੋਂ ਵੀ ਬਚਣ ਦੀ ਲੋੜ ਹੈ ਜੋ ਇਨ੍ਹਾਂ ਨਾਕਾਮੀਆਂ ਦਾ ਇਕ ਜ਼ਰੂਰੀ ਸਬਕ ਹੈ।

---

# ਸਿੱਖ ਪੰਥ ਲਈ ਗਹਿਰਾਏ ਚਿੰਤਾਜਨਕ ਮਸਲੇ

**ਭਾਈ ਅਸ਼ੋਕ ਸਿੰਘ ਬਾਗੜੀਆਂ**
(ਮੋਬਾਈਲ : 98140-95308)

**ਸ੍ਰੀ ਅਕਾਲ ਤਖ਼ਤ ਵੱਲੋਂ ਲਗਾਈ ਗਈ ਧਾਰਮਿਕ ਸਜ਼ਾ ਭੁਗਤਣ ਆਏ ਅਕਾਲੀ ਆਪਣੇ ਪੂਰੇ ਲਾਮ-ਲਸ਼ਕਰ ਨਾਲ ਨਿਮਾਣੇ ਸਿੱਖ ਵਜੋਂ ਘੱਟ ਅਤੇ ਲੀਡਰ ਦੇ ਤੌਰ 'ਤੇ ਜ਼ਿਆਦਾ ਪੇਸ਼ ਆ ਰਹੇ ਸਨ। ਇਸ ਗੱਲ ਦੀ ਗਵਾਹੀ ਮੀਡੀਆ ਵਿੱਚ ਛਪੀਆਂ ਕੁਝ ਤਸਵੀਰਾਂ ਭਰਦੀਆਂ ਹਨ ਜਿਨ੍ਹਾਂ ਵਿੱਚ ਹੱਥ ਵਿੱਚ ਝਾੜੂ ਫੜ ਕੇ ਫੋਟੋ ਖਿਚਵਾਈ ਜਾ ਰਹੀ ਹੈ, ਪਰ ਚਿਹਰੇ 'ਤੇ ਰਤਾ ਵੀ ਸ਼ਰਮ ਜਾਂ ਗ਼ਲਤੀ ਦੇ ਅਹਿਸਾਸ ਵਾਲਾ ਭਾਵ ਨਹੀਂ ਅਤੇ ਚਿਹਰੇ ਕੈਮਰਿਆਂ ਵੱਲ ਹਨ।**

ਡੇਰਾ ਸਿਰਸਾ ਦੇ ਮੁਖੀ ਦੀ ਅਖੌਤੀ ਮੁਆਫ਼ੀ ਤੋਂ ਪੈਦਾ ਹੋਏ ਹਾਲਾਤ ਤੋਂ ਕਈ ਸਵਾਲ ਪੰਥਕ ਚਿੰਤਕਾਂ ਵਾਸਤੇ ਖੜ੍ਹੇ ਹੋ ਗਏ ਹਨ। ਇਹ ਅਖੌਤੀ ਮੁਆਫ਼ੀਨਾਮਾ ਲੈ ਕੇ ਕੌਣ ਆਇਆ ਅਤੇ ਸ੍ਰੀ ਅਕਾਲ ਤਖ਼ਤ 'ਤੇ ਕਦੋਂ ਪੇਸ਼ ਹੋਇਆ, ਅਜਿਹੇ ਸਵਾਲਾਂ ਨੇ ਪੰਥ ਵਿੱਚ ਕਾਫ਼ੀ ਉਥਲ-ਪੁਥਲ ਮਚਾਈ ਹੈ। ਹਾਲ ਹੀ ਵਿੱਚ ਹੋਈਆਂ ਪੰਜਾਬ ਚੋਣਾਂ ਵਿੱਚ ਕਈ ਅਕਾਲੀ ਆਗੂ ਇਸ ਡੇਰੇ 'ਤੇ ਸਿਆਸੀ ਲਾਭ ਲੈਣ ਲਈ ਪਹੁੰਚੇ, ਪਰ ਇਸ ਦੇ ਬਾਵਜੂਦ ਅਕਾਲੀ ਦਲ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਚੋਣਾਂ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਨ੍ਹਾਂ ਅਕਾਲੀ ਲੀਡਰਾਂ ਖ਼ਿਲਾਫ਼ ਕਾਰਵਾਈ ਕਰਨ ਦਾ ਹੁਕਮਨਾਮਾ ਜਾਰੀ ਕਰ ਦਿੱਤਾ ਗਿਆ ਜਿਸ ਨਾਲ ਕੁਝ ਅਕਾਲੀ ਲੀਡਰਾਂ ਨੂੰ ਦੋਸ਼ੀ ਮੰਨ ਕੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਹੁਕਮਨਾਮਾ ਜਾਰੀ ਕਰਕੇ ਤਨਖ਼ਾਹੀਏ ਕਰਾਰ ਦਿੱਤਾ ਅਤੇ ਧਾਰਮਿਕ ਸਜ਼ਾ ਲਗਾਉਣ ਲਈ ਤਲਬ ਕਰ ਲਿਆ। ਇਸ ਸਾਰੇ ਘਟਨਾਕ੍ਰਮ ਨਾਲ ਕਈ ਸਵਾਲ ਖੜ੍ਹੇ ਹੋ ਗਏ। ਪਹਿਲਾ ਸਵਾਲ ਤਾਂ ਇਹ ਕਿ ਡੇਰਾ ਮੁਖੀ ਤੋਂ ਸਿਆਸੀ ਲਾਭ ਲੈਣ ਪਹੁੰਚੇ ਅਕਾਲੀ ਲੀਡਰਾਂ ਨੂੰ ਚੋਣਾਂ ਤੋਂ ਪਹਿਲਾਂ ਕਿਉਂ ਨਹੀਂ ਰੋਕਿਆ ਗਿਆ। ਦੂਸਰਾ ਇਹ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਲਗਾਈ ਗਈ ਧਾਰਮਿਕ ਸਜ਼ਾ ਭੁਗਤਣ ਆਏ ਅਕਾਲੀ ਆਪਣੇ ਪੂਰੇ ਲਾਮ-ਲਸ਼ਕਰ ਨਾਲ ਨਿਮਾਣੇ ਸਿੱਖ ਵਜੋਂ ਘੱਟ ਅਤੇ ਲੀਡਰ ਦੇ ਤੌਰ 'ਤੇ ਜ਼ਿਆਦਾ ਪੇਸ਼ ਆ ਰਹੇ ਸਨ। ਇਸ ਗੱਲ ਦੀ ਗਵਾਹੀ ਮੀਡੀਆ ਵਿੱਚ ਛਪੀਆਂ ਕੁਝ ਤਸਵੀਰਾਂ ਭਰਦੀਆਂ ਹਨ ਜਿਨ੍ਹਾਂ ਵਿੱਚ ਹੱਥ ਵਿੱਚ ਝਾੜੂ ਫੜ ਕੇ ਫੋਟੋ ਖਿਚਵਾਈ ਜਾ ਰਹੀ ਹੈ, ਪਰ ਚਿਹਰੇ 'ਤੇ ਰਤਾ ਵੀ ਸ਼ਰਮ ਜਾਂ ਗ਼ਲਤੀ ਦੇ ਅਹਿਸਾਸ ਵਾਲਾ ਭਾਵ ਨਹੀਂ ਅਤੇ ਚਿਹਰੇ ਕੈਮਰਿਆਂ ਵੱਲ ਹਨ। ਤੀਸਰਾ ਸਵਾਲ ਇਹ ਕਿ ਸ੍ਰੀ ਅਕਾਲ ਤਖ਼ਤ ਦੇ ਮਾਤਹਿਤ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਆਗੂਆਂ ਨੂੰ ਤਖ਼ਤ 'ਤੇ ਤਲਬ ਕਿਉਂ ਨਹੀਂ ਕੀਤਾ ਗਿਆ? ਇਸ ਦੇ ਨਾਲ ਹੀ ਜੁੜੇ ਸਵਾਲ ਹਨ: ਇਹ ਅਕਾਲੀ ਆਗੂ ਅਕਾਲੀ ਦਲ ਦੇ ਪ੍ਰਧਾਨ ਦੀ ਮਰਜ਼ੀ ਤੋਂ ਬਿਨਾਂ ਡੇਰਾ ਮੁਖੀ ਕੋਲ ਕਿਵੇਂ ਪਹੁੰਚ ਗਏ? ਸ਼੍ਰੋਮਣੀ ਅਕਾਲੀ ਦਲ ਨੂੰ ਸ੍ਰੀ ਅਕਾਲ ਤਖ਼ਤ ਅੱਗੇ ਜਵਾਬਦੇਹ ਕਿਉਂ ਨਹੀਂ ਬਣਾਇਆ ਗਿਆ? ਚੌਥਾ ਸਵਾਲ ਇਹ ਕਿ ਕੀ ਇਹ ਧਾਰਮਿਕ ਸਜ਼ਾ ਇੱਕ ਦਿਖਾਵਾ ਸੀ? ਕੀ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਮਹਿਜ਼ ਨੌਕਰੀ ਹੀ ਬਣ ਕੇ ਰਹਿ ਗਈ ਹੈ?

ਅੱਜ ਦੀ ਸਥਿਤੀ ਵਿੱਚ ਜਦੋਂ ਪੰਜ ਪਿਆਰਿਆ ਵਿੱਚੋਂ ਇੱਕ ਗਿਆਨੀ ਗੁਰਮੁਖ ਸਿੰਘ ਨੇ ਡੇਰਾ ਮੁਖੀ ਦੇ ਅਖੌਤੀ ਮੁਆਫ਼ੀਨਾਮੇ ਬਾਰੇ ਜੋ ਬਾਤਫ਼ਸੀਲ ਬਿਆਨ ਅਖ਼ਬਾਰਾਂ ਨੂੰ ਦਿੱਤਾ, ਉਸ ਨੇ ਖੁੱਲ੍ਹਮ-ਖੁੱਲ੍ਹਾ ਸਿੱਖ ਧਰਮ 'ਤੇ ਸਿਆਸਤਦਾਨਾਂ ਦਾ ਅਧਿਕਾਰ ਅਤੇ ਰੋਅਬ ਪ੍ਰਗਟਾਇਆ ਹੈ। ਉਨ੍ਹਾਂ ਦੇ ਬਿਆਨ ਬਾਰੇ ਕਿਸੇ ਵੀ ਸਿੱਖ ਆਗੂ ਦਾ ਕੋਈ ਪ੍ਰਤੀਕਰਮ ਸਾਹਮਣੇ ਨਹੀਂ ਆਇਆ। ਜਦੋਂ ਧਰਮ ਦੇ ਮੁੱਢਲੇ ਅਸੂਲਾਂ ਅਤੇ ਮੁੱਢਲੀਆਂ ਸੰਸਥਾਵਾਂ ਨੂੰ ਢਾਹ ਲੱਗਦੀ ਹੈ ਤਾਂ ਸਿੱਖ ਸੰਗਤ ਕੀ ਚੁੱਪ ਕਰਕੇ ਪਾਸਾ ਵੱਟ ਕੇ ਬੈਠ ਸਕਦੀ ਹੈ? ਇਹ ਗੱਲ ਸਿੱਖ ਧਰਮ ਦੇ ਸਵੈਮਾਣ ਵਾਲੇ ਸਿਧਾਂਤ ਨੂੰ ਠੇਸ ਪਹੁੰਚਾਉਂਦੀ ਜਾਪਦੀ ਹੈ। ਸੱਚ ਤੇ ਅਸੱਤ ਦੀ ਲੜਾਈ ਵਿੱਚ ਜੋ ਜਾਣ-ਬੁੱਝ ਕੇ ਸੱਚ ਦੀ ਹਾਮੀ ਨਹੀਂ ਭਰਦਾ, ਅਸਲ ਵਿੱਚ ਉਹ ਵੀ ਅਸੱਤ ਦੀ ਮਦਦ

ਬਾਕੀ ਸਫ਼ਾ 28 'ਤੇ

# ਚੋਣ ਵਾਅਦਿਆਂ ਦੀ ਪੂਰਤੀ: ਨਾ ਨੀਤੀ, ਨਾ ਨੀਅਤ

**ਨਵੀਂ ਸਰਕਾਰ ਬਣਨ ਨਾਲ ਨਵੀਂ ਸਰਪ੍ਰਸਤੀ ਵਾਲੇ ਮਾਫ਼ੀਏ ਅੱਗੇ ਆ ਰਹੇ ਹਨ। ਨਵੀਆਂ ਸਮੀਕਰਨਾਂ ਵਿੱਚ ਟਰੱਕ ਯੂਨੀਅਨਾਂ 'ਤੇ ਕਬਜ਼ਿਆਂ ਲਈ ਅਕਾਲੀ ਅਤੇ ਕਾਂਗਰਸੀ ਪੱਖੀ ਲੱਠਮਾਰਾਂ ਦੀਆਂ ਹਥਿਆਰਬੰਦ ਝੜਪਾਂ ਹੋ ਰਹੀਆਂ ਹਨ। ਟੀ.ਵੀ.ਚੈਨਲਾਂ, ਢਾਬਿਆਂ ਅਤੇ ਟਰਾਂਸਪੋਰਟ 'ਤੇ ਬਾਦਲਾਂ ਦਾ ਏਕਾਅਧਿਕਾਰ ਅਜੇ ਬਰਕਰਾਰ ਹੈ। ਕੈਪਟਨ ਸਰਕਾਰ ਦੀ ਨਿਰਪੱਖ ਟਰਾਂਸਪੋਰਟ ਨੀਤੀ ਵਿਚੋਂ ਕਿਸੇ ਮਜ਼ਦੂਰ-ਕਿਸਾਨ ਦੇ ਪੱਲੇ ਕੁਝ ਵੀ ਪੈਣ ਵਾਲਾ ਨਹੀਂ। ਗੁੰਡਾਗਰਦੀ ਅਤੇ ਧੌਂਸ ਦਾ ਬੋਲਬਾਲਾ ਪਹਿਲਾਂ ਵਾਂਗ ਹੀ ਹੈ।**

**ਮੋਹਨ ਸਿੰਘ (ਡਾ.)**
ਮੋਬਾਈਲ: 78883-27695



ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਕਾਂਗਰਸ ਨੇ ਆਪਣੇ ਚੋਣ ਮੈਨੀਫ਼ੈਸਟੋ ਵਿੱਚ ਲੋਕਾਂ ਨਾਲ ਅਸਮਾਨੋਂ ਤਾਰੇ ਤੋੜਨ ਤੱਕ ਦੇ ਵਾਅਦੇ ਕੀਤੇ ਸਨ। ਰਾਜ ਦੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਮੁਆਫ਼ ਕਰਨ, ਖੇਤੀ ਲਈ ਬਿਜਲੀ ਮੁਫ਼ਤ ਜਾਰੀ ਰੱਖਣ, ਫ਼ਸਲੀ ਵਿਭਿੰਨਤਾ ਲਿਆਉਣ, ਫ਼ਸਲਾਂ ਅਤੇ ਸਿਹਤ ਦਾ ਮੁਫ਼ਤ ਬੀਮਾ ਤੇ ਡੇਅਰੀ ਕਿੱਤੇ ਵਿਚ ਮੋਹਰੀ ਸੂਬੇ ਵਜੋਂ ਵਿਕਸਤ ਕਰਨ; ਹਰ ਘਰ ਵਿਚ ਘੱਟੋ-ਘੱਟ ਇਕ ਮੈਂਬਰ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਅਤੇ ਬੇਰੁਜ਼ਗਾਰਾਂ ਨੂੰ ਭੱਤਾ ਦੇਣ; ਨਸ਼ਿਆਂ ਦਾ ਖ਼ਾਤਮਾ ਕਰਨ; ਸਨਅਤ ਨੂੰ ਪੈਰਾਂ ਸਿਰ ਖੜ੍ਹੇ ਕਰਨ; ਐਸ. ਵਾਈ.ਐਲ. ਦਾ ਪੰਜਾਬ ਦੇ ਪੱਖ ਵਿੱਚ ਫੈਸਲਾ ਕਰਾਉਣ; ਨਿਰਪੱਖ ਟਰਾਂਸਪੋਰਟ ਨੀਤੀ ਦੇ ਆਧਾਰ 'ਤੇ ਲਾਇਸੈਂਸ ਜਾਰੀ ਕਰਨ ਸਮੇਤ ਵਾਅਦਿਆਂ ਦੀ 112 ਸਫ਼ਿਆਂ ਦੀ ਲੰਬੀ ਸੂਚੀ ਪੇਸ਼ ਕੀਤੀ ਸੀ।

ਕੈਪਟਨ ਦਾ ਸਭ ਤੋਂ ਵੱਡਾ ਵਾਅਦਾ ਕਿਸਾਨੀ ਕਰਜ਼ੇ ਮੁਆਫ਼ ਕਰਨ ਦਾ ਸੀ। ਪਿਛਲੀ ਸਰਕਾਰ ਕਰਜ਼ਾ ਮੁਆਫ਼ੀ ਦੀ ਮੰਗ ਮੰਨ ਕੇ ਲਗਾਤਾਰ ਮੁੱਕਰਦੀ ਰਹੀ ਹੈ ਅਤੇ ਕਾਂਗਰਸ ਇਸ ਵਾਅਦਾ- ਖ਼ਿਲਾਫ਼ੀ ਬਾਰੇ ਲਗਾਤਾਰ ਅਕਾਲੀ-ਭਾਜਪਾ ਸਰਕਾਰ ਨੂੰ ਘੇਰਦੀ ਰਹੀ ਹੈ। ਚੋਣਾਂ ਦੌਰਾਨ ਕਾਂਗਰਸ ਪਾਰਟੀ ਨੇ ਕਿਸਾਨਾਂ ਨਾਲ ਕਰਜ਼ਾ ਮੁਆਫ਼ੀ ਲਈ ਵਾਅਦਾ ਹੀ ਨਹੀਂ ਕੀਤਾ ਸੀ ਸਗੋਂ ਉਸ ਨੇ ਕਈ ਥਾਈਂ ਕਿਸਾਨਾਂ ਤੋਂ ਇਸ ਸਬੰਧੀ ਕਾਗਜ਼ ਭਰਾਉਣ ਦੇ ਐਲਾਨ ਵੀ ਕੀਤੇ ਸਨ। ਹੁਣ ਕਰਜ਼ਾ ਮੁਆਫ਼ ਕਰਨ ਦੀ ਗੱਲ ਚੱਲਣ ਵੇਲੇ 'ਰਾਜ ਪੱਧਰੀ ਬੈਂਕਰਜ਼ ਕਮੇਟੀ' ਨੇ ਦੱਸਿਆ ਹੈ ਕਿ ਪੰਜਾਬ ਦਾ ਖੇਤੀਬਾੜੀ ਕਰਜ਼ਾ 77684 ਕਰੋੜ ਰੁਪਏ ਹੈ। ਇਸ ਵਿੱਚੋਂ 14753 ਕਰੋੜ ਰੁਪਏ ਮਿਆਦੀ ਕਰਜ਼ ਹੈ।

ਪੰਜਾਬ ਇਸ ਸਮੇਂ ਗੰਭੀਰ ਜ਼ਰੱਈ ਸੰਕਟ ਵਿੱਚ ਫਸਿਆ ਹੋਇਆ ਹੈ। ਇਸ ਸੰਕਟ ਕਾਰਨ ਪਿਛਲੇ ਇਕ ਦਹਾਕੇ ਅੰਦਰ 6926 ਮਜ਼ਦੂਰ-ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ ਤੇ ਇਹ ਵਰਤਾਰਾ ਹੋਰ ਵੀ ਤੇਜ਼ੀ ਨਾਲ ਚਲ ਰਿਹਾ ਹੈ। ਰਾਜ ਦੇ 2 ਲੱਖ ਛੋਟੇ ਕਿਸਾਨ ਖੇਤੀਬਾੜੀ ਛੱਡ ਗਏ ਹਨ। ਯੂਪੀ ਦੀ ਅਦਿੱਤਿਆਨਾਥ ਯੋਗੀ ਸਰਕਾਰ ਨੇ ਆਪਣੇ ਵਾਅਦੇ ਅਨੁਸਾਰ ਕੈਬਨਿਟ ਦੀ ਪਹਿਲੀ ਮੀਟਿੰਗ ਵਿੱਚ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰ ਦਿੱਤੇ ਹਨ। ਕਾਂਗਰਸ ਨੂੰ ਚੋਣਾਂ ਦੌਰਾਨ ਕਿਸਾਨੀ ਕਰਜ਼ੇ ਮੁਆਫ਼ ਕਰਨ ਦਾ ਵਾਅਦਾ ਕਰਨ ਵੇਲੇ ਪੰਜਾਬ ਦੀ ਮਾਲੀ ਹਾਲਤ ਦਾ ਚੰਗੀ ਤਰ੍ਹਾਂ ਪਤਾ ਸੀ ਪਰ ਹੁਣ ਕੈਪਟਨ ਸਰਕਾਰ ਪੰਜਾਬ ਨੂੰ ਵਿੱਤੀ ਸੰਕਟ ਦੀ ਦੁਹਾਈ ਪਾਉਣ ਲੱਗ ਪਈ ਹੈ। ਕੈਪਟਨ ਨੇ ਕੇਂਦਰ ਸਰਕਾਰ ਤੋਂ ਇਸ ਸਬੰਧੀ ਮਦਦ ਵੀ ਮੰਗੀ ਪਰ ਜਿਵੇਂ ਆਸ ਸੀ, ਕੇਂਦਰ ਨੇ ਮਦਦ ਤੋਂ ਨਾਂਹ ਕਰ ਦਿੱਤੀ। ਇਸ ਤੋਂ ਬਾਅਦ ਕੈਪਟਨ ਨੇ ਕਰਜ਼ਾ ਮੁਆਫ਼ ਕਰਨ ਲਈ ਕਮੇਟੀ ਦਾ ਚੱਕਰ ਪਾ ਕੇ ਇਸ ਵਾਅਦੇ ਨੂੰ ਦੋ ਮਹੀਨਿਆਂ ਲਈ ਟਾਲ ਦਿੱਤਾ ਹੈ।

ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਮਿਹਨਤਕਸ਼ ਲੋਕਾਂ ਨੂੰ ਰੁਜ਼ਗਾਰ ਪ੍ਰਾਪਤੀ ਲਈ ਰੋਸ ਰੈਲੀਆਂ, ਜਗਰਾਤੇ, ਰੋਸ ਮਾਰਚ, ਸਿਆਸੀ ਆਗੂਆਂ ਦੇ ਘਿਰਾਓ, ਟੈਂਕੀਆਂ 'ਤੇ ਚੜ੍ਹ ਕੇ ਆਤਮਹੱਤਿਆਵਾਂ ਕਰਨ ਦੀਆਂ ਚਿਤਾਵਨੀਆਂ ਦੇਣ ਵਰਗੇ ਸੰਗੀਨ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ ਹੈ। ਕੈਪਟਨ ਅਮਰਿੰਦਰ ਸਿੰਘ ਅਨੁਸਾਰ ਪੰਜਾਬ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ 60 ਲੱਖ ਤੋਂ ਵੱਧ ਹੈ। 1998 ਦੇ ਇਕ ਸਰਵੇਖਣ ਮੁਤਾਬਕ 18 ਤੋਂ 35 ਸਾਲ ਦੇ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ 14.72 ਲੱਖ ਸੀ। ਰੁਜ਼ਗਾਰ ਦਫ਼ਤਰਾਂ ਵਿੱਚ 3, 61, 299 ਅਰਜ਼ੀਆਂ ਪਈਆਂ ਸਨ ਜਿਨ੍ਹਾਂ ਵਿਚੋਂ ਬੇਰੁਜ਼ਗਾਰੀ ਦਾ ਨਿਗੂਣਾ ਭੱਤਾ ਕੇਵਲ 444 ਨੂੰ ਹੀ ਮਿਲਿਆ। ਕਾਂਗਰਸ ਨੇ ਆਪਣੇ ਚੋਣ ਮੈਨੀਫ਼ਸਟੋ ਵਿੱਚ ਹਰ ਘਰ ਦੇ ਘੱਟੋ ਘੱਟ ਇਕ ਮੈਂਬਰ ਨੂੰ ਰੁਜ਼ਗਾਰ ਦੇਣ, ਰੁਜ਼ਗਾਰ ਨਾ ਮਿਲਣ ਤੱਕ ਢਾਈ ਹਜ਼ਾਰ ਰੁਪਏ ਰੁਜ਼ਗਾਰ ਭੱਤਾ ਅਤੇ ਸਮਾਰਟ ਫੋਨ ਦੇਣ ਦਾ ਵਾਅਦਾ ਕੀਤਾ ਹੋਇਆ ਹੈ। ਕੈਪਟਨ ਸਰਕਾਰ ਦੀ 60 ਲੱਖ ਦੇ ਰੁਜ਼ਗਾਰ ਪੈਦਾ ਕਰਕੇ ਰੁਜ਼ਗਾਰ ਦੇਣ ਦੀ ਕੋਈ ਯੋਜਨਾ ਦਿਖਾਈ ਨਹੀਂ ਦਿੰਦੀ।

ਨਸ਼ਾ, ਵਿਸ਼ੇਸ਼ ਤੌਰ 'ਤੇ 'ਚਿੱਟਾ' ਪੰਜਾਬ ਦੇ ਨੌਜਵਾਨਾਂ ਦਾ ਖੌਅ ਬਣਿਆ ਹੋਇਆ ਹੈ। ਸਾਬਕਾ ਡੀਐਸਪੀ ਜਗਦੀਸ਼ ਸਿੰਘ ਭੋਲਾ ਅਤੇ ਸਾਬਕਾ ਜੇਲ੍ਹ ਅਫ਼ਸਰ ਸ਼ਸ਼ੀ ਕਾਂਤ ਵੱਲੋਂ ਨਸ਼ਾ ਤਸਕਰੀ ਨਾਲ ਜੁੜੇ ਹੋਏ ਪੰਜਾਬ ਦੇ ਕਈ ਵੱਡੇ ਸਿਆਸੀ ਆਗੂਆਂ ਅਤੇ ਅਧਿਕਾਰੀਆਂ ਦੇ ਸਬੂਤਾਂ ਸਹਿਤ ਨਾਂ ਨਸ਼ਰ ਕੀਤੇ ਸਨ। ਲੋਕਾਂ ਦੇ ਵਧਦੇ ਦਬਾਅ ਕਾਰਨ ਬਾਦਲ ਸਰਕਾਰ ਨੂੰ ਪੁਲੀਸ ਮੁਹਿੰਮ ਚਲਾ ਕੇ ਦੋਇਮ ਦਰਜੇ ਦੇ ਅਕਾਲੀ ਆਗੂ ਵੀ ਫੜਨੇ ਪਏ ਸਨ। ਇਕ ਵਿਸ਼ੇਸ਼ ਜਾਂਚ ਟੀਮ (ਸਿੱਟ) ਵੀ ਬਣਾਉਣੀ ਪਈ ਸੀ। ਪਰ ਬਾਦਲ ਸਰਕਾਰ ਵੱਲੋਂ 'ਸਿੱਟ' ਦੀ ਰਿਪੋਰਟ ਵਿੱਚ ਭੋਲੇ ਸਮੇਤ 18 ਮੁਲਜ਼ਮਾਂ ਦੇ ਨਾਂ ਪਾ ਕੇ ਚਰਚਿੱਤ ਸਿਆਸੀ ਆਗੂਆਂ ਅਤੇ ਅਧਿਕਾਰੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ।

ਕਾਂਗਰਸ ਨੇ ਆਪਣੇ ਚੋਣ ਮੈਨੀਫ਼ੈਸਟੋ ਵਿੱਚ ਚਾਰ ਹਫ਼ਤਿਆਂ ਅੰਦਰ ਨਸ਼ੇ ਖ਼ਤਮ ਕਰਨ, ਨਸ਼ਾ ਤਸਕਰਾਂ ਅਤੇ ਅਧਿਕਾਰੀਆਂ 'ਤੇ ਸਖ਼ਤੀ ਕਰਨ, ਨਸ਼ਿਆ ਦੇ ਕੇਸਾਂ ਲਈ ਫਾਸਟ ਟਰੈਕ ਅਦਾਲਤਾਂ ਬਣਾਉਣ, ਨਸ਼ਿਆਂ ਦੇ ਡੀਲਰਾਂ ਦੇ ਅਸਾਸੇ ਜ਼ਬਤ ਕਰਨ, ਨਸ਼ੇ ਦੂਰ ਕਰਨ ਲਈ ਜਾਗਰੂਕਤਾ ਮੁਹਿੰਮਾਂ ਚਲਾਉਣ ਦਾ ਵਾਅਦਾ ਕੀਤਾ ਸੀ। ਪਰ ਕੈਪਟਨ ਸਰਕਾਰ ਵੱਲੋਂ ਆਈਪੀਐਸ ਅਧਿਕਾਰੀ ਹਰਪ੍ਰੀਤ ਸਿੱਧੂ ਅਧੀਨ ਬਣਾਈ ਵਿਸ਼ੇਸ਼ ਟਾਸਕ ਫੋਰਸ ਨੇ ਛੋਟੇ ਛੋਟੇ ਨਸ਼ਾ ਤਸਕਰਾਂ ਅਤੇ ਨਸ਼ੱਈਆਂ ਨੂੰ ਗ੍ਰਿਫ਼ਤਾਰ ਕਰਨ ਦਾ ਚੱਕਰ ਚਲਾ ਕੇ ਕਿਸੇ ਵੀ ਵੱਡੀ ਮੱਛੀ ਨੂੰ ਹੱਥ ਨਹੀਂ ਪਾਇਆ। ਕੈਪਟਨ ਸਰਕਾਰ ਨੇ ਸਿਆਸੀ ਆਗੂਆਂ, ਪੁਲੀਸ ਅਧਿਕਾਰੀਆਂ ਅਤੇ ਤਸਕਰਾਂ ਦੇ ਤਾਣੇ-ਬਾਣੇ ਨੂੰ ਤਹਿਸ-ਨਹਿਸ ਨਹੀਂ ਕੀਤਾ ਸਗੋਂ ਇਸ ਨੇ ਬਠਿੰਡਾ ਚੋਣਾਂ ਸਮੇਂ ਨਾਜਾਇਜ਼ ਸ਼ਰਾਬ ਵੇਚਣ ਵਾਲੇ ਠੇਕੇਦਾਰ ਨੂੰ ਪੁਲੀਸ ਵੱਲੋਂ ਕਲੀਨ ਚਿੱਟ ਦੁਆ ਦਿੱਤੀ। ਸਿੱਟੇ ਵਜੋਂ ਨਸ਼ੇ ਵਿਰੋਧੀ 'ਮੁਹਿੰਮ' ਚਲਾਉਣ ਦੇ ਬਾਵਜੂਦ ਪੰਜਾਬ ਅੰਦਰ 'ਚਿੱਟਾ' ਅਤੇ ਹੋਰ ਨਸ਼ੇ ਪਹਿਲਾਂ ਵਾਂਗ ਹੀ ਧੜੱਲੇ ਨਾਲ ਵੇਚੇ ਅਤੇ ਵਰਤੇ ਜਾ ਰਹੇ ਹਨ।

ਪੰਜਾਬ ਦੀ ਸਨਅਤ ਬੁਰੀ ਤਰ੍ਹਾਂ ਸੰਕਟ ਵਿੱਚ ਹੈ। ਪੰਜਾਬ ਦੀ ਜ਼ਿਆਦਾ ਸਨਅਤ ਦਰਮਿਆਨੀ ਅਤੇ ਛੋਟੀ ਹੈ। ਇਹ ਨਿਰਯਾਤ ਵਿੱਚ ਮਹੱਤਵਪੂਰਨ ਹਿੱਸਾ ਪਾਉਂਦੀ ਰਹੀ ਹੈ। ਨਹਿਰੂ-ਮਹਾਲਨੋਬਿਸ ਦੇ ਨਿੱਜੀ ਅਤੇ ਪਬਲਿਕ ਖੇਤਰ ਦੀ ਮਿੱਸੀ ਆਰਥਿਕ ਨੀਤੀ ਦੇ ਮਾਡਲ ਅਨੁਸਾਰ ਇਨ੍ਹਾਂ ਸਨਅਤਾਂ ਨੂੰ ਸਸਤਾ ਕਰਜ਼ਾ, ਕੱਚਾ ਮਾਲ ਅਤੇ ਸਬਸਿਡੀਆਂ ਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ। ਪਰ ਵਿਸ਼ਵੀਕਰਨ ਦੇ ਦੌਰ ਅੰਦਰ ਇਨ੍ਹਾਂ ਨੀਤੀਆਂ ਨੂੰ ਤਿਆਗਣ ਕਾਰਨ ਇਹ ਸਨਅਤਾਂ ਉਜੜ ਰਹੀਆਂ ਹਨ। ਸਿੱਟੇ ਵਜੋਂ ਪੰਜਾਬ ਦੀਆਂ 6550 ਸਨਅਤੀ ਇਕਾਈਆਂ ਬਿਮਾਰ ਐਲਾਨੀਆਂ ਹੋਈਆਂ ਹਨ। 2007-15 ਵਿਚਕਾਰ 18770 ਇਕਾਈਆਂ ਬੰਦ ਜਾਂ ਦੂਜੇ ਰਾਜਾਂ ਨੂੰ ਪਰਵਾਸ ਕਰ ਚੁੱਕੀਆਂ ਸਨ। ਬਠਿੰਡੇ ਜ਼ਿਲ੍ਹੇ ਵਿਚ ਪਿਛਲੇ ਇਕ ਦਹਾਕੇ ਵਿੱਚ ਨਰਮਾ ਮਿੱਲਾਂ ਦੀ ਗਿਣਤੀ 422 ਤੋਂ ਘੱਟ ਕੇ 116 ਰਹਿ ਗਈ ਹੈ। ਸੰਕਟ ਕਾਰਨ ਸਨਅਤਕਾਰਾਂ ਸਿਰ ਵੱਡੀ ਪੱਧਰ 'ਤੇ ਕਰਜ਼ਾ ਚੜ੍ਹ ਗਿਆ ਹੈ। ਇਨ੍ਹਾਂ ਸਨਅਤਾਂ ਨੂੰ ਸਹਾਰਾ ਦੇਣ ਦੀ ਬਜਾਏ ਕੈਪਟਨ ਅਮਰਿੰਦਰ ਸਿੰਘ ਤੇ ਮਨਪ੍ਰੀਤ ਸਿੰਘ ਬਾਦਲ ਵੱਡੀਆਂ ਸਨਅਤਾਂ ਲਾਉਣ ਲਈ ਮੁੰਬਈ ਵਿੱਚ ਵੱਡੇ ਕਾਰਪੋਰੇਟ ਘਰਾਣਿਆਂ ਨਾਲ ਮੀਟਿੰਗਾਂ ਕਰ ਰਹੇ ਹਨ। ਪੰਜਾਬ ਦੇ ਉਦਯੋਗਪਤੀ ਸਸਤਾ ਕਰਜ਼ਾ, ਕਰਜ਼ੇ ਦਾ ਇਕਮੁਸ਼ਤ ਨਿਬੇੜਾ, 1978 ਦੀ ਸਨਅਤੀ ਨੀਤੀ ਲਾਗੂ ਕਰਨ, ਬਾਰਡਰ ਏਰੀਆ ਨੂੰ ਪੈਕੇਜ ਦੇਣ, ਫਰੇਟ ਸਬਸਿਡੀ ਚਾਲੂ ਕਰਨ, ਬੁਨਿਆਦੀ ਢਾਂਚਾ ਵਿਕਸਤ ਕਰਨ ਦੀ ਮੰਗ ਕਰ ਰਹੇ ਹਨ। ਕਾਂਗਰਸ ਸਰਕਾਰ ਪੰਜਾਬ ਦੀਆਂ ਸਨਅਤਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਅਤੇ ਰਿਆਇਤੀ ਦਰਾਂ 'ਤੇ ਪਾਣੀ ਮੁਹੱਈਆ ਕਰਾਉਣ ਦੇ ਆਪਣੇ ਨਿਗੂਣੇ ਵਾਅਦੇ ਵੀ ਪੂਰੇ ਨਹੀਂ ਕਰ ਰਹੀ ਸਗੋਂ ਸਾਮਰਾਜੀ ਵੱਡੀਆਂ ਕੰਪਨੀਆਂ ਅਤੇ ਭਾਰਤੀ ਵੱਡੇ ਘਰਾਣਿਆਂ ਨੂੰ ਸੱਦੇ ਦੇਣ ਵੱਲ ਨੂੰ ਉਲਾਰੂ ਹੈ।

ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਨੇ 'ਸਤਲੁਜ ਜਮਨਾ ਲਿੰਕ' ਨਹਿਰ ਨੂੰ ਇਕ ਭਖਦਾ ਮੁੱਦਾ ਬਣਾਈ ਰੱਖਿਆ ਸੀ। ਅਸਲ ਵਿੱਚ ਇਸ ਮਸਲੇ ਨੂੰ ਉਲਝਾਉਣ ਲਈ ਇਹ ਦੋਨੋ ਪਾਰਟੀਆਂ ਦੋਸ਼ੀ ਹਨ। ਇਹ ਕਾਂਗਰਸ ਸਰਕਾਰ ਹੀ ਸੀ ਜਿਸ ਨੇ 'ਇੰਦਰਾ ਐਵਾਰਡ' ਸਮਝੌਤਾ ਕੀਤਾ ਅਤੇ ਇਹ ਅਕਾਲੀ ਸਰਕਾਰ ਸੀ ਜਿਸ ਨੇ 'ਸਤਲੁਜ ਜਮਨਾ ਲਿੰਕ' ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਾਇਆ ਸੀ ਪਰ ਹੁਣ ਇਹ ਇਕ ਦੂਜੀ ਉਪਰ ਪੰਜਾਬ ਨਾਲ ਦਗਾ ਕਮਾਉਣ ਦਾ ਦੋਸ਼ ਲਾ ਰਹੀਆਂ ਅਤੇ ਹਰਿਆਣੇ ਨੂੰ ਪਾਣੀ ਦੀ ਇਕ ਵੀ ਬੂੰਦ ਨਾ ਦੇਣ ਬਾਰੇ ਕਹਿ ਰਹੀਆਂ ਹਨ। ਸੁਪਰੀਮ ਕੋਰਟ ਨੇ ਪੰਜਾਬ ਦੇ ਉਲਟ ਫ਼ੈਸਲਾ ਦੇ ਕੇ ਪੰਜਾਬ ਸਰਕਾਰ ਲਈ ਕਸੂਤੀ ਹਾਲਤ ਬਣਾ ਦਿੱਤੀ ਹੈ। ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਦਖਲਅੰਦਾਜ਼ੀ ਕਰਨ ਬਾਰੇ ਕਹਿਣ 'ਤੇ ਇਹ ਮਸਲਾ ਥੋੜ੍ਹਾ ਲਮਕ ਗਿਆ ਪਰ ਕੇਂਦਰ ਸਰਕਾਰ ਵੱਲੋਂ ਹਰਿਆਣੇ ਦੀ ਮਦਦ ਕਰਨ ਦੇ ਇਸ਼ਾਰੇ ਨੇ ਕੈਪਟਨ ਅਮਰਿੰਦਰ ਸਿੰਘ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਹੋਰ ਵਾਅਦੇ ਅਜੇ ਅਮਲ ਵਿੱਚ ਆਉਣੇ ਦੂਰ ਦੀ ਗੱਲ ਹੈ।

ਨਵੀਂ ਸਰਕਾਰ ਬਣਨ ਨਾਲ ਨਵੀਂ ਸਰਪ੍ਰਸਤੀ ਵਾਲੇ ਮਾਫ਼ੀਏ ਅੱਗੇ ਆ ਰਹੇ ਹਨ। ਨਵੀਆਂ ਸਮੀਕਰਨਾਂ ਵਿੱਚ ਟਰੱਕ ਯੂਨੀਅਨਾਂ 'ਤੇ ਕਬਜ਼ਿਆਂ ਲਈ ਅਕਾਲੀ ਅਤੇ ਕਾਂਗਰਸੀ ਪੱਖੀ ਲੱਠਮਾਰਾਂ ਦੀਆਂ ਹਥਿਆਰਬੰਦ ਝੜਪਾਂ ਹੋ ਰਹੀਆਂ ਹਨ। ਟੀ.ਵੀ. ਚੈਨਲਾਂ, ਢਾਬਿਆਂ ਅਤੇ ਟਰਾਂਸਪੋਰਟ 'ਤੇ ਬਾਦਲਾਂ ਦਾ ਏਕਾਅਧਿਕਾਰ ਅਜੇ ਬਰਕਰਾਰ ਹੈ। ਕੈਪਟਨ ਸਰਕਾਰ ਦੀ ਨਿਰਪੱਖ ਟਰਾਂਸਪੋਰਟ ਨੀਤੀ ਵਿਚੋਂ ਕਿਸੇ ਮਜ਼ਦੂਰ-ਕਿਸਾਨ ਦੇ ਪੱਲੇ ਕੁਝ ਵੀ ਪੈਣ ਵਾਲਾ ਨਹੀਂ। ਗੁੰਡਾਗਰਦੀ ਅਤੇ ਧੌਂਸ ਦਾ ਬੋਲਬਾਲਾ ਪਹਿਲਾਂ ਵਾਂਗ ਹੀ ਹੈ। ਵੀਆਈਪੀ ਸਭਿਆਚਾਰ ਪੱਖੋਂ ਅਕਾਲੀ-ਭਾਜਪਾ ਅਤੇ ਕਾਂਗਰਸ ਆਗੂਆਂ ਦੀ ਰੂਹ ਵਿੱਚ ਵੀ ਕੋਈ ਅੰਤਰ ਨਹੀਂ ਹੈ। ਫਿਲਹਾਲ ਇਹ ਕਹਿ ਸਕਦੇ ਹਾਂ ਕਿ ਕੈਪਟਨ ਸਰਕਾਰ ਦੀ ਵਾਅਦੇ ਪੂਰੇ ਕਰਨ ਲਈ ਨੀਤੀ ਤੇ ਨੀਅਤ ਨਜ਼ਰ ਨਹੀਂ ਆ ਰਹੀ।

## ਟਾਈਟਲਰ ਸਾਫ਼ ਸਾਫ਼ ਦੱਸੇ ਕਿ ਉਹ ਲਾਈ ਡਿਟੈਕਟਰ ਟੈਸਟ ਕਰਵਾਉਣਾ ਚਾਹੁੰਦਾ ਹੈ ਜਾਂ ਨਹੀਂ : ਅਦਾਲਤ



**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੀ ਇਕ ਅਦਾਲਤ ਨੇ ਕਾਂਗਰਸ ਦੇ ਆਗੂ ਜਗਦੀਸ਼ ਟਾਈਟਲਰ ਨੂੰ ਹਦਾਇਤ ਦਿੱਤੀ ਕਿ ਉਹ ਸਾਫ਼ ਤੌਰ 'ਤੇ ਦੱਸੇ ਕਿ ਉਹ ਝੂਠ ਬੋਲਣ ਵਾਲੀ ਮਸ਼ੀਨ ਰਾਹੀਂ (ਲਾਈ ਡਿਟੈਕਟਰ) ਟੈਸਟ ਕਰਾਉਣਾ ਚਾਹੁੰਦੇ ਹਨ ਜਾਂ ਨਹੀਂ। ਗੌਰਤਲਬ ਹੈ ਕਿ ਸੀਬੀਆਈ ਨੇ ਉਸ ਨੂੰ 1984 ਦੇ ਸਿੱਖ ਕਤਲੇਆਮ ਦੇ ਕੇਸ ਵਿੱਚੋਂ ਕਲੀਨ ਚਿੱਟ ਦਿੱਤੀ ਹੋਈ ਹੈ। ਇਹ ਹੁਕਮ ਐਡੀਸ਼ਨਲ ਚੀਫ਼ ਮੈਟਰੋਪੋਲਿਟਨ ਮੈਜਿਸਟਰੇਟ ਸ਼ਵਾਲੀ ਸ਼ਰਮਾ ਨੇ ਜਾਰੀ ਕੀਤੇ। ਜੱਜ ਨੇ ਕਿਹਾ ਕਿ ਉਹ ਕੋਈ ਬਾਸ਼ਰਤ ਰਜ਼ਾਮੰਦੀ ਨਹੀਂ ਚਾਹੁੰਦੀ। ਉਨ੍ਹਾਂ ਸ੍ਰੀ ਟਾਈਟਲਰ ਨੂੰ ਕਿਹਾ ਕਿ ਉਹ ਹਲਫ਼ਨਾਮਾ ਦਾਖ਼ਲ ਕਰਨ ਜਾਂ ਨਿੱਜੀ ਰੂਪ ਵਿੱਚ ਅਦਾਲਤ ਵਿਚ ਪੇਸ਼ ਹੋਣ ਅਦਾਲਤ ਨੇ ਅਜਿਹੇ ਹੀ ਹੁਕਮ ਕਾਰੋਬਾਰੀ ਅਭਿਸ਼ੇਕ ਵਰਮਾ ਸਬੰਧੀ ਜਾਰੀ ਕੀਤੇ। ਅਦਾਲਤ ਨੇ ਆਖਿਆ ਕਿ ਸੀਬੀਆਈ ਵੱਲੋਂ ਉਨ੍ਹਾਂ ਦੋਵਾਂ ਦੇ ਲਾਈ ਡਿਟੈਕਟਰ ਲਈ ਦਿੱਤੀ ਅਰਜ਼ੀ ਮੰਨਣਯੋਗ ਹੈ। ਇਸ ਤੋਂ ਪਹਿਲਾਂ ਬੀਤੇ ਮਹੀਨੇ ਅਦਾਲਤ ਨੇ ਟਾਈਟਲਰ ਤੇ ਹਥਿਆਰਾਂ ਦੇ ਕਾਰੋਬਾਰੀ ਵਰਮਾ ਦਾ ਲਾਈ ਡਿਟੈਕਟਰ ਟੈਸਟ ਕਰਾਉਣ ਲਈ ਸੀਬੀਆਈ ਵੱਲੋਂ ਦਿੱਤੀ ਗਈ ਅਰਜ਼ੀ ਉਤੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਦੱਸਣਯੋਗ ਹੈ ਕਿ ਟਾਈਟਲਰ ਨੇ ਟੈਸਟ ਕਰਾਉਣ ਤੋਂ ਨਾਂਹ ਕਰ ਦਿੱਤੀ ਸੀ, ਜਦੋਂਕਿ ਦੂਜੇ ਪਾਸੇ ਵਰਮਾ ਨੇ ਟੈਸਟ ਲਈ ਬਾਸ਼ਰਤ ਹਾਮੀ ਭਰੀ ਸੀ। ਵਰਮਾ ਨੂੰ ਕੇਸ ਵਿੱਚ ਗਵਾਹ ਬਣਾਇਆ ਗਿਆ ਹੈ। ਉਸ ਨੇ ਦੋਸ਼ ਲਾਇਆ ਸੀ ਕਿ ਉਸ ਨੂੰ ਜਾਨ ਦਾ ਖ਼ਤਰਾ ਹੈ ਤੇ ਉਸ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਵੇ।

## ਕੌਮਾਂਤਰੀ ਨਿਆਂਇਕ ਅਦਾਲਤ ਨੇ ਜਾਧਵ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਲਾਈ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੌਮਾਂਤਰੀ ਨਿਆਂਇਕ ਅਦਾਲਤ ਨੇ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਦੀ ਫਾਂਸੀ ਦੀ ਸਜ਼ਾ ਉੱਤੇ ਰੋਕ ਲਗਾ ਦਿੱਤੀ ਹੈ। ਭਾਰਤੀ ਜਲ ਸੈਨਾ ਦੇ ਸਾਬਕਾ ਅਧਿਕਾਰੀ ਜਾਧਵ ਨੂੰ ਪਾਕਿਸਤਾਨ ਦੀ ਫੌਜੀ ਅਦਾਲਤ ਨੇ ਜਾਸੂਸੀ ਦੇ ਦੋਸ਼ ਹੇਠ ਇਹ ਸਜ਼ਾ ਸੁਣਾਈ ਸੀ। ਇਸ ਉੱਤੇ ਭਾਰਤ ਨੇ ਪਾਕਿਸਤਾਨ ਨੂੰ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੰਦੇ ਹੋਏ ਕੌਮਾਂਤਰੀ ਅਦਾਲਤ ਤੱਕ ਪਹੁੰਚ ਕੀਤੀ ਸੀ। ਭਾਰਤ ਨੇ ਕੌਮਾਂਤਰੀ ਅਦਾਲਤ ਵਿੱਚ ਜਾਸੂਸੀ ਦੇ ਦੋਸ਼ਾਂ ਨੂੰ ਗਲਤ ਦੱਸਦਿਆਂ ਹੋਇਆਂ ਕਿਹਾ ਕਿ ਜਲ ਸੈਨਾ ਵਿਚੋਂ ਸੇਵਾਮੁਕਤ ਹੋਣ ਤੋਂ ਬਾਅਦ ਜਾਧਵ ਇਰਾਨ ਵਿੱਚ ਆਪਣਾ ਕਾਰੋਬਾਰ ਕਰ ਰਿਹਾ ਸੀ। ਇਸ ਦੌਰਾਨ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਵੀ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ।

## ਸਰਕਾਰੀ ਅਧਿਆਪਕਾਂ ਲਈ ਡਰੈੱਸ ਕੋਡ ਲਾਗੂ ਕਰਨ ਵਾਲੇ ਦੋ ਅਧਿਕਾਰੀ ਮੁਅੱਤਲ

### *ਸਿੱਖਿਆ ਵਿਭਾਗ ਨੇ 'ਭੜਕਾਊ ਪਹਿਰਾਵੇ' ਬਾਰੇ ਪੱਤਰ ਵਾਪਸ ਲਿਆ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਵਾਂ ਉਪਰ ਡਰੈੱਸ ਕੋਡ ਲਾਉਣ ਅਤੇ ਜੀਨਜ਼-ਟੌਪ ਪਾਉਣ ਉਪਰ ਪਾਬੰਦੀ ਲਾਉਣ ਦੇ ਫ਼ੁਰਮਾਨ ਤੋਂ ਬਾਅਦ ਸਰਕਾਰ ਵਿੱਚ ਹਲਚਲ ਮਚ ਗਈ ਹੈ। ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਡਰੈੱਸ ਕੋਡ ਵਾਲਾ ਫ਼ੁਰਮਾਨ ਜਾਰੀ ਕਰਨ ਵਾਲੇ ਦੋ ਅਧਿਕਾਰੀਆਂ ਨੂੰ ਹੰਗਾਮੀ ਹਾਲਤ ਵਿੱਚ ਮੁਅੱਤਲ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਡਰੈੱਸ ਕੋਡ ਵਾਲੀ ਵਿਵਾਦਮਈ ਚਿੱਠੀ ਵਾਪਸ ਲੈਣ ਦੇ ਹੁਕਮ ਵੀ ਜਾਰੀ ਕੀਤੇ ਗਏ ਹਨ। ਡਿਪਟੀ ਡਾਇਰੈਕਟਰ ਅਮਰੀਸ਼ ਸ਼ੁਕਲਾ ਅਤੇ ਸਹਾਇਕ ਡਾਇਰੈਕਟਰ ਅਮਰਬੀਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਸ੍ਰੀਮਤੀ ਚੌਧਰੀ ਨੇ ਕਿਹਾ ਕਿ ਮਹਿਲਾ ਅਧਿਆਪਕਾਂ ਦੇ ਪਹਿਰਾਵੇ ਸਬੰਧੀ ਡਰੈੱਸ ਕੋਡ ਵਾਲੀ ਚਿੱਠੀ ਜਾਰੀ ਕੀਤੀ ਗਈ, ਜਿਸ ਨਾਲ ਅਧਿਆਪਕਾਵਾਂ ਅਤੇ ਖਾਸ ਕਰ ਕੇ ਮਹਿਲਾਵਾਂ ਦੇ ਮਾਣ-ਸਨਮਾਨ ਨੂੰ ਵੱਡੀ ਠੇਸ ਪੁੱਜੀ ਹੈ। ਮੁਅੱਤਲ ਕੀਤੇ ਗਏ ਉਕਤ ਦੋਵੇਂ ਅਧਿਕਾਰੀਆਂ ਨੇ ਆਪਣੇ ਪੱਧਰ 'ਤੇ ਹੀ ਹੁਕਮ ਜਾਰੀ ਕੀਤੇ ਸਨ, ਜਿਸ ਦੀ ਉਨ੍ਹਾਂ ਨੇ ਕਿਸੇ ਵੀ ਉੱਚ ਅਧਿਕਾਰੀ ਤੋਂ ਸਹਿਮਤੀ ਜਾਂ ਪ੍ਰਵਾਨਗੀ ਨਹੀਂ ਲਈ ਸੀ। ਸਿੱਖਿਆ ਮੰਤਰੀ ਨੇ ਕਿਹਾ ਕਿ ਇੱਕੀਵੀਂ ਸਦੀ ਦੇ ਅਜੋਕੇ ਯੁੱਗ ਵਿੱਚ ਜਿੱਥੇ ਮਹਿਲਾ ਸ਼ਕਤੀਕਰਨ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਔਰਤਾਂ ਹਰ ਖੇਤਰ ਵਿੱਚ ਵੱਡੀਆਂ ਮੱਲ੍ਹਾਂ ਮਾਰ ਰਹੀਆਂ ਹਨ, ਉੱਥੇ ਅਜਿਹੀ ਪਿਛਾਂਹ ਖਿੱਚੂ ਸੋਚ ਵਾਲੀ ਮਾਨਸਿਕਤਾ ਨੂੰ ਕਦੇ ਵੀ ਸਹਿਣ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਅਧਿਕਾਰੀਆਂ ਨੂੰ ਤਾੜਨਾ ਕੀਤੀ ਕਿ ਕੋਈ ਵੀ ਆਦੇਸ਼ ਜਾਂ ਕੋਈ ਵੱਡਾ ਫੈਸਲਾ ਆਪਣੇ ਪੱਧਰ 'ਤੇ ਨਾ ਕੀਤਾ ਜਾਵੇ। ਸਿੱਖਿਆ ਮੰਤਰੀ ਨੇ ਡਰੈੱਸ ਕੋਡ ਵਿਵਾਦ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਹੈ ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੱਤਾ ਸਾਂਭਦਿਆਂ ਹੀ ਪਾਰਦਰਸ਼ੀ ਢੰਗ ਨਾਲ ਬਦਲੀਆਂ ਕਰਨ ਸਬੰਧੀ ਬਣਾਈ 'ਬਦਲੀ ਨੀਤੀ' ਦੇ ਉਲਟ ਵਿਭਾਗ ਵੱਲੋਂ 208 ਈਟੀਟੀ ਅਧਿਆਪਕਾਂ ਅਤੇ ਲੈਕਚਰਾਰਾਂ ਦੀਆਂ ਬਦਲੀਆਂ ਬਾਰੇ ਵਿਭਾਗ ਖਾਮੋਸ਼ ਹੈ। ਕੈਪਟਨ ਸਰਕਾਰ ਬਣਦਿਆਂ ਹੀ ਪ੍ਰਾਈਵੇਟ ਸਕੂਲਾਂ ਵੱਲੋਂ ਮਨਮਾਨੇ ਢੰਗ ਨਾਲ ਫੀਸਾਂ ਵਧਾਉਣ ਦਾ ਮੁੱਦਾ ਸਾਰੇ ਪੰਜਾਬ ਵਿੱਚ ਭਖਿਆ ਪਿਆ ਹੈ ਅਤੇ ਮਾਪੇ ਪ੍ਰਦਰਸ਼ਨ ਕਰਦੇ ਆ ਰਹੇ ਹਨ, ਸਿੱਖਿਆ ਮੰਤਰੀ ਨੂੰ ਇਸ ਮਾਮਲੇ ਵਿੱਚ ਉਲਟਾ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸੁਰੇਸ਼ ਅਰੋੜਾ ਨੂੰ ਇੱਕ ਪ੍ਰਾਈਵੇਟ ਸਕੂਲ ਦੇ ਪ੍ਰਬੰਧਕ ਨਾਲ 'ਗਿੱਟਮਿੱਟ' ਕਰਨ ਦੇ ਦੋਸ਼ ਤਹਿਤ ਮੁਅੱਤਲ ਕਰਨਾ ਪਿਆ ਹੈ। ਡੀਪੀਆਈ (ਕਾਲਜ) ਦੇ ਸੈਕਟਰ 17 ਸਥਿਤ ਦਫ਼ਤਰ ਦਾ ਸਮਾਨ ਇਮਾਰਤ ਦੇ ਮਾਲਕ ਵੱਲੋਂ ਅਦਾਲਤੀ ਫ਼ੈਸਲੇ ਤੋਂ ਬਾਅਦ ਬਾਹਰ ਸੁੱਟਣ ਕਾਰਨ ਵਿਭਾਗ ਨੂੰ ਭਾਰੀ ਨਮੋਸ਼ੀ ਝੱਲਣੀ ਪਈ ਹੈ।

# ਸਿੱਖ ਕਤਲੇਆਮ ਦੇ ਦਰਦ ਨੇ ਬਦਲੀ ਆਨੰਦ ਮੌਇ ਦੇ ਬੁਰਸ਼ ਦੀ ਦਿਸ਼ਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** 1984 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਅਤੇ ਉਸ ਤੋਂ ਬਾਅਦ ਹੋਏ ਸਿੱਖ ਵਿਰੋਧੀ ਦੰਗਿਆਂ ਨੇ ਪ੍ਰਿੰਟਮੇਕਰ-ਪੇਂਟਰ ਆਨੰਦ ਮੌਇ ਬੈਨਰਜੀ ਦੇ ਕਲਾਤਮਕ ਸਫ਼ਰ ਦੀ ਦਿਸ਼ਾ ਬਦਲਦਿਆਂ ਉਸ ਨੂੰ ਲੈਂਡਸਕੇਪ ਦੀ ਥਾਂ ਮਨੁੱਖੀ ਆਕ੍ਰਿਤੀਆਂ ਨੂੰ ਟੋਹਣ ਦੇ ਰਾਹ ਪਾ ਦਿੱਤਾ। ਬੈਨਰਜੀ ਨੇ ਆਪਣੀ ਨਵੀਂ ਸੋਲੋ-ਨੁਮਾਇਸ਼ 'ਮਨੁੱਖੀ ਲੈਂਡਸਕੇਪਸ' ਵਿੱਚ ਲੈਂਡਸਕੇਪਸ (ਕੁਦਰਤੀ ਦ੍ਰਿਸ਼ਾਂ) ਬਾਰੇ ਆਪਣੇ ਗੁਆਚੇ ਹੋਏ ਪਿਆਰ ਨੂੰ ਮੁੜ ਸੁਰਜੀਤ ਕਰਨ ਦੇ ਇਰਾਦੇ ਨਾਲ ਇਸ ਨੂੰ ਮਨੁੱਖੀ ਆਕ੍ਰਿਤੀਆਂ ਖਿੱਚਣ ਦੇ ਆਪਣੇ ਮੌਜੂਦਾ ਜਨੂੰਨ ਨਾਲ ਜੋੜ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ।



ਆਨੰਦ ਮੌਇ ਬੈਨਰਜੀ ਦੀ ਪੇਂਟਿੰਗ ਦੀ ਪੇਂਟਿੰਗ 'ਮੂਨ ਮੈਡਨੈੱਸ'।

ਮੌਇ ਨੇ ਕਿਹਾ,'ਕਲਾਕਾਰ ਵਜੋਂ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਮੈਂ ਕੁਦਰਤ ਤੋਂ ਪ੍ਰਭਾਵਿਤ ਹੋ ਕੇ ਲੈਂਡਸਕੇਪ ਬਣਾਉਂਦਾ ਸੀ। ਫਿਰ 1984 ਵਿੱਚ ਅਚਾਨਕ ਸ੍ਰੀਮਤੀ ਗਾਂਧੀ ਦੇ ਕਤਲ ਤੋਂ ਬਾਅਦ, ਮੇਰੇ ਲਈ ਆਪਣੇ ਸਿੱਖ ਦੋਸਤਾਂ ਨੂੰ ਪਛਾਣਨਾ ਮੁਸ਼ਕਲ ਹੋ ਗਿਆ ਕਿਉਂਕਿ ਉਨ੍ਹਾਂ ਨੂੰ ਉਦੋਂ ਆਪਣੇ ਸਿਰ ਮੁਨਵਾਉਣੇ ਪਏ। ਉਦੋਂ ਤੋਂ ਲੈਂਡਸਕੇਪ ਮੇਰੇ ਕੈਨਵਸ ਤੋਂ ਬਾਹਰ ਹੋ ਗਏ ਤੇ ਉਨ੍ਹਾਂ ਦੀ ਥਾਂ ਮਨੁੱਖੀ ਆਕ੍ਰਿਤੀਆਂ ਨੇ ਲੈ ਲਈ।' ਮੌਇ ਨੇ ਕਿਹਾ ਕਿ ਹੁਣ ਉਹ ਆਪਣੇ ਆਲੇ ਦੁਆਲੇ ਤੋਂ ਪ੍ਰੇਰਨਾ ਲੈਂਦਾ ਹੈ ਤੇ ਉਸ ਦੇ ਕੰਮ ਵਿਚੋਂ ਮੌਜੂਦਾ ਸਮਾਜ ਦਾ ਪ੍ਰਤੀਬਿੰਬ ਨਜ਼ਰ ਆਉਂਦਾ ਹੈ। ਨੁਮਾਇਸ਼ ਵਿੱਚ ਲੱਗੀਆਂ 148 ਕਲਾਕ੍ਰਿਤੀਆਂ ਵਿਚੋਂ ਮੌਇ ਦੀ ਖ਼ਬਰਾਂ, ਜਿਨ੍ਹਾਂ ਨੂੰ ਮਗਰੋਂ ਉਸ ਨੇ ਲੈਂਡਸਕੇਪ ਵਿੱਚ ਤਬਦੀਲ ਕੀਤਾ, ਵਿੱਚ ਦਿਲਚਸਪੀ ਸਾਫ਼ ਝਲਕਦੀ ਹੈ। ਮੌਇ ਨੇ ਕਿਹਾ, 'ਮੈਂ ਅਖ਼ਬਾਰਾਂ ਵਿਚੋਂ ਖ਼ਬਰਾਂ ਦੀ ਛਾਂਟੀ ਕਰਦਾ ਹਾਂ ਤੇ ਮਗਰੋਂ ਉਸ ਦੇ ਹਿਸਾਬ ਨਾਲ ਕੰਮ ਕਰਦਾ ਹਾਂ। ਮੇਰੀ ਆਖਰੀ ਲੜੀ 'ਹਿਜ਼ ਐਂਡ ਹਰ ਵਰਲਡ' ਵਿੱਚ ਕੁਝ ਖ਼ਬਰਾਂ ਦੀ ਝਲਕ ਨਜ਼ਰ ਆਉਂਦੀ ਹੈ। ਮੈਂ ਇਸ ਜਜ਼ਬੇ ਨੂੰ ਇਕ ਬਰਕਰਾਰ ਰੱਖਿਆ, ਪਰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ। ਇਸ ਸਾਰੇ ਅਮਲ ਦੌਰਾਨ ਮੈਨੂੰ ਅਹਿਸਾਸ ਹੋਇਆ ਕਿ ਮੈਂ ਹਰੇਕ ਚੀਜ਼ ਨੂੰ ਇਕ ਲੈਂਡਸਕੇਪ ਵਜੋਂ ਵੇਖ ਸਕਦਾ ਹਾਂ।' ਲਲਿਤ ਕਲਾ ਅਕੈਡਮੀ ਵਿੱਚ ਚੱਲ ਰਹੀ ਮੌਇ ਦੀ ਇਹ ਨੁਮਾਇਸ਼ 16 ਮਈ ਤਕ ਜਾਰੀ ਰਹੇਗੀ।



# ਕੈਪਟਨ ਵਲੋਂ ਸ਼ਹੀਦ ਦੀ ਵੱਡੀ ਧੀ ਤੇ ਪੁੱਤਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ

**ਤਰਨ ਤਾਰਨ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੰਮੂ-ਕਸ਼ਮੀਰ ਵਿੱਚ ਸ਼ਹੀਦ ਹੋਏ ਸੂਬੇਦਾਰ ਮੇਜਰ ਪਰਮਜੀਤ ਸਿੰਘ ਦੇ ਘਰ ਪਿੰਡ ਵੇਈਂ ਪੂਈਂ ਪੁੱਜੇ। ਉਨ੍ਹਾਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਹਰ ਸੰਭਵ ਮਦਦ ਦੇਣ ਦਾ ਯਕੀਨ ਦਿੱਤਾ। ਉਨ੍ਹਾਂ ਪਰਿਵਾਰ ਨੂੰ ਪਹਿਲਾਂ ਐਲਾਨੀ ਸਹਾਇਤਾ ਵਿੱਚੋਂ ਪੰਜ ਲੱਖ ਰੁਪਏ ਦਾ ਚੈੱਕ ਵੀ ਭੇਟ ਕੀਤਾ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਸ਼ਹੀਦ ਦੀ ਵੱਡੀ ਪੁੱਤਰੀ ਸਿਮਰਨਦੀਪ ਕੌਰ ਨੂੰ ਨਾਇਬ ਤਹਿਸੀਲਦਾਰ ਦੀ ਨੌਕਰੀ ਦੇਣ ਅਤੇ ਲੜਕੇ ਸਾਹਿਲਦੀਪ ਸਿੰਘ ਲਈ ਪੁਲੀਸ ਵਿੱਚ ਏਐਸਆਈ ਦੀ ਨੌਕਰੀ ਰਾਖਵੀਂ ਰੱਖਣ ਦਾ ਵੀ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਵਾਸਤੇ ਜਾਨ ਵਾਰਨ ਵਾਲੀ ਹਰੇਕ ਫੋਰਸ ਦੇ ਹਰੇਕ ਪੰਜਾਬੀ ਨੂੰ ਮੁਆਵਜ਼ਾ ਦੇਣ ਲਈ ਵਿਆਪਕ ਨੀਤੀ ਛੇਤੀ ਕੈਬਨਿਟ ਸਾਹਮਣੇ ਪੇਸ਼ ਕਰੇਗੀ। ਸ਼ਹੀਦ



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ਹੀਦ ਪਰਮਜੀਤ ਸਿੰਘ ਦੇ ਪਰਿਵਾਰ ਨਾਲ ਦੁੱਖ ਵੰਡਾਉਂਦੇ ਹੋਏ।

ਪਰਮਜੀਤ ਸਿੰਘ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ਼ਹੀਦ ਦੇ ਵਾਰਸਾਂ ਲਈ ਪਹਿਲਾਂ ਹੀ ਐਲਾਨੇ ਮੁਆਵਜ਼ੇ ਤੋਂ ਇਲਾਵਾ ਪਰਿਵਾਰ ਵੱਲੋਂ ਸਰਕਾਰ ਤੋਂ ਕੀਤੀ ਮੰਗ ਅਨੁਸਾਰ ਸ਼ਹੀਦ ਦੇ ਦੋ ਵੱਡੇ ਬੱਚਿਆਂ ਨੂੰ ਨੌਕਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼ਹੀਦ ਦੇ ਪਰਿਵਾਰ ਨੂੰ 12 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ, ਜਿਸ ਵਿੱਚ ਪਤਨੀ ਅਤੇ ਬੱਚਿਆਂ ਨੂੰ ਪੰਜ ਲੱਖ ਰੁਪਏ, ਦੋ ਲੱਖ ਰੁਪਏ ਉਸ ਦੇ ਮਾਪਿਆਂ ਅਤੇ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਪਲਾਟ ਦੇਣਾ ਸ਼ਾਮਲ ਹੈ। ਇਸ ਤੋਂ ਇਲਾਵਾ ਸਥਾਨਕ ਰੈਸਟ ਹਾਊਸ ਦਾ ਨਾਂ ਸ਼ਹੀਦ ਦੇ ਨਾਂ 'ਤੇ ਰੱਖਣ ਲਈ ਇਕ ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ ਗਿਆ। ਇਲਾਕੇ ਦੇ ਸਕੂਲ ਅਤੇ ਸਟੇਡੀਅਮ ਦਾ ਨਾਂ ਵੀ ਸ਼ਹੀਦ ਦੇ ਨਾਂ 'ਤੇ ਰੱਖਣ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸ਼ਹੀਦ ਦੀ ਦੂਜੀ ਲੜਕੀ ਸਿਮਰਨਦੀਪ ਕੌਰ ਨੂੰ ਗੋਦ ਲੈਣ ਦਾ ਐਲਾਨ ਕੀਤਾ ਹੈ, ਜਦੋਂ ਕਿ ਸ਼ਹੀਦ ਦੀ 10 ਸਾਲਾ ਛੋਟੀ ਲੜਕੀ ਖ਼ੁਸ਼ਦੀਪ ਕੌਰ ਨੂੰ ਹਿਮਾਚਲ ਪ੍ਰਦੇਸ਼ ਦੀ ਆਈਏਐਸ-ਆਈਪੀਐਸ ਜੋੜੀ ਨੇ ਗੋਦ ਲੈਣ ਦਾ ਐਲਾਨ ਕੀਤਾ ਸੀ। ਉਨ੍ਹਾਂ ਦੱਸਿਆ ਕਿ ਸਿਮਰਨਜੀਤ ਕੌਰ ਅਤੇ ਸਾਹਿਲਦੀਪ ਸਿੰਘ ਦੋਵਾਂ ਨੂੰ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਸਰਕਾਰ ਵੱਲੋਂ ਨੌਕਰੀ ਦਿੱਤੀ ਜਾਵੇਗੀ। ਇਹ ਪੁੱਛੇ ਜਾਣ ਉਤੇ ਕਿ ਇਸ ਨਾਲ ਸ਼ਹੀਦ ਦੇ ਤੀਜੇ ਬੱਚੇ ਨਾਲ ਵਿਤਕਰਾ ਨਹੀਂ ਹੋਵੇਗਾ ਤਾਂ ਮੁੱਖ ਮੰਤਰੀ ਨੇ ਕਿਹਾ ਕਿ ਪਰਿਵਾਰ ਦੇ ਹਰੇਕ ਮੈਂਬਰ ਨੂੰ ਵਿਅਕਤੀਗਤ ਆਧਾਰ 'ਤੇ ਮੁਆਵਜ਼ਾ ਦੇਣਾ ਸੰਭਵ ਨਹੀਂ ਹੈ ਪਰ ਉਨ੍ਹਾਂ ਸਪਸ਼ਟ ਕੀਤਾ ਕਿ ਪਰਿਵਾਰ ਨਾਲ ਕੀਤੇ ਸਾਰੇ ਵਾਅਦੇ ਉਨ੍ਹਾਂ ਦੀ ਸਰਕਾਰ ਵੱਲੋਂ ਪੂਰੇ ਕੀਤੇ ਜਾਣਗੇ ਅਤੇ ਜੇ ਜ਼ਰੂਰਤ ਹੋਈ ਤਾਂ ਹੋਰ ਵੀ ਸਹਾਇਤਾ ਦਿੱਤੀ ਜਾਵੇਗੀ। ਇਕ ਸਵਾਲ ਦੇ ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਸਰਹੱਦਾਂ ਦੀ ਰਾਖੀ ਕਰਨ ਵਾਲੇ ਜਵਾਨਾਂ ਦੀ ਸੁਰੱਖਿਆ ਲਈ ਕੁਝ ਵੀ ਨਹੀਂ ਕਰ ਰਹੀ। ਇਸ ਤਰ੍ਹਾਂ ਦੀਆਂ ਘਿਨਾਉਣੀਆਂ ਕਾਰਵਾਈਆਂ ਵਿਰੁੱਧ ਸਖ਼ਤ ਕਾਰਵਾਈ ਦੀ ਜ਼ਰੂਰਤ ਹੈ। ਜੇ ਇਕ ਵਾਰ ਕਾਰਵਾਈ ਹੁੰਦੀ ਹੈ ਤਾਂ ਭਾਰਤ ਨੂੰ ਇਸ ਦਾ ਤਿੰਨ ਵਾਰ ਬਦਲਾ ਲਵੇ।

# ਸ਼ਹੀਦਾਂ ਦੇ ਪਰਿਵਾਰਾਂ ਨਾਲ ਕੀਤੇ ਵਾਅਦੇ ਵ.ਫਾ ਨਹੀਂ ਹੋਏ

**ਕਾਹਨੂੰਵਾਨ/ਬਿਊਰੋ ਨਿਊਜ਼ :**ਸਰਹੱਦ 'ਤੇ ਦੇਸ਼ ਦੀ ਰਾਖੀ ਕਰਦਿਆਂ ਸ਼ਹੀਦ ਹੋਏ ਜਵਾਨਾਂ ਦੇ ਪਰਿਵਾਰਾਂ ਲਈ ਇੱਕ ਵਾਰ ਤਾਂ ਐਲਾਨ ਕਰ ਦਿੱਤੇ ਜਾਂਦੇ ਹਨ ਪਰ ਮਗਰੋਂ ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ। ਬੀਤੇ ਸਮੇਂ ਪਠਾਨਕੋਟ ਏਅਰਬੇਸ 'ਤੇ ਅਤਿਵਾਦੀ ਹਮਲੇ ਦੌਰਾਨ ਸ਼ਹੀਦ ਹੋਏ ਕੈਪਟਨ ਫ਼ਤਿਹ ਸਿੰਘ ਕੋਟਲਾ ਗੁੱਜਰਾਂ ਤੇ ਕੁਲਵੰਤ ਸਿੰਘ ਚੱਕ ਸ਼ਰੀਫ਼ ਦੇ ਪਰਿਵਾਰਾਂ ਨੂੰ ਤਤਕਾਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਮਾਲੀ ਮਦਦ ਤੋਂ ਇਲਾਵਾ ਉਨ੍ਹਾਂ ਦੇ ਬੱਚਿਆਂ ਲਈ ਮੁਫ਼ਤ ਪੜ੍ਹਾਈ ਅਤੇ ਨੌਕਰੀ ਦਾ ਵਾਅਦਾ ਕੀਤਾ ਸੀ ਪਰ ਨੌਕਰੀ ਦਾ ਵਾਅਦਾ ਅਜੇ ਤੱਕ ਵਫ਼ਾ ਨਹੀਂ ਹੋਇਆ। ਸ਼ਹੀਦ ਫ਼ਤਿਹ ਸਿੰਘ ਦੀ ਪਤਨੀ ਸ਼ੋਭਾ ਰਾਣੀ ਨੇ ਦੱਸਿਆ ਕਿ ਉਸ ਦੀ ਧੀ ਮਧੂ ਰਾਧਾ ਐਮਏ, ਬੀਐੱਡ ਹੈ ਪਰ ਡੇਢ ਸਾਲ ਬੀਤ ਜਾਣ ਦੇ ਬਾਵਜੂਦ ਸਰਕਾਰ ਨੇ ਉਸ ਦੀ ਧੀ ਨੂੰ ਯੋਗਤਾ ਅਨੁਸਾਰ ਨੌਕਰੀ ਨਹੀਂ ਦਿੱਤੀ। ਇਸੇ ਤਰ੍ਹਾਂ ਸ਼ਹੀਦ ਕੁਲਵੰਤ ਸਿੰਘ ਚੱਕ ਸ਼ਰੀਫ਼ ਦੀ ਪਤਨੀ ਹਰਭਜਨ ਕੌਰ ਨੇ ਦੱਸਿਆ ਕਿ ਉਸ ਦੇ ਪੁੱਤ ਨੇ ਪਿਛਲੇ ਸਾਲ ਬਾਰ੍ਹਵੀਂ ਕਰ ਲਈ ਹੈ ਪਰ ਅੱਜ ਤੱਕ ਕਿਸੇ ਨੇ ਵੀ ਪਰਿਵਾਰ ਦੀ ਬਾਤ ਨਹੀਂ ਪੁੱਛੀ ਹੈ। ਉਸ ਦੇ ਛੋਟੇ ਪੁੱਤਰ ਸਤਵਿੰਦਰ ਸਿੰਘ ਦੇ ਦਸਵੀਂ ਦੇ ਸਰਟੀਫਿਕੇਟ ਉੱਪਰ ਨਾਮ ਦੀ ਗ਼ਲਤੀ ਹੋਣ ਕਾਰਨ ਬਹੁਤ ਮੁਸ਼ਕਲਾਂ ਆ ਰਹੀਆਂ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਯੋਗਤਾ ਅਨੁਸਾਰ ਨੌਕਰੀ ਦਿੱਤੀ ਜਾਵੇ। ਹਲਕਾ ਵਿਧਾਇਕ ਫਤਿਹਜੰਗ ਸਿੰਘ ਬਾਜਵਾ ਨੇ ਕਿਹਾ ਕਿ



ਸ਼ਹੀਦ ਫ਼ਤਿਹ ਸਿੰਘ ਦੀ ਪਤਨੀ ਸ਼ੋਭਾ ਰਾਣੀ ਤੇ ਧੀ ਮਧੂ ਆਪਣੀ ਵਿਥਿਆ ਸੁਣਾਉਂਦੀਆਂ ਹੋਈਆਂ।

ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ। ਉਹ ਛੇਤੀ ਹੀ ਇਨ੍ਹਾਂ ਪਰਿਵਾਰਾਂ ਕੋਲ ਜਾ ਕੇ ਮੁਸ਼ਕਲਾਂ ਸੁਣਨਗੇ ਅਤੇ ਵਾਰਸਾਂ ਨੂੰ ਨੌਕਰੀਆਂ ਦੇਣ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲਬਾਤ ਕਰਨਗੇ।

# ਕੁੱਲੂ ਦੇ ਡੀ.ਸੀ. ਯੂਨਸ ਸ਼ਹੀਦ ਪਰਮਜੀਤ ਸਿੰਘ ਦੀ ਧੀ ਨੂੰ ਲੈਣਗੇ ਗੋਦ

**ਸੰਤੋਖਗੜ੍ਹ/ਬਿਊਰੋ ਨਿਊਜ਼ :** ਹਿਮਾਚਲ ਪ੍ਰਦੇਸ਼ ਲਈ ਇਹ ਬੜੇ ਹੀ ਮਾਣ ਵਾਲੀ ਗੱਲ ਹੈ ਕਿ ਊਨਾ (ਹਿਮਾਚਲ ਪ੍ਰਦੇਸ਼) ਜ਼ਿਲ੍ਹੇ ਦੇ ਸਾਬਕਾ ਨੌਜਵਾਨ ਡਿਪਟੀ ਕਮਿਸ਼ਨਰ ਅਤੇ ਮੌਜੂਦਾ ਕੁੱਲੂ ਵਿਖੇ ਤਾਇਨਾਤ ਡੀ.ਸੀ. ਯੂਨਸ ਅਤੇ ਉਨ੍ਹਾਂ ਦੀ ਧਰਮ ਪਤਨੀ ਅੰਜੁਮ ਆਰਾ ਆਈ.ਪੀ.ਐਸ. (ਐਸ.ਪੀ. ਸੋਲਨ) ਨੇ ਸ਼ਹੀਦ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੀ ਛੋਟੀ ਬੇਟੀ ਨੂੰ ਗੋਦ ਲੈਣ ਦਾ ਫੈਸਲਾ ਕੀਤਾ ਹੈ। ਯੂਨਸ ਦੀ ਸ਼ਹੀਦ ਪਰਮਜੀਤ ਸਿੰਘ ਦੇ ਪਰਿਵਾਰ ਨਾਲ ਗੱਲਬਾਤ ਹੋ ਚੁੱਕੀ ਹੈ। ਸ਼ਹੀਦ ਪਰਮਜੀਤ ਦੇ 3 ਬੱਚੇ ਹਨ ਜਿਸ ਵਿਚ 16 ਸਾਲਾਂ ਦੀ ਵੱਡੀ ਬੇਟੀ ਅਤੇ 12 ਸਾਲਾਂ ਦੇ ਜੁੜਵਾ ਭੈਣ-ਭਾਈ ਹਨ।



ਯੂਨਸ ਅਨੁਸਾਰ ਛੋਟੀ ਬੇਟੀ ਆਪਣੀ ਮਾਤਾ ਅਤੇ ਭੈਣ-ਭਰਾਵਾਂ ਪਾਸ ਹੀ ਰਹੇਗੀ ਪ੍ਰੰਤੂ ਉਸ ਦਾ ਸਾਰਾ ਖਰਚ ਅਤੇ ਦੇਖਭਾਲ ਡੀ.ਸੀ. ਯੂਨਸ ਅਤੇ ਐਸ.ਪੀ. ਅੰਜੁਮ ਆਰਾ ਹੀ ਕਰੇਗੀ। ਉਹ ਇਸ ਬੇਟੀ ਦੇ ਅਕਾਊਂਟ ਵਿਚ ਹਰ ਮਹੀਨੇ ਉਸ ਦੇ ਖਰਚ ਲਈ ਪੈਸੇ ਪਾ ਦਿਆ ਕਰਨਗੇ। ਯੂਨਸ ਨੇ ਫੋਨ 'ਤੇ ਦੱਸਿਆ ਕਿ ਉਹ ਉਸ ਨੂੰ ਬੇਟੀ ਮੰਨਦੇ ਹੋਏ ਉਸ ਦੀ ਪੜ੍ਹਾਈ, ਲਿਖਾਈ, ਵਿਆਹ-ਸ਼ਾਦੀ ਅਤੇ ਉਸ ਦੀਆਂ ਸਾਰੀਆਂ ਜ਼ਿੰਮੇਵਾਰੀ ਕਬੂਲਦੇ ਹੋਏ ਉਸ ਨੂੰ ਆਪਣੀ ਧੀ ਬਣਾ ਕੇ ਰੱਖਣਗੇ।

# ਭਾਰਤ-ਪਾਕਿ ਵਿਚਾਲੇ ਮੁੜ ਕੁੜੱਤਣ ਉਭਰਨ ਕਾਰਨ ਫ਼ੌਜੀ ਧਰਮਪਾਲ ਸਿੰਘ ਦੀ ਵਾਪਸੀ ਦੀ ਆਸ ਮੱਧਮ ਪਈ

**ਬਠਿੰਡਾ/ਬਿਊਰੋ ਨਿਊਜ਼ :**

ਭਾਰਤ-ਪਾਕਿਸਤਾਨ ਦੀ ਕੁੜੱਤਣ ਨਾਲ ਬਜ਼ੁਰਗ ਪਾਲ ਕੌਰ ਦੇ ਅਰਮਾਨ ਝੁਲਸ ਗਏ ਹਨ। ਸਰਕਾਰ ਨੇ ਪਹਿਲਾਂ ਉਸ ਦੇ ਪਤੀ ਨੂੰ 'ਸ਼ਹੀਦ' ਐਲਾਨ ਦਿੱਤਾ। ਪਿੰਡ ਲਹਿਰਾ ਧੂਰਕੋਟ ਦੀ ਬਜ਼ੁਰਗ ਮਹਿਲਾ 45 ਵਰ੍ਹੇ ਆਪਣੇ ਪਤੀ ਦੀ ਬਰਸੀ ਮਨਾਉਂਦੀ ਰਹੀ। ਪਿਛਲੇ ਸਾਲ ਪਤਾ ਲੱਗਾ ਕਿ ਉਸ ਦਾ ਪਤੀ ਪਾਕਿਸਤਾਨ ਦੀ ਜੇਲ੍ਹ ਵਿੱਚ ਹੈ ਪਰ ਹੁਣ ਭਾਰਤ-ਪਾਕਿ ਸਬੰਧ ਸੁਖਾਵੇਂ ਨਾ ਹੋਣ ਕਾਰਨ ਬਜ਼ੁਰਗ ਨੂੰ ਝੋਰਾ ਸਤਾ ਰਿਹਾ ਹੈ। ਕੇਂਦਰ ਸਰਕਾਰ ਨੇ ਭਾਰਤ-ਪਾਕਿ ਦੀ 1971 ਦੀ ਜੰਗ ਵਿੱਚ ਫ਼ੌਜੀ ਹੌਲਦਾਰ ਧਰਮਪਾਲ ਸਿੰਘ ਦੇ ਸ਼ਹੀਦ ਹੋਣ ਦਾ ਐਲਾਨ ਕਰ ਦਿੱਤਾ ਸੀ। ਪਾਲ ਕੌਰ ਦਾ ਸ਼ਹੀਦ ਧਰਮਪਾਲ ਦੇ ਭਰਾ ਨਾਲ ਵਿਆਹ ਹੋ ਗਿਆ ਤੇ ਪਾਲ ਕੌਰ ਕਰੀਬ 45 ਵਰ੍ਹੇ ਸ਼ਹੀਦ ਪਤੀ ਧਰਮਪਾਲ ਸਿੰਘ ਦੀ ਬਰਸੀ ਮਨਾਉਂਦੀ ਰਹੀ। ਪਰਿਵਾਰ ਨੇ ਪੱਲਿਓਂ 60 ਹਜ਼ਾਰ ਖ਼ਰਚ ਕੇ ਪਿੰਡ ਲਹਿਰਾ ਧੂਰਕੋਟ



ਪਿੰਡ ਲਹਿਰਾ ਧੂਰਕੋਟ ਵਿੱਚ ਲੱਗੇ ਸ਼ਹੀਦ ਦੇ ਬੁੱਤ ਨੂੰ ਸਾਫ਼ ਕਰਦਾ ਹੋਇਆ ਅਰਸ਼ਿੰਦਰ ਸਿੰਘ।

ਵਿੱਚ ਸ਼ਹੀਦ ਦਾ ਬੁੱਤ ਲਗਾ ਦਿੱਤਾ। ਮਈ 2016 ਵਿੱਚ ਧਰਮਪਾਲ ਦੇ ਪਾਕਿਸਤਾਨ ਦੀ ਕਿਲ੍ਹਾ ਅਟਕ ਜੇਲ੍ਹ ਵਿੱਚ ਹੋਣ ਦੀ ਖ਼ਬਰ ਮਿਲੀ ਤਾਂ ਬਜ਼ੁਰਗ ਪਾਲ ਕੌਰ ਨੂੰ ਆਸ ਬੱਝੀ। ਬਜ਼ੁਰਗ ਮਹਿਲਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲੀ ਤਾਂ ਵਿਦੇਸ਼ ਮੰਤਰੀ ਨੇ ਭਾਰਤ-ਪਾਕਿ ਰਿਸ਼ਤੇ ਠੀਕ ਹੋਣ 'ਤੇ ਉਸ ਦੇ ਪਤੀ ਨੂੰ ਪਾਕਿਸਤਾਨ ਦੀ ਜੇਲ੍ਹ ਵਿਚੋਂ ਵਾਪਸ ਲਿਆਉਣ ਦਾ ਭਰੋਸਾ ਦਿੱਤਾ। ਬਜ਼ੁਰਗ ਪਾਲ ਕੌਰ ਦੱਸਦੀ ਹੈ ਕਿ ਜਦੋਂ ਪਤੀ ਦੇ ਆਉਣ ਦੀ ਆਸ ਬੱਝੀ ਤਾਂ ਭਾਰਤ-ਪਾਕਿ ਵਿਚਾਲੇ ਰਿਸ਼ਤੇ ਵਿਗੜ ਗਏ ਹਨ। ਪਾਲ ਕੌਰ ਦੇ ਲੜਕੇ ਅਰਸ਼ਿੰਦਰ ਸਿੰਘ ਨੇ 20 ਦਿਨ ਪਹਿਲਾਂ ਸੰਸਦ ਮੈਂਬਰ ਭਗਵੰਤ ਮਾਨ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਕੇਂਦਰ ਤੱਕ ਪਹੁੰਚ ਕੀਤੀ।

ਪਰਿਵਾਰ ਦੱਸਦਾ ਹੈ ਕਿ ਥੋੜ੍ਹੇ ਦਿਨ ਪਹਿਲਾਂ ਉਮੀਦ ਬਣੀ ਸੀ ਕਿ ਜੰਗੀ ਕੈਦੀਆਂ ਦੀ ਰਿਹਾਈ ਹੋਵੇਗੀ ਪਰ ਪਾਕਿਸਤਾਨ ਤਰਫ਼ੋਂ ਦੋ ਭਾਰਤੀ ਸੈਨਿਕਾਂ ਦੀ ਵੱਢ ਟੁੱਕ ਮਗਰੋਂ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਮੁੜ ਖਟਾਸ ਬਣ ਗਈ ਹੈ। ਪਾਲ ਕੌਰ ਆਖਦੀ ਹੈ "ਹੁਣ ਲੱਗਦਾ ਹੈ ਕਿ ਬੁੱਤ ਜਿਉਂਦਾ ਹੈ ਪਰ ਅਸੀਂ ਮਰ ਗਏ ਹਾਂ।" ਦੱਸਣਯੋਗ ਹੈ ਕਿ ਲਹਿਰਾ ਧੂਰਕੋਟ ਦਾ ਧਰਮਪਾਲ ਸਿੰਘ 1958 ਵਿੱਚ 4 ਸਿੱਖ ਰੈਜੀਮੈਂਟ ਵਿੱਚ ਭਰਤੀ ਹੋਇਆ ਸੀ। ਜਦੋਂ ਉਸ ਨੇ 1965 ਦੀ ਜੰਗ ਲੜੀ ਸੀ ਤਾਂ ਉਹ ਪਾਕਿਸਤਾਨ ਫ਼ੌਜ ਦੇ ਘੇਰੇ ਵਿੱਚ ਆ ਗਿਆ ਤੇ ਉਸ ਨੂੰ ਛੇ ਮਹੀਨੇ ਪਾਕਿ ਜੇਲ੍ਹ ਵਿੱਚ ਕੱਟਣੇ ਪਏ ਸਨ। ਜਦੋਂ ਉਹ 1971 ਦੀ ਭਾਰਤ-ਪਾਕਿ ਜੰਗ ਵਿੱਚ ਮੁੜ ਕੁੱਦਿਆ ਤਾਂ ਕੇਂਦਰ ਸਰਕਾਰ ਨੇ ਉਸ ਨੂੰ 'ਸ਼ਹੀਦ' ਕਰਾਰ ਦੇ ਦਿੱਤਾ। ਪਿਛਲੇ ਸਾਲ ਪਾਕਿਸਤਾਨ ਦੀ ਜੇਲ੍ਹ ਵਿਚੋਂ ਆਏ ਸਤੀਸ਼ ਕੁਮਾਰ ਮਰਵਾਹਾ ਨੇ 2016 ਵਿੱਚ ਇਸ ਪਰਿਵਾਰ ਤੱਕ ਪਹੁੰਚ ਕਰਕੇ ਧਰਮਪਾਲ ਸਿੰਘ ਦੇ ਜਿਉਂਦੇ ਹੋਣ ਦੀ ਖ਼ਬਰ ਦਿੱਤੀ ਤੇ ਇਸ ਮਗਰੋਂ ਲਗਾਤਾਰ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾ ਰਹੀ ਹੈ।




25 year Power Warranty

## Empowering the Sun from all Directions™

SUNPREME CONFIDENTIAL



ਅਮਰੀਕਾ 'ਚ ਬਿਜਲੀ ਦੇ ਬਿਲਾਂ ਨੂੰ

## Solar Café with Bifacial Solar Panels.

SUNPREME CONFIDENTIAL

# ਅਲਵਿਦਾ ਕਹੋ

**We are representing SunPREME Solar Panel**

ਆਪਣੇ ਘਰਾਂ ਅਤੇ ਕਾਰੋਬਾਰ ਉਪਰ ਸੋਲਰ ਸਿਸਟਮ ਲਗਾਉਣ ਲਈ ਅਤੇ ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ। ਕੇਅਰ ਕੀਮਤ ਤੇ ਕੁਆਲਟੀ ਦੀ ਪੱਕੀ ਗਰੰਟੀ

- Go Solar with Sunpreme's Premium Quality Solar Panels, 25 Year Power Warranty and Most Competitive Prices.
- Residential, Commercial and Solar Farms with Sunpreme High Performance Bifacial Smart Panels.
- Customer Satisfaction Guaranteed.

Please Call

**ਸਤਨਾਮ ਸਿੰਘ ਖਾਲਸਾ 510-706-1300**


GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com



PANNU'S
LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu (Owner)

VISA IN ONE DAY

Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SKYWAY TRAVEL
SERVICE TRUST
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345

Travel for Less Inc.

SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES, CHINA AIRLINES, BRITISH AIRWAYS, CATHAY PACIFIC, virgin atlantic, SINGAPORE AIRLINES, Emirates, ETIHAD AIRWAYS, Lufthansa, QATAR AIRWAYS

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.



CST NO : 2031914-40

We have moved to

Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com

# ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ ਵਲੋਂ ਕਰਵਾਏ 'ਰੰਗਲਾ ਪੰਜਾਬ' ਨੇ ਲਾਈਆਂ ਰੌਣਕਾਂ







## *200 ਪ੍ਰਤੀਯੋਗੀਆਂ ਨੇ 32 ਆਈਟਮਾਂ ਪੇਸ਼ ਕੀਤੀਆਂ*

**ਸ਼ਿਕਾਗੋ/ਬਿਊਰੋ ਨਿਊਜ਼ :** ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ ਵਲੋਂ 'ਰੰਗਲਾ ਪੰਜਾਬ-2017' ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਵਿਚ ਹਰ ਉਮਰ ਵਰਗ ਦੇ ਪੰਜਾਬੀ ਭਾਈਚਾਰੇ ਨੇ ਹਿੱਸਾ ਲਿਆ। ਰੋਲਿੰਗ ਮੈਡੋਜ਼ ਵਿਚ ਮੈਡੋਜ਼ ਕਲੱਬ ਵਿਚ 4 ਘੰਟੇ ਚੱਲੇ ਇਸ ਪ੍ਰੋਗਰਾਮ ਨੇ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਿਆ। ਮੀਂਹ ਤੇ ਥੋੜ੍ਹਾ ਖ਼ਰਾਬ ਮੌਸਮ ਹੋਣ ਦੇ ਬਾਵਜੂਦ ਇਕ ਹਜ਼ਾਰ ਦੇ ਕਰੀਬ ਲੋਕਾਂ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਵਿਚ 200 ਪ੍ਰਤੀਯੋਗੀਆਂ ਨੇ ਹਿੱਸਾ ਲਿਆ, ਜਿਨ੍ਹਾਂ ਨੇ 32 ਆਈਟਮਾਂ ਪੇਸ਼ ਕੀਤੀਆਂ। ਪਾਰਕਿੰਗ ਪੂਰੀ ਤਰ੍ਹਾਂ ਭਰਨ ਕਾਰਨ ਲੋਕਾਂ ਨੂੰ ਥੋੜ੍ਹੀ ਦਿੱਕਤ ਹੋਈ।

ਪ੍ਰਤੀਯੋਗੀਆਂ ਨੇ ਇਕ ਤੋਂ ਬਾਅਦ ਇਕ ਜੋਸ਼ੀਲੀ ਪੇਸ਼ਕਾਰੀ ਦਿੱਤੀ, ਜਿਸ ਨਾਲ ਹਾਲ ਤਾੜੀਆਂ ਨਾਲ ਗੂੰਜ ਉਠਿਆ। ਇਹ ਟੀਮਾਂ ਸ਼ਿਕਾਗੋ ਤੋਂ ਇਲਾਵਾ ਵਿਸਕੋਨਸਿਨ ਤੇ ਇੰਡਿਆਨਾ ਤੋਂ ਵੀ ਆਈਆਂ ਸਨ। ਜ਼ਿਆਦਾਤਰ ਪ੍ਰਤੀਯੋਗੀਆਂ ਨੂੰ ਪੀ.ਸੀ.ਐਸ. ਵਲੰਟੀਅਟਰ ਇੰਸਟਰਕਟਰਾਂ ਵਲੋਂ ਸਿਖਲਾਈ ਦਿੱਤੀ ਗਈ ਸੀ, ਜੋ ਕਦੇ ਖ਼ੁਦ ਇਨ੍ਹਾਂ ਪ੍ਰੋਗਰਾਮਾਂ ਵਿਚ ਹਿੱਸਾ ਲੈਂਦੇ ਰਹੇ ਹਨ।

ਬੋਰਡ ਆਫ਼ ਐਡਵਾਈਜ਼ਰਜ਼ ਸੁਰਿੰਦਰ ਸਿੰਘ ਸੰਘਾ ਨੇ ਦਰਸ਼ਕਾਂ ਦਾ ਗਰਮ ਜੋਸ਼ੀ ਨਾਲ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਗੁਰਮਤਿ ਸਕੂਲ ਐਸ.ਆਰ.ਐਸ. ਪੈਲਾਟਾਈਨ ਦੇ ਬੱਚਿਆਂ ਵਲੋਂ ਸ਼ਬਦ ਗਾਇਨ ਨਾਲ ਹੋਈ। ਇਸ ਤੋਂ ਬਾਅਦ ਹਰ ਉਮਰ ਵਰਗ ਦੇ ਬੱਚਿਆਂ ਨੇ ਆਪਣਾ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ। ਭੰਗੜੇ ਤੇ ਗਿੱਧੇ ਦੀਆਂ ਪੇਸ਼ਕਾਰੀਆਂ ਨੇ ਹਾਲ ਵਿਚ ਬੈਠੇ ਸਾਰੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਉਨ੍ਹਾਂ ਦੇ ਪੈਰ ਵੀ ਨਾਲ ਨਾਲ ਥਿਰਕ ਰਹੇ ਸਨ ਤੇ ਕੁਝ ਲੋਕ ਨਾਲ ਨਾਲ ਬੋਲੀਆਂ ਪਾ ਰਹੇ ਸਨ। ਗਿੱਧੇ ਦੀਆਂ ਟੀਮਾਂ ਵਿਚ ਬਾਲੀਵੁੱਡ ਆਰਟਸ ਅਕੈਡਮੀ, ਸ਼ੌਂਕਣਾਂ ਸ਼ਿਕਾਗੋ ਦੀਆਂ, ਮਿਲਵਾਕੀ ਗਿੱਧਾ ਤੇ ਸ਼ਿਕਾਗੋ ਗਰਲਜ਼ ਗਿੱਧਾ ਸ਼ਾਮਲ ਸਨ ਜਦਕਿ ਭੰਗੜੇ ਦੀਆਂ ਟੀਮਾਂ ਵਿਚ ਨਵੀਂ ਪਨੀਰੀ, ਪੰਜਾਬੀ ਕੌਮ, ਵਾਰੀਅਰਜ਼ ਭੰਗੜਾ ਸਮੇਤ ਹੋਰਨਾਂ ਨੇ ਹਿੱਸਾ ਲਿਆ। ਸ਼ਿਕਾਗੋ ਦੇ ਗਾਇਕਾਂ ਮਾਹੀਜੀਤ ਵਿਰਦੀ, ਮੋਨਾ ਭੱਲਾ, ਮੈਡੀ ਸਿੰਘ, ਪਰੀਨਾ ਮਹਿਰੋਤਰਾ ਤੇ ਐਸ਼ਲੇ ਸਿੰਘ ਨੇ ਵੀ ਖ਼ੂਬ ਰੌਣਕਾਂ ਲਾਈਆਂ। ਚਾਰ ਹਿੱਸਿਆਂ ਵਿਚ ਵੰਡੇ ਪ੍ਰੋਗਰਾਮਾਂ ਦਾ ਸਟੇਜ ਸੰਚਾਲਨ ਰਸਕਿਰਥ ਸਿੰਘ, ਪਰਵਿੰਦਰ ਸਿੰਘ ਨਨੂੰ, ਮੋਨਾ ਭੱਲਾ ਤੇ ਪਾਲ ਸਿੰਘ ਲਾਲੀ ਨੇ ਕੀਤਾ। ਪ੍ਰੋਗਰਾਮ ਪ੍ਰਬੰਧਕਾਂ ਵਿਚੋਂ ਇਕ ਰਜਿੰਦਰ ਸਿੰਘ ਮਗੋ ਨੇ ਮਹਿਮਾਨਾਂ ਦੀ ਜਾਣ-ਪਛਾਣ ਕਰਵਾਈ। ਪ੍ਰਧਾਨਗੀ ਛੱਡ ਰਹੇ ਗੁਰਮੀਤ ਸਿੰਘ ਢਿਲੋਂ, ਚੇਅਰਮੈਨੀ ਛੱਡ ਰਹੇ ਹਰਕੇਵਲ ਸਿੰਘ ਲਾਲੀ ਨੂੰ ਮੋਮੈਂਟੋ ਦਿੱਤੇ ਗਏ। ਨਵੇਂ ਆ ਰਹੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ ਤੇ ਚੇਅਰਮੈਨ ਹਰਦਿਆਲ ਸਿੰਘ ਦਿਓਲ ਨੂੰ ਦਰਸ਼ਕਾਂ ਦੇ ਰੂਬਰੂ ਕਰਵਾਇਆ ਗਿਆ। ਪ੍ਰਧਾਨ ਸੁਖਮੇਲ ਸਿੰਘ ਅਟਵਾਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਬੋਰਡ ਆਫ਼ ਡਾਇਰੈਕਟਰਜ਼ ਦੀ ਜਾਣ-ਪਛਾਣ ਕਰਵਾਈ। ਪ੍ਰੋਗਰਾਮ ਦੇ ਗਰੈਂਡ ਸਪਾਂਸਰ ਡਾ. ਭੁਪਿੰਦਰ ਸਿੰਘ ਸੈਣੀ ਅਤੇ ਮੁੱਖ ਮਹਿਮਾਨ ਦਰਸ਼ਨ ਸਿੰਘ ਧਾਲੀਵਾਲ ਸਮੇਤ ਹੋਰਨਾਂ ਸਪਾਂਸਟਰਾਂ ਦਾ ਸਨਮਾਨ ਕੀਤਾ ਗਿਆ। ਸ਼ਿਕਾਗੋ ਵਿਚ ਭਾਰਤੀ ਕੌਂਸਲ ਡੀ.ਬੀ. ਭੱਟੀ, ਕੌਂਸਲ ਜਨਰਲ ਨੀਟਾ ਭੂਸ਼ਣ, ਸ਼ਿਕਾਗੋ ਵਿਚ ਪਾਕਿਸਤਾਨ ਦੇ ਕੌਂਸਲ ਜਨਰਲ ਫੈਜ਼ਲ ਨਿਆਜ਼ ਤਿਰਮੀਜ਼ੀ ਨੇ ਵੀ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਇਵੈਂਟ ਦੇ ਗੋਲਡ ਸਪਾਂਸਰਾਂ ਵਿਚ ਭੁਪਿੰਦਰ ਸਿੰਘ ਧਾਲੀਵਾਲ ਅਤੇ ਹਰਦਿਆਲ ਸਿੰਘ ਦਿਓਲ ਸ਼ੁਮਾਰ ਰਹੇ ਜਦਕਿ ਸਿਲਵਰ ਸਪਾਂਸਰਾਂ ਵਿਚ ਮੋਹੀਨਾ ਆਹਲੂਵਾਲੀਆ, ਹਰਕੇਵਲ ਲਾਲੀ, ਸੁਖਮੇਲ ਸਿੰਘ ਅਟਵਾਲ, ਸਨੀ ਕੁਲਾਰ, ਪੰਜਾਬੀ ਕਲਚਰਲ ਸੁਸਾਇਟੀ ਆਫ਼ ਮਿਸ਼ੀਗਨ, ਅਵਤਾਰ ਸਿੰਘ ਭੂਰਾ,

ਬਾਕੀ ਸਫ਼ਾ 32 'ਤੇ



# ਸੁਨੀਲ ਜਾਖੜ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਣੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਕਾਂਗਰਸ ਹਾਈਕਮਾਂਡ ਨੇ ਸੀਨੀਅਰ ਅਤੇ ਸੁਲਝੇ ਹੋਏ ਆਗੂ ਸੁਨੀਲ ਜਾਖੜ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਥਾਪਿਆ ਹੈ। ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਥਾਂ 'ਤੇ ਪ੍ਰਧਾਨ ਬਣਾਇਆ ਗਿਆ ਹੈ ਜੋ ਹੁਣ ਪੰਜਾਬ ਦੇ ਮੁੱਖ ਮੰਤਰੀ ਹਨ। ਕਾਂਗਰਸ ਹਾਈ ਕਮਾਂਡ ਨੇ ਇਸ ਨਿਯੁਕਤੀ ਨਾਲ ਸੂਬੇ ਵਿੱਚ ਸਮਾਜਿਕ ਸੰਤੁਲਨ ਕਾਇਮ ਕਰਨ ਦਾ ਯਤਨ ਕੀਤਾ ਹੈ। ਭਾਵੇਂ ਸੂਬੇ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਸਰਕਾਰ ਹੈ ਪਰ ਉਨ੍ਹਾਂ ਨੂੰ ਢੇਰ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਪੰਜਾਬ ਵਿੱਚ ਕਾਂਗਰਸ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਨਵੇਂ ਸੂਬਾਈ ਪ੍ਰਧਾਨ ਦੀ ਨਿਯੁਕਤੀ ਬਾਰੇ ਅਟਕਲਾਂ ਦਾ ਦੌਰ ਸ਼ੁਰੂ ਹੋ ਗਿਆ ਸੀ। ਉਂਜ ਸ੍ਰੀ ਜਾਖੜ ਦਾ ਪ੍ਰਧਾਨ ਬਣਨਾ ਲਗਭਗ ਤੈਅ ਹੋ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਪੂਰਨ ਹਮਾਇਤ ਹਾਸਲ ਸੀ। ਕੈਪਟਨ ਨੇ ਜਨਤਕ ਤੌਰ 'ਤੇ ਵੀ ਉਨ੍ਹਾਂ ਦੀ ਹਮਾਇਤ ਕੀਤੀ ਸੀ ਅਤੇ ਪਿਛਲੇ ਦਿਨੀਂ ਜਦੋਂ ਉਹ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਨਵੀਂ ਦਿੱਲੀ ਵਿੱਚ ਮਿਲੇ ਸਨ ਤਾਂ ਉਸ ਵੇਲੇ ਵੀ ਉਨ੍ਹਾਂ ਸ੍ਰੀ ਜਾਖੜ ਨੂੰ ਪ੍ਰਧਾਨ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਉਨ੍ਹਾਂ ਪ੍ਰਧਾਨਗੀ ਦਾ ਅਹੁਦਾ ਛੱਡਣ ਦੀ ਖ਼ਾਹਿਸ਼ ਜ਼ਾਹਰ ਕਰ ਕੇ ਇਹ ਜ਼ਿੰਮੇਵਾਰੀ ਕਿਸੇ ਹੋਰ ਆਗੂ ਨੂੰ ਸੌਂਪ ਦੇਣ ਲਈ ਕਿਹਾ ਸੀ। ਸੂਤਰਾਂ ਮੁਤਾਬਕ ਸੂਬੇ ਦੇ ਕੁੱਝ ਕਾਂਗਰਸ ਆਗੂ ਚਾਹੁੰਦੇ ਸਨ ਕਿ ਪ੍ਰਧਾਨਗੀ ਦੇ ਮਸਲੇ ਨੂੰ ਇੱਕ ਸਾਲ ਲਈ ਟਾਲ ਦਿਤਾ ਜਾਵੇ ਕਿਉਂਕਿ ਉਨ੍ਹਾਂ ਸੱਤਾ ਦਾ ਸਮਾਨਅੰਤਰ ਕੇਂਦਰ ਬਣਨ ਦਾ ਖਦਸ਼ਾ ਜ਼ਾਹਰ ਕੀਤਾ ਸੀ।

ਸ੍ਰੀ ਜਾਖੜ ਸੂਬੇ ਦੇ ਟਕਸਾਲੀ ਕਾਂਗਰਸ ਪਰਿਵਾਰ ਨਾਲ ਸਬੰਧ ਰੱਖਦੇ ਹਨ ਤੇ ਉਨ੍ਹਾਂ ਦੇ ਮਰਹੂਮ ਪਿਤਾ ਬਲਰਾਮ ਜਾਖੜ ਕਾਂਗਰਸ ਸਰਕਾਰਾਂ ਵਿੱਚ ਉੱਚ ਅਹੁਦਿਆਂ 'ਤੇ ਰਹੇ ਸਨ। ਥੋੜ੍ਹੇ ਦਿਨ ਪਹਿਲਾਂ ਉਨ੍ਹਾਂ ਦੇ ਭਤੀਜੇ ਅਜੇਵੀਰ ਜਾਖੜ ਨੂੰ ਪੰਜਾਬ ਫਾਰਮਰਜ਼ ਕਮਿਸ਼ਨ ਦਾ ਚੇਅਰਮੈਨ ਲਾਇਆ ਗਿਆ ਸੀ। ਸ੍ਰੀ ਜਾਖੜ ਇਸ ਵਾਰ ਅਬੋਹਰ ਤੋਂ ਵਿਧਾਨ ਸਭਾ ਦੀ ਚੋਣ ਹਾਰ ਗਏ ਸਨ। ਜੇਕਰ ਉਹ ਚੋਣ ਜਿੱਤ ਜਾਂਦੇ ਤਾਂ ਉਨ੍ਹਾਂ ਨੇ ਕੈਪਟਨ ਵਜ਼ਾਰਤ ਦੇ ਸੀਨੀਅਰ ਮੰਤਰੀਆਂ ਵਿੱਚ ਸ਼ੁਮਾਰ ਹੋਣਾ ਸੀ। ਪਿਛਲੀ ਪੰਜਾਬ ਵਿਧਾਨ ਸਭਾ ਵਿੱਚ ਉਹ ਕੁੱਝ ਸਮਾਂ ਕਾਂਗਰਸ ਵਿਧਾਇਕ ਦਲ ਅਤੇ ਵਿਰੋਧੀ ਧਿਰ ਦੇ ਨੇਤਾ ਵੀ ਰਹੇ ਸਨ। ਭਾਵੇਂ ਕਿ ਪ੍ਰਧਾਨਗੀ ਦੀ ਦੌੜ ਵਿੱਚ ਸੂਬੇ ਦੇ ਕੁੱਝ ਹੋਰ ਆਗੂ ਵੀ ਸ਼ਾਮਲ ਸਨ ਪਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਲਾਲ ਸਿੰਘ ਨੂੰ ਪੰਜਾਬ ਮੰਡੀ ਬੋਰਡ ਦਾ ਚੇਅਰਮੈਨ ਬਣਾਏ ਜਾਣ ਨਾਲ ਉਨ੍ਹਾਂ ਦਾ ਰਾਹ ਪੱਧਰਾ ਹੋ ਗਿਆ ਸੀ।



## ਕੁੱਝ ਹੋਰ ਸੂਬਿਆਂ ਦੇ ਵੀ ਨਵੇਂ ਪ੍ਰਧਾਨ ਬਣਾਏ

ਨਵੀਂ ਦਿੱਲੀ: ਕਾਂਗਰਸ ਪਾਰਟੀ ਨੇ ਕੁੱਝ ਪ੍ਰਦੇਸ਼ਾਂ ਦੇ ਪ੍ਰਧਾਨ ਬਦਲ ਕੇ ਨਵੀਂ ਰੂਹ ਫੂਕਣ ਦੀ ਕੋਸ਼ਿਸ਼ ਕੀਤੀ ਹੈ। ਪਾਰਟੀ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਪ੍ਰੀਤਮ ਸਿੰਘ ਨੂੰ ਉੱਤਰਾਖੰਡ ਦਾ ਨਵਾਂ ਪ੍ਰਧਾਨ ਲਾਇਆ ਗਿਆ ਹੈ। ਉਹ ਕਿਸ਼ੋਰ ਉਪਾਧਿਆਏ ਦੀ ਥਾਂ ਲੈਣਗੇ। ਰਾਜਸਥਾਨ ਵਿਚ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਨੂੰ ਦੇਖਦਿਆਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਵਿਨਾਸ਼ ਪਾਂਡੇ, ਜੋ ਰਾਜ ਸਭਾ ਦੇ ਸਾਬਕਾ ਮੈਂਬਰ ਅਤੇ ਮਹਾਰਾਸ਼ਟਰ ਦੇ ਵਿਧਾਇਕ ਰਹੇ ਹਨ, ਨੂੰ ਰਾਜਸਥਾਨ ਦਾ ਨਵਾਂ ਜਨਰਲ ਸਕੱਤਰ ਇੰਚਾਰਜ ਲਾਇਆ ਗਿਆ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਗੁਜਰਾਤ, ਕਰਨਾਟਕ, ਰਾਜਸਥਾਨ ਅਤੇ ਗੋਆ ਵਿਚ ਪਾਰਟੀ ਵਿਚ ਫੇਰਬਦਲ ਕੀਤੇ ਹਨ। ਸ੍ਰੀ ਸੁਰਜੇਵਾਲਾ ਨੇ ਦੱਸਿਆ ਕਿ 17 ਨਵੇਂ ਅਹੁਦੇਦਾਰ ਨਿਯੁਕਤ ਕੀਤੇ ਗਏ ਹਨ ਜਿਨ੍ਹਾਂ ਵਿਚੋਂ 10 ਦੀ ਉਮਰ 50 ਸਾਲ ਤੋਂ ਘੱਟ ਹੈ ਅਤੇ ਸੱਤ ਹੋਰ ਪੱਛੜੇ ਵਰਗਾਂ ਵਿਚੋਂ ਸ਼ਾਮਲ ਹਨ।

## ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣਨ ਦੇ ਸਮਰੱਥ : ਅਮਰਿੰਦਰ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਰਾਹੁਲ ਗਾਂਧੀ ਕਾਂਗਰਸ ਪਾਰਟੀ ਦਾ ਪ੍ਰਧਾਨ ਹੀ ਨਹੀਂ ਸਗੋਂ ਦੇਸ਼ ਦੀ ਵਾਗਡੋਰ ਸੰਭਾਲਣ ਦੇ ਵੀ ਸਮਰੱਥ ਹੈ। ਰਾਹੁਲ ਨੂੰ ਪ੍ਰਧਾਨ ਮੰਤਰੀ ਬਣਨ ਦੇ ਕਾਬਿਲ ਦੱਸਦਿਆਂ ਉਨ੍ਹਾਂ ਕਿਹਾ ਕਿ ਮੀਡੀਆ ਰਾਹੁਲ ਗਾਂਧੀ ਦੀ ਯੋਗਤਾ ਨੂੰ ਪਛਾਣ ਨਹੀਂ ਦੇ ਰਿਹਾ ਹੈ ਅਤੇ ਉਸ ਲਈ ਹਲਕੇ-ਫੁਲਕੇ ਸ਼ਬਦ ਵਰਤਣੇ ਵਾਜਬ ਨਹੀਂ ਹਨ। ਕੈਪਟਨ ਅਮਰਿੰਦਰ ਸਿੰਘ ਇੱਕ ਟੀਵੀ ਚੈਨਲ ਵੱਲੋਂ 'ਰਾਈਜ਼ਿੰਗ ਪੰਜਾਬ' ਨਾਂ ਦੇ ਕਰਾਏ ਜਾ ਰਹੇ ਬਹਿਸ ਪ੍ਰੋਗਰਾਮ ਵਿੱਚ ਬੋਲ ਰਹੇ ਸਨ। ਟੀਵੀ ਚੈਨਲ ਵੱਲੋਂ ਵਿਰੋਧੀ ਧਿਰ ਦੇ ਨੇਤਾ ਐਚ ਐਸ ਫੂਲਕਾ, ਪੰਜਾਬ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੂੰ ਵੀ ਸੱਦਿਆ ਗਿਆ ਸੀ। ਮੁੱਖ ਮੰਤਰੀ ਨੇ ਬਹਿਸ ਦੌਰਾਨ ਰਾਹੁਲ ਗਾਂਧੀ ਦੇ ਰੱਜ ਕੇ ਸੋਹਲੇ ਗਾਏ ਅਤੇ ਕਿਹਾ ਕਿ ਉਹ ਉਸ ਨੂੰ ਬਚਪਨ ਤੋਂ ਜਾਣਦੇ ਹਨ ਅਤੇ ਉਨ੍ਹਾਂ ਨੂੰ ਰਾਹੁਲ ਗਾਂਧੀ ਅੰਦਰਲੇ ਗੁਣਾਂ ਦਾ ਪੂਰੀ ਤਰ੍ਹਾਂ ਗਿਆਨ ਹੈ। ਪੰਜਾਬ ਨਾਲ ਸਬੰਧਤ ਪੁੱਛੇ ਗਏ ਸੁਆਲਾਂ ਦੇ ਜੁਆਬ ਵਿੱਚ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਸੂਬੇ ਦੀ ਵਿੱਤੀ ਹਾਲਤ ਏਨੀ ਬੁਰੀ ਹੈ ਕਿ ਤਨਖ਼ਾਹਾਂ ਦੇਣ ਜੋਗੇ ਪੈਸੇ ਨਹੀਂ ਹਨ ਅਤੇ ਸੂਬਾ ਕਰਜ਼ੇ ਵਿੱਚ ਬੁਰੀ ਤਰ੍ਹਾਂ ਨਪੀੜਿਆ ਪਿਆ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਸੂਬੇ ਨੂੰ ਨਸ਼ਿਆਂ, ਬੇਰੁਜ਼ਗਾਰੀ ਅਤੇ ਗੁੰਡਾਗਰਦੀ ਦੀ ਮਾਰ ਪੈ ਰਹੀ ਹੈ ਪਰ ਇਨ੍ਹਾਂ ਨੂੰ ਰਾਤੋਂ ਰਾਤ ਬਾਹਰ ਨਹੀਂ ਕੱਢਿਆ ਜਾ ਸਕਦਾ ਹੈ। ਉਨ੍ਹਾਂ ਅਜੇ ਹੋਰ ਸਮੇਂ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਹਾਲਾਤ ਸੁਧਾਰਨ ਲਈ ਸਭ ਤੋਂ ਪਹਿਲਾਂ 89 ਲੱਖ ਨੌਜੁਆਨਾਂ ਨੂੰ ਰੁਜ਼ਗਾਰ ਦੇਣਾ ਪਵੇਗਾ। ਉਨ੍ਹਾਂ ਕਿਸਾਨੀ 'ਤੇ ਟੈਕਸ ਲਾਉਣ ਦਾ ਵਿਰੋਧ ਕੀਤਾ ਅਤੇ ਇਸ ਪ੍ਰਸਤਾਵ ਨੂੰ ਕਿਸਾਨਾਂ ਲਈ ਮੌਤ ਦਾ ਵਾਰੰਟ ਕਰਾਰ ਦਿੱਤਾ। ਭਾਰਤ-ਪਾਕਿ ਸਬੰਧਾਂ ਬਾਰੇ ਆਪਣੀ ਗੱਲ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਇੱਕ ਭਾਰਤੀ ਸੈਨਿਕ ਬਦਲੇ ਤਿੰਨ ਪਾਕਿ ਫੌਜੀਆਂ ਦੇ ਸਿਰ ਕਲਮ ਕੀਤੇ ਜਾਣੇ ਚਾਹੀਦੇ ਹਨ। ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਬਹਿਸ ਵਿੱਚ ਹਿੱਸਾ ਲੈਂਦਿਆਂ ਦਾਅਵਾ ਕੀਤਾ ਕਿ ਰਾਜ ਵਿਚ ਕਾਂਗਰਸ ਦੀ ਸਰਕਾਰ ਬਣਨ ਨਾਲ ਅਮਨ-ਕਾਨੂੰਨ ਵਿੱਚ ਕੋਈ ਸੁਧਾਰ ਨਹੀਂ ਹੋਇਆ ਹੈ ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਪਿਛਲੇ ਦਿਨੀਂ ਜਿਹੜੇ ਫੈਸਲੇ ਲਏ ਗਏ ਹਨ, ਉਨ੍ਹਾਂ 'ਤੇ ਅਮਲ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਆਮ ਆਦਮੀ ਪਾਰਟੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਕੁੱਝ ਗ਼ਲਤੀਆਂ ਕਾਰਨ ਵਿਧਾਨ ਸਭਾ ਦੀ ਚੋਣ ਜ਼ਰੂਰ ਹਾਰੀ ਹੈ ਪਰ ਅਜੇ ਵੀ ਇਸ ਦਾ ਭਵਿੱਖ ਉੱਜਵਲ ਨਜ਼ਰ ਆ ਰਿਹਾ ਹੈ। ਸ੍ਰੀ ਫੂਲਕਾ ਨੇ ਵਿਰੋਧੀ ਧਿਰ ਵਜੋਂ ਉਸਾਰੂ ਰੋਲ ਨਿਭਾਉਣ ਦਾ ਵਾਅਦਾ ਕੀਤਾ। ਪੰਜਾਬ ਭਾਜਪਾ ਦੇ ਪ੍ਰਧਾਨ ਅਤੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਕਿਹਾ ਕਿ ਸੂਬੇ ਵਿੱਚ ਅਮਨ-ਕਾਨੂੰਨ ਦੀ ਹਾਲਤ ਪਹਿਲਾਂ ਨਾਲੋਂ ਵਧੇਰੇ ਵਿਗੜੀ ਹੈ। ਸੂਬੇ ਵਿਚ ਭਾਜਪਾ ਦੀ ਹਾਰ ਦਾ ਕਾਰਨ ਉਨ੍ਹਾਂ ਇਸ ਦੀ ਕਾਰਗੁਜ਼ਾਰੀ ਨੂੰ ਸਹੀ ਢੰਗ ਨਾਲ ਪੇਸ਼ ਕਰਨਾ ਨਾ ਦੱਸਿਆ। ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਸੀ ਕਿ 50 ਦਿਨ ਦੀ ਕਾਰਗੁਜ਼ਾਰੀ ਤੋਂ ਬਾਅਦ ਸਰਕਾਰ 'ਤੇ ਟਿੱਪਣੀ ਕਰਨਾ ਮੁਸ਼ਕਲ ਹੈ।

## ਦੇਸ਼ ਵਿਰੋਧੀ ਤਾਕਤਾਂ ਤੇ ਖ਼ਾਲਿਸਤਾਨੀਆਂ ਨੂੰ ਮਾਹੌਲ ਖ਼ਰਾਬ ਨਹੀਂ ਕਰਨ ਦਿਆਂਗੇ : ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸਰਹੱਦ ਪਾਰਲੀਆਂ ਦੇਸ਼ ਵਿਰੋਧੀ ਤਾਕਤਾਂ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਖ਼ਾਲਿਸਤਾਨੀਆਂ ਵੱਲੋਂ ਦਿੱਤੀਆਂ ਧਮਕੀਆਂ ਦੇ ਸਬੰਧ ਵਿਚ ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਸੂਬੇ ਦੀ ਸ਼ਾਂਤੀ ਭੰਗ ਨਹੀਂ ਹੋਣ ਦੇਣਗੇ। ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਵਿੱਚ ਭਾਰਤ-ਪਾਕਿ ਸਰਹੱਦ 'ਤੇ ਦੋ ਭਾਰਤੀ ਫੌਜੀਆਂ ਨਾਲ ਅਣਮਨੁੱਖੀ ਵਿਹਾਰ ਤੋਂ ਬਾਅਦ ਹੱਤਿਆ ਕਰਨ ਸਬੰਧੀ ਉਨ੍ਹਾਂ ਕਿਹਾ ਕਿ ਇਹ ਕਾਇਰਾਨਾ ਕਾਰਵਾਈ ਹੈ। ਇਕ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਕਿ ਸਾਨੂੰ ਭੱਦਰ ਪੁਰਸ਼ਾਂ ਵਾਲਾ ਵਿਹਾਰ ਛੱਡ ਕੇ ਢੁੱਕਵਾਂ ਜਵਾਬ ਦੇਣਾ ਚਾਹੀਦਾ ਹੈ। ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਵਿਰੁੱਧ ਕੀਤੀ ਟਿੱਪਣੀ 'ਤੇ ਆਪਣਾ ਸਟੈਂਡ ਸਪਸ਼ਟ ਕਰਦਿਆਂ ਉਨ੍ਹਾਂ ਫਿਰ ਦੁਹਰਾਇਆ ਕਿ ਕੈਨੇਡਾ ਦੇ ਬਹੁਤੇ ਸੰਸਦ ਮੈਂਬਰਾਂ ਦਾ ਖ਼ਾਲਿਸਤਾਨੀਆਂ ਵੱਲ ਝੁਕਾਅ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਸ਼ਹੀਦ ਹੋਏ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੇ ਪਰਿਵਾਰ ਨੂੰ ਜਲਦ ਹੀ ਨਿੱਜੀ ਤੌਰ 'ਤੇ ਮਿਲਣਗੇ। ਕੈਪਟਨ ਨੇ ਕਿਹਾ ਕਿ ਭਾਰਤ ਨੂੰ ਆਪਣੀ ਰੱਖਿਆ ਸਮਰੱਥਾ ਵਿਚ ਇਜ਼ਾਫੇ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਚੀਨ ਨਾਲ ਆਪਣੇ ਸਬੰਧ ਸੁਖ਼ਾਵੇਂ ਬਣਾਉਣ ਲਈ ਯਤਨ ਵਿੱਢਣੇ ਚਾਹੀਦੇ ਹਨ।

## ਟਿਕਟ ਨਾ ਮਿਲਣ ਤੋਂ ਨਾਰਾਜ਼ ਕਾਂਗਰਸੀ ਆਗੂ ਨੇ ਬਿੱਟੀ ਦਾ ਜਾਅਲੀ ਅਸ਼ਲੀਲ ਵੀਡੀਓ ਬਣਾਇਆ

### *ਕੂੰਮਕਲਾਂ ਪੁਲੀਸ ਨੇ ਮੁਲਜ਼ਮ ਮੋਹਨ ਸਿੰਘ ਨੂੰ ਕੀਤਾ ਕਾਬੂ*

**ਲੁਧਿਆਣਾ/ਬਿਊਰੋ ਨਿਊਜ਼ :**

ਵਿਧਾਨ ਸਭਾ ਚੋਣਾਂ ਵਿਚ ਸਾਹਨੇਵਾਲ ਹਲਕੇ ਤੋਂ ਕਾਂਗਰਸ ਦੀ ਉਮੀਦਵਾਰ ਰਹੀ ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਨੂੰ ਟਿਕਟ ਦੇਣ ਤੋਂ ਨਾਰਾਜ਼ ਇੱਕ ਕਾਂਗਰਸੀ ਆਗੂ ਨੇ ਉਸ ਦੀ ਜਾਅਲੀ ਅਸ਼ਲੀਲ ਵੀਡੀਓ ਬਣਾ ਦਿੱਤੀ, ਜਿਸ ਖ਼ਿਲਾਫ਼ ਸਤਵਿੰਦਰ ਬਿੱਟੀ ਨੇ ਥਾਣਾ ਕੂੰਮਕਲਾਂ ਦੀ ਪੁਲੀਸ ਨੂੰ ਸ਼ਿਕਾਇਤ ਦਿੱਤੀ ਹੈ। ਪੁਲੀਸ ਨੇ ਇਸ ਮਾਮਲੇ ਵਿੱਚ ਗੁਰੂ ਤੇਗ ਬਹਾਦਰ ਨਗਰ ਵਾਸੀ ਮੋਹਨ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਸਤਵਿੰਦਰ ਬਿੱਟੀ ਵੱਲੋਂ 4 ਮਈ ਨੂੰ ਥਾਣਾ ਕੂੰਮਕਲਾਂ ਵਿਚ ਸ਼ਿਕਾਇਤ ਕੀਤੀ ਸੀ। ਪੁਲੀਸ ਦੀ ਜਾਂਚ ਵਿਚ ਪਤਾ ਲੱਗਿਆ ਕਿ ਮੁਲਜ਼ਮ ਇੱਕ ਕਾਂਗਰਸੀ ਆਗੂ ਹੀ ਹੈ ਅਤੇ ਪ੍ਰਾਪਰਟੀ ਡੀਲਰ ਹੈ। ਉਹ ਵਿਧਾਨ ਸਭਾ ਚੋਣਾਂ ਦੌਰਾਨ ਖੁਦ ਨੂੰ ਟਿਕਟ ਦਾ ਦਾਅਵੇਦਾਰ ਮੰਨਦਾ ਸੀ, ਪਰ ਕਾਂਗਰਸ ਪਾਰਟੀ ਵੱਲੋਂ ਟਿਕਟ ਸਤਵਿੰਦਰ ਬਿੱਟੀ ਨੂੰ ਦੇ ਦਿੱਤੀ ਗਈ, ਜਿਸ ਕਾਰਨ ਨਾਰਾਜ਼ ਮੋਹਨ ਸਿੰਘ ਨੇ ਬਿੱਟੀ ਦੀ ਜਾਅਲੀ ਵੀਡੀਓ ਬਣਾ ਕੇ ਸੋਸ਼ਲ ਸਾਈਟਾਂ 'ਤੇ ਵਾਇਰਲ ਕਰਦਿੱਤੀ। ਪੁਲੀਸ ਨੇ ਦੱਸਿਆ ਕਿ ਸ਼ਿਕਾਇਤ ਮਿਲਣ ਮਗਰੋਂ ਥਾਣਾ ਕੂੰਮਕਲਾਂ ਪੁਲੀਸ ਨੇ ਵੱਟਸਐਪ ਗਰੁੱਪ ਵਿਚੋਂ ਮੁਲਜ਼ਮ ਮੋਹਨ ਸਿੰਘ ਦਾ ਨੰਬਰ ਕੱਢਿਆ, ਪਰ ਉਸ ਨੇ ਉਕਤ ਵੀਡੀਓ ਪਾਉਣ ਤੋਂ



ਬਾਅਦ ਮੋਬਾਈਲ ਬੰਦ ਕਰ ਦਿੱਤਾ ਸੀ, ਜਿਸ ਕਾਰਨ ਪੁਲੀਸ ਨੂੰ ਉਸ ਦੀ ਭਾਲ ਕਰਨ ਵਿਚ ਪ੍ਰੇਸ਼ਾਨੀ ਹੋ ਰਹੀ ਸੀ। 2-3 ਦਿਨ ਪਹਿਲਾਂ ਮੁਲਜ਼ਮ ਨੇ ਆਪਣਾ ਫੋਨ ਆਨ ਕੀਤਾ, ਜਿਸ ਦਾ ਅਲਰਟ ਮਿਲਣ ਮਗਰੋਂ ਪੁਲੀਸ ਨੇ ਉਸ ਨੂੰ ਫੜ ਲਿਆ ਹੈ।

## ਕੈਪਟਨ ਦੇ ਵਾਅਦੇ ਦੇ ਉਲਟ ਕਾਂਗਰਸ ਦੇ ਹਾਰੇ ਆਗੂ ਹਲਕਾ ਇੰਚਾਰਜੀਆਂ ਨੂੰ ਚੁੰਬੜੇ

**ਫ਼ਰੀਦਕੋਟ/ਬਿਊਰੋ ਨਿਊਜ਼ :** ਅਕਾਲੀਆਂ ਦੇ ਹਲਕਾ ਇੰਚਾਰਜਾਂ ਵਿਰੁੱਧ ਝੰਡਾ ਚੁੱਕਣ ਅਤੇ ਇਸ ਸਭਿਆਚਾਰ ਨੂੰ ਖ਼ਤਮ ਕਰਨ ਦਾ ਵਾਅਦਾ ਕਰਨ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਕਾਂਗਰਸ ਦੇ ਚੋਣਾਂ ਵਿੱਚ ਹਾਰੇ ਆਗੂ ਹਲਕਾ 'ਇੰਚਾਰਜੀ' ਛੱਡਣ ਨੂੰ ਤਿਆਰ ਨਹੀਂ ਹਨ। ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਪਾਰਟੀ ਉਮੀਦਵਾਰਾਂ ਦੀ ਹਲਕਾ ਬਦਲੀ ਮੁਹਿੰਮ ਵੱਡੇ ਪੱਧਰ 'ਤੇ ਵਿੱਢੀ ਸੀ। ਮੁਕਤਸਰ ਵਿਧਾਨ ਸਭਾ ਹਲਕੇ ਤੋਂ ਆਪਣੀ ਦਾਅਵੇਦਾਰੀ ਛੱਡ ਕੇ ਕੋਟਕਪੂਰਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਵਾਲੇ ਭਾਈ ਹਰਨਿਰਪਾਲ ਸਿੰਘ ਕੁੱਕੂ ਚੋਣ ਹਾਰਨ ਦੇ ਬਾਵਜੂਦ ਕੋਟਕਪੂਰਾ ਵਿਧਾਨ ਸਭਾ ਹਲਕੇ ਵਿੱਚ ਆਪਣਾ ਚੋਣ ਦਫ਼ਤਰ ਖੋਲ੍ਹ ਚੁੱਕੇ ਹਨ। ਕੋਟਕਪੂਰਾ ਵਿੱਚ ਖ਼ਾਸ ਅਫ਼ਸਰਾਂ ਦੀ ਤਾਇਨਾਤੀ ਵੀ ਕਥਿਤ ਤੌਰ 'ਤੇ



ਹਰਨਿਰਪਾਲ ਸਿੰਘ ਕੁੱਕੂ



ਕਰਨ ਬਰਾੜ



ਮੁਹੰਮਦ ਸਦੀਕ



ਜੋਗਿੰਦਰ ਸਿੰਘ ਪੰਜਗਰਾਈਂ

ਭਾਈ ਕੁੱਕੂ ਦੇ ਕਹਿਣ 'ਤੇ ਹੀ ਕੀਤੀ ਜਾ ਰਹੀ ਹੈ। ਫ਼ਰੀਦਕੋਟ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਪੰਜਗਰਾਈਂ, ਜਿਨ੍ਹਾਂ ਨੂੰ ਜੈਤੋ ਵਿਧਾਨ ਸਭਾ ਹਲਕੇ ਤੋਂ ਤਬਦੀਲ ਕਰਕੇ ਭਦੌੜ ਹਲਕੇ ਵਿੱਚ ਭੇਜਿਆ ਸੀ, ਵੀ ਚੋਣ ਹਾਰਨ ਤੋਂ ਬਾਅਦ ਭਦੌੜ ਵਿੱਚ ਸਰਗਰਮ ਹਨ ਅਤੇ ਭਦੌੜ ਹਲਕੇ ਵਿੱਚ ਸਰਕਾਰੀ ਸਮਾਗਮਾਂ ਦੀ ਬਾਕਾਇਦਾ ਅਗਵਾਈ ਕਰ ਰਹੇ ਹਨ। ਭਦੌੜ ਵਿਧਾਨ ਸਭਾ ਹਲਕੇ ਤੋਂ ਬਦਲ ਕੇ ਜੈਤੋ ਰਾਖਵੇਂ ਵਿਧਾਨ ਸਭਾ ਹਲਕੇ ਵਿੱਚ ਭੇਜੇ ਮੁਹੰਮਦ ਸਦੀਕ ਨੇ ਚੋਣ ਹਾਰਨ ਦੇ ਬਾਵਜੂਦ ਜੈਤੋ ਵਿੱਚ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ ਹਨ। ਨਿਹਾਲ ਸਿੰਘ ਹਲਕੇ ਤੋਂ ਚੋਣ ਹਾਰਨ ਵਾਲੀ ਕਾਂਗਰਸੀ ਉਮੀਦਵਾਰ ਰਾਜਵਿੰਦਰ ਕੌਰ ਭਾਗੀਕੇ ਵੀ ਆਪਣੇ ਹਲਕੇ ਵਿੱਚ ਸਰਗਰਮ ਹਨ। ਮੁਕਤਸਰ ਤੋਂ ਚੋਣ ਹਾਰਨ ਤੋਂ ਬਾਅਦ ਕਾਂਗਰਸੀ ਉਮੀਦਵਾਰ ਕਰਨ ਬਰਾੜ ਨੇ ਤਾਂ ਬਿਆਨ ਜਾਰੀ ਕਰਕੇ ਹੀ ਸਪਸ਼ਟ ਕਰ ਦਿੱਤਾ ਹੈ ਕਿ ਉਹ ਮੁਕਤਸਰ ਹਲਕੇ ਤੋਂ ਆਪਣਾ 'ਹੱਕ' ਨਹੀਂ ਛੱਡਣਗੇ ਤੇ ਉਹ ਇਸੇ ਹਲਕੇ ਵਿੱਚ ਹੀ ਕੰਮ ਕਰਨਗੇ। ਸਾਬਕਾ ਵਿਧਾਇਕ ਜੋਗਿੰਦਰ ਸਿੰਘ ਪੰਜਗਰਾਈਂ, ਜੋ ਜੈਤੋ ਵਿਧਾਨ ਸਭਾ ਹਲਕਾ ਛੱਡ ਕੇ ਭਦੌੜ ਤੋਂ ਚੋਣ ਲੜੇ ਸਨ, ਨੇ ਕਿਹਾ ਕਿ ਉਹ ਜੈਤੋ ਅਤੇ ਭਦੌੜ ਦੋਹਾਂ ਵਿਧਾਨ ਸਭਾ ਹਲਕਿਆਂ ਵਿੱਚ ਵਿਚਰ ਰਹੇ ਹਨ। ਇਸ ਤੋਂ ਇਲਾਵਾ ਪਾਰਟੀ ਜੋ ਵੀ ਹੁਕਮ ਕਰੇਗੀ, ਉਹ ਹੁਕਮ ਮੰਨਣਗੇ। ਭਾਈ ਕੁੱਕੂ ਨੇ 'ਇੰਚਾਰਜੀ' ਦੇ ਮੁੱਦੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਕਾਂਗਰਸ ਦੇ ਸੂਬਾ ਜਨਰਲ ਸਕੱਤਰ ਸੁਰਿੰਦਰ ਕੁਮਾਰ ਗੁਪਤਾ ਨੇ ਕਿਹਾ ਕਿ ਮੁੱਖ ਮੰਤਰੀ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਕਿ ਉਹ ਅਕਾਲੀਆਂ ਦੀ ਤਰਜ਼ 'ਤੇ ਹਲਕਾ ਇੰਚਾਰਜ ਨਹੀਂ ਲਾਉਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਹਲਕਾ ਇੰਚਾਰਜ ਵਜੋਂ ਅਜੇ ਤੱਕ ਕਿਸੇ ਦੀ ਨਿਯੁਕਤੀ ਨਹੀਂ ਕੀਤੀ ਹੈ।

## ਕਾਂਗਰਸੀ ਵਿਧਾਇਕਾਂ ਦੇ ਅਸਤੀਫ਼ੇ ਮਹਿਜ਼ 'ਡਰਾਮਾ' ਹੀ ਨਿਕਲੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪਿਛਲੀ ਪੰਜਾਬ ਵਿਧਾਨ ਸਭਾ ਦੇ ਉਨ੍ਹਾਂ 41 ਕਾਂਗਰਸੀ ਮੈਂਬਰਾਂ ਵੱਲੋਂ ਨਦੀ ਜਲ ਵਿਵਾਦ ਤੇ ਐਸ.ਵਾਈ.ਐਲ. ਨਹਿਰ ਦੇ ਮਾਮਲੇ ਨੂੰ ਲੈ ਕੇ 11 ਨਵੰਬਰ 2016 ਨੂੰ ਸੁਪਰੀਮ ਕੋਰਟ ਦੇ 'ਫੈਸਲੇ' ਵਿਰੁੱਧ ਦਿੱਤੇ ਗਏ ਰੋਸ ਵਜੋਂ ਅਸਤੀਫੇ ਕੇਵਲ 'ਡਰਾਮਾ' ਹੀ ਸਾਬਤ ਹੋਏ। ਪੰਜਾਬ ਵਿਧਾਨ ਸਭਾ ਸਕੱਤਰੇਤ ਨੇ ਇਹ ਪ੍ਰਗਟਾਵਾ ਕੀਤਾ ਕਿ ਉਦੋਂ ਦੇ ਸਪੀਕਰ ਡਾ. ਚਰਨਜੀਤ ਸਿੰਘ ਅਟਵਾਲ ਨੇ ਉਨ੍ਹਾਂ ਦੇ ਅਸਤੀਫ਼ੇ ਪ੍ਰਵਾਨ ਨਹੀਂ ਸਨ ਕੀਤੇ ਤੇ ਉਨ੍ਹਾਂ ਨੇ ਇਨ੍ਹਾਂ ਸਾਰੇ ਕਾਂਗਰਸੀਆਂ ਨੂੰ ਵਾਰ-ਵਾਰ ਬੁਲਾ ਕੇ ਪੁੱਛਣ ਦੀ ਕੋਸ਼ਿਸ਼ ਕੀਤੀ ਸੀ ਕਿ "ਉਹ ਮੇਰੇ ਸਾਹਮਣੇ ਪੇਸ਼ ਹੋ ਕੇ ਦੱਸਣ ਕਿ ਉਨ੍ਹਾਂ ਨੇ ਅਸਤੀਫਿਆਂ ਦਾ ਇਹ ਕਦਮ ਆਪਣੀ ਜ਼ਮੀਰ ਦੇ ਅਨੁਸਾਰ ਚੁੱਕਿਆ ਜਾਂ ਕਿਸੇ ਦੇ ਦਬਾਓ ਹੇਠ ਆ ਕੇ ਤਾਂ ਨਹੀਂ ਅਸਤੀਫੇ ਦਿੱਤੇ?" ਡਾ. ਅਟਵਾਲ ਨੇ ਤਤਕਾਲੀਨ ਕਾਂਗਰਸ ਵਿਧਾਇਕ ਦਲ ਦੇ ਨੇਤਾ ਚਰਨਜੀਤ ਸਿੰਘ ਚੰਨੀ ਨੂੰ ਲਿਖਤੀ ਰੂਪ ਵਿਚ ਵੀ ਆਪਣਾ ਸਟੈਂਡ ਸਪਸ਼ਟ ਕਰਨ ਲਈ ਕਿਹਾ ਸੀ ਪਰ ਉਨ੍ਹਾਂ ਆਮ ਤੌਰ 'ਤੇ ਚੁੱਪ ਰਹਿਣਾ ਹੀ ਉਚਿਤ ਸਮਝਿਆ, ਉਨ੍ਹਾਂ ਡਾ. ਅਟਵਾਲ ਨੂੰ ਕਹਿਲਾ ਭੇਜਿਆ ਸੀ ਕਿ "ਅਸੀਂ ਤਾਂ ਅਸਤੀਫਿਆਂ ਦਾ ਕਦਮ ਰੋਸ ਵਜੋਂ ਚੁੱਕਿਆ ਹੈ ਤੁਸੀਂ ਇਨ੍ਹਾਂ ਨੂੰ ਉਚਿਤ ਸਮਝ ਕੇ ਪ੍ਰਵਾਨ ਕਰ ਲਓ। ਇਸ ਪਿੱਛੋਂ ਸਪੀਕਰ ਤੇ ਦੂਜੀ ਧਿਰ ਨੇ ਵੀ ਇਸ ਬਾਰੇ ਚੁੱਪ ਵੱਟ ਲਈ ਸੀ ਪਰ ਅੱਜ ਜਦੋਂ ਇਸ ਸਬੰਧ ਵਿਚ ਪੰਜਾਬ ਵਿਧਾਨ ਸਭਾ ਸਕੱਤਰੇਤ ਦੀ ਅਕਾਊਂਟ ਸ਼ਾਖਾ ਅਨੁਸਾਰ ਇਨ੍ਹਾਂ ਵਿਧਾਇਕਾਂ ਨੇ ਤਨਖਾਹ ਤੇ ਭੱਤੇ ਵਸੂਲ ਕਰ ਲਏ ਹਨ। ਪਿਛਲੀ ਪੰਜਾਬ ਵਿਧਾਨ ਸਭਾ ਦੀ ਮਿਆਦ ਤਾਂ ਇਸ ਸਾਲ 18 ਮਾਰਚ ਨੂੰ ਖ਼ਤਮ ਹੋ ਗਈ ਸੀ ਤੇ ਉਕਤ ਵਿਧਾਇਕਾਂ ਨੇ 84 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਤੇ ਦੂਜੇ ਭੱਤੇ ਵਸੂਲ ਕਰ ਲਏ ਹਨ ਜਾਂ ਇਹ ਧਨ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿਚ ਜਮ੍ਹਾਂ ਕਰਾਈ ਜਾ ਚੁੱਕੀ ਹੈ।

# ਹਕੂਮਤੀ ਫ਼ਿਜ਼ਾ ਬਦਲਦਿਆਂ ਹੀ 55 ਟਰੱਕ ਯੂਨੀਅਨਾਂ 'ਚ ਰੁੜ੍ਹਿਆ ਕਾਂਗਰਸ ਦਾ ਪਹੀਆ

**• ਨਾ ਟਰੱਕ, ਨਾ ਟਾਇਰ, ਫੇਰ ਵੀ ਬਣ ਗਏ ਪ੍ਰਧਾਨ • ਅਕਾਲੀਆਂ ਦੀ ਅਜਾਰੇਦਾਰੀ ਤੋੜਨ ਲਈ ਖਿੱਚ-ਧੂਹ 'ਚ ਹੁਣ ਤੱਕ 2 ਮੌਤਾਂ**

**ਬਠਿੰਡਾ/ ਚਰਨਜੀਤ ਭੁੱਲਰ :**
ਪੰਜਾਬ ਵਿੱਚ ਹਕੂਮਤੀ ਫ਼ਿਜ਼ਾ ਬਦਲਦੇ ਸਾਰ ਕਰੀਬ 55 ਟਰੱਕ ਯੂਨੀਅਨਾਂ ਵਿੱਚ ਕਾਂਗਰਸ ਦਾ ਪਹੀਆ ਰੁੜ੍ਹਨ ਲੱਗਿਆ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਹਲਫਦਾਰੀ ਸਮਾਗਮਾਂ ਮਗਰੋਂ ਸਭ ਤੋਂ ਪਹਿਲਾਂ ਟਰੱਕ ਯੂਨੀਅਨਾਂ ਦਾ ਨੰਬਰ ਲੱਗਿਆ। ਯੂਨੀਅਨਾਂ ਵਿਚੋਂ ਅਕਾਲੀ ਦਲ ਦੀ ਅਜਾਰੇਦਾਰੀ ਖ਼ਤਮ ਕਰ ਕੇ ਕਾਂਗਰਸੀ ਪ੍ਰਧਾਨ ਜਾਂ ਕਮੇਟੀ ਮੈਂਬਰ ਥਾਪ ਦਿੱਤੇ ਗਏ ਹਨ। ਇਸ ਲੜਾਈ ਵਿੱਚ ਬਰੇਟਾ ਵਿੱਚ ਦੋ ਜਾਨਾਂ ਚਲੀਆਂ ਗਈਆਂ। ਕਰੀਬ 10 ਟਰੱਕ ਯੂਨੀਅਨਾਂ ਦੀ ਕੁਰਸੀ ਲਈ ਕਾਂਗਰਸੀ ਧੜੇ ਆਪਸ ਵਿੱਚ ਉਲਝੇ ਹੋਏ ਹਨ।

ਇਸ ਪੱਤਰਕਾਰ ਨੇ ਮਾਲਵਾ ਖ਼ਿੱਤੇ ਦੇ ਗਿਆਰਾਂ ਜ਼ਿਲ੍ਹਿਆਂ ਦੀਆਂ ਕਰੀਬ 70 ਟਰੱਕ ਯੂਨੀਅਨਾਂ ਦੇ 'ਲੋਕ ਰਾਜ' ਦਾ ਮੁਲਾਂਕਣ ਕੀਤਾ, ਜਿਸ ਤੋਂ ਅਹਿਮ ਤੱਥ ਉਭਰੇ ਹਨ। ਪੰਜਾਬ ਵਿੱਚ ਕਰੀਬ 134 ਟਰੱਕ ਯੂਨੀਅਨਾਂ ਹਨ, ਜਿਨ੍ਹਾਂ ਵਿੱਚ ਕਰੀਬ 93 ਹਜ਼ਾਰ ਟਰੱਕ ਹਨ। ਇਨ੍ਹਾਂ ਯੂਨੀਅਨਾਂ ਵੱਲੋਂ ਇਕੱਲੀ ਜਿਣਸ ਦੀ ਢੋਆ-ਢੁਆਈ ਵਿੱਚ ਕਰੀਬ ਇਕ ਹਜ਼ਾਰ ਕਰੋੜ ਦਾ ਕਾਰੋਬਾਰ ਕੀਤਾ ਜਾਂਦਾ ਹੈ। ਨਵੀਂ ਹਕੂਮਤ ਨੇ ਕਰੀਬ 50 ਫੀਸਦੀ ਟਰੱਕ ਯੂਨੀਅਨਾਂ ਦੇ ਅਜਿਹੇ ਨਵੇਂ ਪ੍ਰਧਾਨ ਜਾਂ ਕਮੇਟੀ ਮੈਂਬਰ ਥਾਪੇ ਹਨ, ਜਿਨ੍ਹਾਂ ਕੋਲ ਨਾ ਕੋਈ ਟਰੱਕ ਹੈ ਅਤੇ ਨਾ ਕੋਈ ਟਾਇਰ ਹੈ। ਘੋਖ ਅਨੁਸਾਰ ਮੁਕਤਸਰ, ਮਲੋਟ, ਕਿੱਲਿਆਂਵਾਲੀ ਅਤੇ ਗਿੱਦੜਬਾਹਾ ਟਰੱਕ ਯੂਨੀਅਨਾਂ ਦੇ ਕਿਸੇ ਵੀ ਪ੍ਰਧਾਨ ਕੋਲ ਕੋਈ ਟਰੱਕ ਨਹੀਂ ਹੈ, ਜਦੋਂ ਕਿ ਉਹ ਅਗਵਾਈ ਟਰੱਕਾਂ ਵਾਲਿਆਂ ਦੀ ਕਰਨਗੇ। ਗਿੱਦੜਬਾਹਾ ਵਿੱਚ ਦੋ ਪ੍ਰਧਾਨ ਥਾਪੇ ਗਏ ਪਰ ਦੋਵਾਂ ਕੋਲ ਹੀ ਟਰੱਕ ਨਹੀਂ ਹਨ। ਮਹਿਲ ਕਲਾਂ ਟਰੱਕ ਯੂਨੀਅਨ ਦੀ ਸਰਪ੍ਰਸਤ ਸਾਬਕਾ ਕਾਂਗਰਸੀ ਵਿਧਾਇਕ ਬੀਬੀ ਹਰਚੰਦ ਕੌਰ ਖ਼ੁਦ ਬਣ ਗਈ ਹੈ, ਜਦੋਂ ਕਿ ਉਨ੍ਹਾਂ ਦੇ ਪਤੀ ਸੰਤ ਸਿੰਘ ਟਰੱਕ ਯੂਨੀਅਨ ਦੇ ਪ੍ਰਧਾਨ ਬਣ ਗਏ ਹਨ। ਬੀਬੀ ਹਰਚੰਦ ਕੌਰ ਦਾ ਕਹਿਣਾ ਹੈ ਕਿ ਯੂਨੀਅਨ ਸਰਬਸੰਮਤੀ ਨਾਲ ਬਣੀ ਹੈ। ਉਨ੍ਹਾਂ ਨੂੰ ਅਪਰੇਟਰਾਂ ਨੇ ਸਰਬਸੰਮਤੀ ਨਾਲ ਇਹ ਜ਼ਿੰਮੇਵਾਰੀ ਦਿੱਤੀ ਹੈ, ਜਦੋਂ ਕਿ ਉਨ੍ਹਾਂ ਦੀ ਕੋਈ ਇੱਛਾ ਨਹੀਂ ਸੀ।

ਟਰੱਕ ਯੂਨੀਅਨ, ਤਪਾ ਵਿੱਚ ਚਾਰ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਦਾ ਮੋਹਰੀ ਮੈਂਬਰ ਵਿੱਕੀ ਬਰਾੜ (ਫ਼ਰੀਦਕੋਟ) ਨੂੰ ਬਣਾਇਆ ਗਿਆ ਹੈ, ਜੋ ਸਾਬਕਾ ਵਿਧਾਇਕ ਜੋਗਿੰਦਰ ਸਿੰਘ ਪੰਜਗਰਾਈਂ ਦੇ ਪੀ.ਏ ਵਜੋਂ ਵਿਚਰਦਾ ਹੈ। ਉਸ ਸਮੇਤ ਦੋ ਹੋਰ ਮੈਂਬਰਾਂ ਕੋਲ ਕੋਈ ਟਰੱਕ ਨਹੀਂ ਹੈ। ਫ਼ਿਰੋਜ਼ਪੁਰ, ਮੱਲਾਂਵਾਲਾ ਤੇ ਫਾਜ਼ਿਲਕਾ ਟਰੱਕ ਯੂਨੀਅਨ ਦੇ ਨਵੇਂ ਪ੍ਰਧਾਨਾਂ ਕੋਲ ਵੀ ਕੋਈ ਟਰੱਕ ਨਹੀਂ ਹੈ। ਜਲਾਲਾਬਾਦ ਯੂਨੀਅਨ ਦੇ ਦੋ ਪ੍ਰਧਾਨ ਹਨ, ਜਿਨ੍ਹਾਂ ਕੋਲ ਟਰੱਕ ਨਹੀਂ ਹਨ। ਰਾਮਾਂ ਮੰਡੀ ਯੂਨੀਅਨ ਦੀ ਚਾਰ ਮੈਂਬਰੀ ਕਮੇਟੀ ਵਿੱਚੋਂ ਸਿਰਫ਼ ਇਕ ਮੈਂਬਰ ਕੋਲ ਆਪਣੇ ਟਰੱਕ ਹਨ। ਤਲਵੰਡੀ ਸਾਬੋ ਯੂਨੀਅਨ ਦੇ ਪੰਜ ਮੈਂਬਰਾਂ ਵਿੱਚੋਂ ਦੋ ਕੋਲ ਅਤੇ ਭੁੱਚੋ ਮੰਡੀ ਯੂਨੀਅਨ ਦੇ ਪੰਜ ਨਵੇਂ ਮੈਂਬਰਾਂ ਵਿਚੋਂ ਸਿਰਫ਼ ਇਕ ਕੋਲ ਟਰੱਕ ਹੈ। ਬਾਜਾਖਾਨਾ, ਨਿਹਾਲ ਸਿੰਘ ਵਾਲਾ ਅਤੇ ਅਜਿੱਤਵਾਲ ਦੀ ਯੂਨੀਅਨ ਦੇ ਪ੍ਰਧਾਨ ਬਿਨਾਂ ਟਰੱਕਾਂ ਤੋਂ ਬਣੇ ਹਨ। ਮਾਨਸਾ ਤੇ ਭੀਖੀ ਯੂਨੀਅਨ ਲਈ ਕਾਂਗਰਸ ਦੇ ਦੋ ਧੜੇ ਆਪਸ ਵਿੱਚ ਉਲਝੇ ਪਏ ਹਨ। ਲਹਿਰਾਗਾਗਾ ਯੂਨੀਅਨ ਦੀ ਕੁਰਸੀ ਤੋਂ ਕਾਫ਼ੀ ਕਲੇਸ਼ ਪਿਆ ਹੈ ਅਤੇ ਹੁਣ ਸਰਬਸੰਮਤੀ ਨਾਲ ਦੋ ਮਹੀਨੇ ਮਗਰੋਂ ਸ਼ਰਾਬ ਦੇ ਇਕ ਠੇਕੇਦਾਰ ਨੂੰ ਪ੍ਰਧਾਨਗੀ ਮਿਲਣੀ ਹੈ। ਅਮਰਗੜ੍ਹ ਯੂਨੀਅਨ ਦੇ ਪ੍ਰਧਾਨ ਨੇ ਹੁਣ ਟਰੱਕ ਲਿਆ ਹੈ। ਬਨੂੜ ਤੇ ਨਾਭਾ ਦੀ ਟਰੱਕ ਯੂਨੀਅਨ ਦੇ ਪ੍ਰਧਾਨ ਵੀ ਖ਼ੁਦ ਟਰੱਕ ਮਾਲਕ ਨਹੀਂ ਹਨ। ਮੋਗਾ, ਸੰਗਰੂਰ, ਪਟਿਆਲਾ, ਕੋਟਕਪੂਰਾ, ਸ਼ੇਰਪੁਰ, ਜਗਰਾਓਂ ਆਦਿ ਉਤੇ ਹਾਲੇ ਪੁਰਾਣੇ ਅਕਾਲੀ ਪ੍ਰਧਾਨ ਹੀ ਕਾਬਜ਼ ਹਨ। ਬਠਿੰਡਾ, ਰਾਮਪੁਰਾ, ਭਗਤਾ ਅਤੇ ਗੋਨਿਆਣਾ ਯੂਨੀਅਨ 'ਤੇ ਰਾਤੋ-ਰਾਤ ਕਾਂਗਰਸੀ ਕਾਬਜ਼ ਹੋਏ ਹਨ। ਪਹਿਲਾਂ ਅਕਾਲੀ ਆਗੂਆਂ ਨੇ ਏਦਾਂ ਹੀ ਕਬਜ਼ੇ ਜਮਾਏ ਹੋਏ ਸਨ। 'ਆਪ' ਦੇ ਬੁਲਾਰੇ ਕੁਲਤਾਰ ਸਿੰਘ ਸੰਧਵਾਂ ਦਾ ਕਹਿਣਾ ਹੈ ਕਿ ਕਾਂਗਰਸੀ ਲੀਡਰਾਂ ਨੇ ਟਰੱਕ ਯੂਨੀਅਨਾਂ ਉਤੇ ਕਬਜ਼ੇ ਲਈ ਖ਼ੂਨ-ਖ਼ਰਾਬਾ ਕੀਤਾ ਹੈ, ਜਿਸ ਤੋਂ ਲੀਡਰਾਂ ਦੀ 'ਲੁੱਟ ਨੀਤੀ' ਸਾਫ਼ ਹੁੰਦੀ ਹੈ ਅਤੇ ਘਾਣ ਆਮ ਅਪਰੇਟਰਾਂ ਦਾ ਹੋਣਾ ਹੈ।

**ਸਿਆਸੀ ਦਖ਼ਲ ਬੰਦ ਕਰਨ ਦੀ ਗੁਹਾਰ :**
ਆਲ ਪੰਜਾਬ ਟਰੱਕ ਅਪਰੇਟਰਜ਼ ਯੂਨੀਅਨ ਦੇ ਪ੍ਰਧਾਨ ਹੈਪੀ ਸੰਧੂ ਅਤੇ ਜਨਰਲ ਸਕੱਤਰ ਟਹਿਲ ਸਿੰਘ ਬੁੱਟਰ ਦਾ ਕਹਿਣਾ ਹੈ ਕਿ ਟਰੱਕ ਯੂਨੀਅਨਾਂ ਵਿੱਚ ਸਿਆਸੀ ਦਖ਼ਲ ਬਿਲਕੁਲ ਬੰਦ ਹੋਵੇ ਅਤੇ ਹਰ ਵਰ੍ਹੇ ਅਪਰੇਟਰਾਂ ਦੀ ਚੋਣ ਹੋਵੇ। ਉਨ੍ਹਾਂ ਆਖਿਆ ਕਿ ਢੋਆ-ਢੁਆਈ ਦੇ ਟੈਂਡਰ ਯੂਨੀਅਨਾਂ ਦੇ ਨਾਮ ਉਤੇ ਪੈਣੇ ਚਾਹੀਦੇ ਹਨ ਤਾਂ ਹੀ ਅਪਰੇਟਰਾਂ ਦਾ ਭਲਾ ਹੋਵੇਗਾ। ਸਿਆਸੀ ਪ੍ਰਧਾਨ ਆਪਣੇ ਨਾਮ 'ਤੇ ਟੈਂਡਰ ਪਾ ਕੇ ਲਾਹਾ ਖੱਟਦੇ ਹਨ।

## ਅੰਮ੍ਰਿਤਸਰ ਵਿੱਚ ਅਕਾਲੀ-ਕਾਂਗਰਸੀ ਟਰਾਂਸਪੋਰਟਰ ਕਰਿੰਦਿਆਂ ਦੀ ਗੁੰਡਾਗਰਦੀ

- **ਕਾਹਲੋਂ ਤੇ ਡਿੰਪਾ ਦੇ ਬੱਸ ਅਮਲੇ ਵਿਚਾਲੇ ਝੜਪ**
- **ਗੋਲੀਆਂ ਚੱਲਣ ਨਾਲ ਅੱਧੀ ਦਰਜ਼ਨ ਜ਼ਖ਼ਮੀ; ਕਈ ਵਾਹਨਾਂ ਦੀ ਭੰਨ ਤੋੜ**
- **ਜਲੰਧਰ ਵਿੱਚ ਵੀ ਕਾਹਲੋਂ ਦੀ ਕੰਪਨੀ ਦੇ ਮੁਲਾਜ਼ਮ ਦੀ ਕੁੱਟਮਾਰ**



ਅੰਮ੍ਰਿਤਸਰ ਵਿੱਚ ਭੰਨੀਆਂ ਬੱਸਾਂ ਦਾ ਜਾਇਜ਼ਾ ਲੈ ਰਹੀ ਪੁਲੀਸ।

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਅਕਾਲੀ ਦਲ ਤੇ ਕਾਂਗਰਸੀ ਆਗੂਆਂ ਵਿਚ ਨਿੱਤ ਦਿਨ ਹੋ ਰਹੇ ਲੜਾਈ ਝਗੜਿਆਂ ਦੇ ਚਲਦਿਆਂ ਅੰਮ੍ਰਿਤਸਰ ਦਾ ਬੱਸ ਅੱਡਾ ਵੀ ਉਸ ਵੇਲੇ ਜੰਗ ਦਾ ਮੈਦਾਨ ਬਣ ਗਿਆ, ਜਦੋਂ ਅਕਾਲੀ ਦਲ ਤੇ ਕਾਂਗਰਸੀ ਸਮਰਥਕਾਂ ਦੀਆਂ 2 ਨਿੱਜੀ ਟਰਾਂਸਪੋਰਟ ਕੰਪਨੀਆਂ ਦੇ ਕਰਿੰਦੇ ਬੱਸਾਂ ਦਾ ਸਮਾਂ ਚੁੱਕਣ ਤੋਂ ਆਪਸ ਵਿਚ ਭਿੜ ਗਏ ਜਿਨ੍ਹਾਂ ਵੱਲੋਂ ਗੁੰਡਾਗਰਦੀ ਦਾ ਨੰਗਾ ਨਾਚ ਕਰਦਿਆਂ ਸ਼ਰ੍ਹੇਆਮ ਗੋਲੀਆਂ ਚਲਾਈਆਂ ਤੇ ਹੋਰ ਰਵਾਇਤੀ ਹਥਿਆਰਾਂ ਦੀ ਵਰਤੋਂ ਵੀ ਖੁੱਲ੍ਹੇਆਮ ਕੀਤੀ। ਇਸ ਖ਼ੂਨੀ ਝੜਪ ਵਿਚ ਅੱਧੀ ਦਰਜਨ ਤੋਂ ਵਧੇਰੇ ਬੰਦੇ ਜ਼ਖ਼ਮੀ ਹੋ ਗਏ ਅਤੇ 4 ਵੱਡੀਆਂ ਬੱਸਾਂ ਸਣੇ 5 ਵਾਹਨਾਂ ਦੀ ਵੀ ਭੰਨਤੋੜ ਕੀਤੀ। ਪੁਲੀਸ ਵੱਲੋਂ ਮੌਕੇ 'ਤੇ ਪੁੱਜ ਕੇ ਜਿੱਥੇ ਸਥਿਤੀ ਨੂੰ ਕਾਬੂ ਹੇਠ ਕੀਤਾ ਗਿਆ, ਉਥੇ ਜ਼ਖ਼ਮੀਆਂ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ ਅਤੇ ਪਰਚਾ ਦਰਜ ਕਰਨ ਦੀ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਉਕਤ ਲੜਾਈ ਵਿਚ ਜਖ਼ਮੀ ਹੋਏ ਪਿਆਰ ਬੱਸ ਕੰਪਨੀ ਦੇ ਅੱਡਾ ਇੰਚਾਰਜ ਜਗੀਰ ਵਾਸੀ ਪਿੰਡ ਛੱਜਲਵੱਡੀ ਨੇ ਦੱਸਿਆ ਕਿ ਉਨ੍ਹਾਂ ਦੀ ਬੱਸ ਸਵਾਰੀਆਂ ਲੈ ਕੇ ਬੱਸ ਅੱਡੇ ਵੱਲੋਂ ਸੰਗਮ ਸਿਨੇਮਾ ਵੱਲ ਖੜ੍ਹੀ ਸੀ ਜਦੋਂ ਕਿ ਦੂਜੀ ਧਿਰ ਦੇ 60 ਤੋਂ ਵਧੇਰੇ ਹਮਲਾਵਰ ਵਿਅਕਤੀ ਬੱਸ ਅੱਡੇ ਦੇ ਅੰਦਰ ਦਾਖਲ ਹੋਏ ਤੇ ਉਨ੍ਹਾਂ ਦੀਆਂ ਬੱਸਾਂ ਦੀ ਭੰਨਤੋੜ ਕਰਨੀ ਸ਼ੁਰੂ ਕਰ ਦਿੱਤੀ। ਇਸ ਨਾਲ ਪਿਆਰ ਬੱਸ ਸਰਵਿਸ ਦੀਆਂ 3 ਬੱਸਾਂ ਤੇ ਇਕ ਬਲੈਰੋ ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਉਹ ਆਪਣੀ ਜਾਨ ਬਚਾਉਣ ਲਈ ਬੱਸ ਅੱਡੇ ਦੇ ਅੰਦਰ ਭੱਜਿਆ ਤਾਂ ਦੂਜੀ ਨਿੱਜੀ ਬੱਸ ਕੰਪਨੀ ਦੇ ਕਰਿੰਦਿਆਂ ਨੇ ਉਨ੍ਹਾਂ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਦੂਜੀ ਧਿਰ ਵੱਲੋਂ ਗੋਲੀਆਂ ਚਲਾਈਆਂ ਗਈਆਂ ਤੇ ਹੋਰ ਰਵਾਇਤੀ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਇਸ ਵਿਚ ਉਨ੍ਹਾਂ ਦੇ ਇਕ ਹੋਰ ਸਾਥੀ ਗੁਰਪ੍ਰੀਤ ਸਿੰਘ ਵਾਸੀ ਪਿੰਡ ਕੋਟਲੀ ਜ਼ਿਲ੍ਹਾ ਗੁਰਦਾਸਪੁਰ ਦੇ ਗੋਲੀ ਵੀ ਲੱਗੀ ਤੇ ਇਕ ਧਰਮਿੰਦਰ ਸਿੰਘ ਵਾਸੀ ਪਿੰਡ ਟਪਿਆਲਾ ਨਾਮਕ ਵੀ ਜ਼ਖ਼ਮੀ ਹੋ ਗਿਆ ਜੋ ਇਕ ਇਸ ਵੇਲੇ ਹਸਪਤਾਲ ਵਿਚ ਜੇਰੇ ਇਲਾਜ਼ ਹਨ। ਉਨ੍ਹਾਂ ਦੋਸ਼ ਲਾਇਆ ਕਿ ਦੂਜੀ ਧਿਰ ਦੇ ਕੰਵਲਪ੍ਰੀਤ ਸਿੰਘ, ਮੱਖਣ ਸਿੰਘ ਦੀਪੂ, ਲਖਵਿੰਦਰ ਸਿੰਘ, ਸਾਬੀ ਆਦਿ ਵੱਲੋਂ ਉਕਤ ਕਥਿਤ ਹਮਲਾ ਕੀਤਾ ਗਿਆ ਸੀ।

ਇਸੇ ਦੌਰਾਨ ਦੂਜੀ ਧਿਰ ਬਾਬਾ ਬੁੱਢਾ ਸਾਹਿਬ ਬੱਸ ਟਰਾਂਸਪੋਰਟ ਦੇ ਅੱਡਾ ਇੰਚਾਰਜ ਕੰਵਲਪ੍ਰੀਤ ਸਿੰਘ ਨੇ ਦੱਸਿਆ ਕਿ ਦੂਜੀ ਧਿਰ ਦਾ ਅੱਡਾ ਇੰਚਾਰਜ ਜਗੀਰ ਸਿੰਘ ਕਥਿਤ ਤੌਰ 'ਤੇ ਉਸਨੂੰ ਪਿਛਲੇ ਕਾਫ਼ੀ ਸਮੇਂ ਤੋਂ ਦੇਖ ਲੈਣ ਦੀਆਂ ਧਮਕੀਆਂ ਦੇ ਰਿਹਾ ਸੀ ਕਿ ਹੁਣ ਉਨ੍ਹਾਂ ਦੀ ਸਰਕਾਰ ਆ ਗਈ ਹੈ। ਇਸੇ ਰੰਜਿਸ਼ ਅਧੀਨ ਹੀ ਅੱਜ ਦੂਜੀ ਧਿਰ ਨੇ ਝਗੜਾ ਸ਼ੁਰੂ ਕਰਦਿਆਂ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਜਿਸ ਕਾਰਨ ਉਨ੍ਹਾਂ ਦੇ ਜਗਜੀਤ ਸਿੰਘ ਵਾਸੀ ਪਿੰਡ ਝੱਜੀਆਂ ਫਤਿਹਗੜ੍ਹ ਚੂੜੀਆਂ ਜ਼ਿਲ੍ਹਾ ਗੁਰਦਾਸਪੁਰ ਦੇ ਸਿਰ ਵਿਚ ਗੰਭੀਰ ਸੱਟ ਲਗੀ ਹੈ ਅਤੇ ਇਸ ਤੋਂ ਇਲਾਵਾ ਮੱਖਣ ਸਿੰਘ ਵਾਸੀ ਘਣਸ਼ਾਮਪੁਰਾ ਤੇ ਜੱਸਾ ਸਿੰਘ ਤੇ ਜਗਤਾਰ ਸਿੰਘ ਵੀ ਜਖਮੀ ਹੋ ਗਏ ਹਨ, ਜੋ ਕਿ ਇਸ ਵੇਲੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਜੇਰੇ ਇਲਾਜ ਹਨ। ਉਨ੍ਹਾਂ ਦੋਸ਼ ਲਾਇਆ ਕਿ ਦੂਜੀ ਬੱਸ ਕੰਪਨੀ ਵੱਲੋਂ ਬਲੈਰੋ ਗੱਡੀ ਵਿਚ ਹਮਲਾਵਰਾਂ ਨੂੰ ਸੱਦਿਆ ਗਿਆ ਸੀ। ਇਹ ਵੀ ਦੱਸਣਯੋਗ ਹੈ ਕਿ ਉਕਤ ਦੋਵਾਂ ਬੱਸ ਕੰਪਨੀਆਂ ਦੇ ਮੁਲਾਜ਼ਮਾਂ ਵਿਚ ਹੋਈ ਖ਼ੂਨੀ ਝੜਪ ਨੂੰ ਦੇਖ ਕੇ ਬੱਸ ਅੱਡੇ ਦੇ ਯਾਤਰੂ ਇਸ ਕਦਰ ਸਹਿਮ ਗਏ ਕਿ ਪੁਲੀਸ ਕੋਲ ਕੋਈ ਵੀ ਬੋਲਣ ਨੂੰ ਤਿਆਰ ਨਹੀਂ ਸੀ। ਪੁਲੀਸ ਵੱਲੋਂ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਲੈ ਕੇ ਮਾਮਲੇ ਦੀ ਜਾਣਕਾਰੀ ਲਈ ਜਾ ਰਹੀ ਹੈ। ਪੁਲੀਸ ਵੱਲੋਂ ਨੁਕਸਾਨੇ ਵਾਹਨ ਆਪਣੇ ਕਬਜ਼ੇ ਵਿਚ ਲੈ ਲਏ ਗਏ ਹਨ ਅਤੇ ਜਖ਼ਮੀਆਂ ਨੂੰ ਹਸਪਤਾਲ ਇਲਾਜ ਲਈ ਭਰਤੀ ਕਰਵਾ ਦਿੱਤਾ ਗਿਆ ਹੈ। ਪੁਸ਼ਟੀ ਕਰਦਿਆਂ ਏ.ਸੀ.ਪੀ. ਪੂਰਬੀ ਸ. ਪ੍ਰਭਜੋਤ ਸਿੰਘ ਵਿਰਕ ਨੇ ਦੱਸਿਆ ਕਿ ਦੋਵਾਂ ਧਿਰਾਂ ਦੇ ਜ਼ਖ਼ਮੀਆਂ ਦੇ ਬਿਆਨ ਲੈਣ ਤੇ ਵਾਪਰੀ ਘਟਨਾ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਜਿਸ ਸਬੰਧੀ ਪਰਚਾ ਦਰਜ ਕੀਤਾ ਜਾ ਰਿਹਾ ਹੈ।

**ਦੋਵਾਂ ਧਿਰਾਂ ਨੇ ਇਕ ਦੂਸਰੇ 'ਤੇ ਹਮਲੇ ਦੇ ਦੋਸ਼ ਲਗਾਏ :**
ਸ਼ਹੀਦ ਮਦਨ ਲਾਲ ਢੀਂਗਰਾ ਬੱਸ ਅੱਡਾ ਵਿਖੇ 2 ਮਿੰਟ ਦਾ ਸਮਾਂ ਚੁੱਕਣ ਤੋਂ 2 ਨਿੱਜੀ ਬੱਸ ਕੰਪਨੀਆਂ ਦੇ ਕਰਿੰਦਿਆਂ ਵੱਲੋਂ ਕੀਤੀ ਗਈ ਗੁੰਡਾਗਰਦੀ ਸਬੰਧੀ ਦੋਹਾਂ ਧਿਰਾਂ ਵੱਲੋਂ ਇਕ ਦੂਜੇ 'ਤੇ ਦੋਸ਼ ਲਗਾਏ ਹਨ। ਯੂਥ ਅਕਾਲੀ ਦਲ ਦੇ ਮਾਝਾ ਜ਼ੋਨ ਦੇ ਪ੍ਰਧਾਨ ਅਤੇ ਬਾਬਾ ਬੁੱਢਾ ਸਾਹਿਬ ਬੱਸ ਸਰਵਿਸ ਕੰਪਨੀ ਦੇ ਮਾਲਕ ਸ. ਰਵੀਕਰਨ ਸਿੰਘ ਕਾਹਲੋਂ ਨੇ ਦੋਸ਼ ਲਗਾਇਆ ਕਿ ਕਾਂਗਰਸ ਸਰਕਾਰ ਬਣਨ ਉਪਰੰਤ ਹੀ ਉਨ੍ਹਾਂ

ਬਾਕੀ ਸਫ਼ਾ 28 'ਤੇ

# ਸੁਨੀਲ ਜਾਖੜ ਨੂੰ ਪ੍ਰਧਾਨ ਬਣਾਏ ਜਾਣ ਦਾ ਸਵਾਗਤ

## ਇੰਡੀਅਨ ਨੈਸ਼ਨਲ ਉਵਰਸੀਜ਼ ਕਾਂਗਰਸ ਵਲੋਂ ਪਾਰਟੀ ਹਾਈਕਮਾਂਡ ਦਾ ਧੰਨਵਾਦ

***ਸੁਨੀਲ ਜਾਖੜ ਪਾਰਟੀ ਨੂੰ ਸੁਚੱਜੀ ਅਗਵਾਈ ਦੇ ਕੇ ਪਾਰਟੀ ਨੂੰ ਹੋਰ ਬੁਲੰਦੀਆਂ ਤੇ ਲੈ ਜਾਣਗੇ-ਮਹਿੰਦਰ ਸਿੰਘ ਗਿਲਜ਼ੀਆਂ***



**ਨਿਊਯਾਰਕ/ਬਿਊਰੋ ਨਿਊਜ਼:**
ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਸੁਨੀਲ ਜਾਖੜ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਏ ਜਾਣ ਉੱਤੇ ਭਰਵੀਂ ਖ਼ੁਸ਼ੀ ਜਾਹਿਰ ਕਰਦਿਆਂ ਇੱਥੇ ਦੇ ਕਾਂਗਰਸੀਆਂ ਇਸ ਨਿਯੁਕਤੀ ਦਾ ਭਰਵਾਂ ਸੁਆਗਤ ਕੀਤਾਂ ਹੈ। ਇਸ ਸਬੰਧ ਵਿੱਚ ਇੰਡੀਅਨ ਨੈਸ਼ਨਲ ਉਵਰਸੀਜ਼ ਕਾਂਗਰਸ ਯੂ ਐਸ ਏ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਦੀ ਅਗਵਾਈ ਵਿਚ ਪੰਜਾਬ ਚੈਪਟਰ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਮਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ ਕਿ ਸਾਨੂੰ ਹਾਈ ਕਮਾਡ ਦੇ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਪੰਜਾਬ ਕਾਂਗਰਸ ਦੀ ਕਮਾਡ ਸੁਨੀਲ ਜਾਖੜ ਵਰਗੇ ਨਿਪੁੰਨ ਆਗੂ ਨੂੰ ਸੌਂਪੀ ਹੈ. ਸੁਨੀਲ ਜਾਖੜ ਖਾਨਦਾਨੀ ਕਾਂਗਰਸੀ ਹਨ ਅਗਾਹਵਧੂ ਸੋਚ ਰੱਖਦੇ ਹਨ ਅਤੇ ਧੜੇਬੰਦੀ ਤੋਂ ਉਪਰ ਉਠ ਕੇ ਸਭ ਨੂੰ ਨਾਲ ਲੈ ਕੇ ਚਲਦੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਕਾਂਗਰਸ ਅਗਵਾਈ ਕਰਕੇ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਲਾਸਾਨੀ ਜਿੱਤ ਦਿਵਾਈ ਹੈ। ਹੁਣ ਸੁਨੀਲ ਜਾਖੜ ਪੰਜਾਬ ਕਾਂਗਰਸ ਨੂੰ ਸੁਚੱਜੀ ਅਗਵਾਈ ਦੇ ਕੇ ਕੈਪਟਨ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਵਿਚ ਪਾਰਟੀ ਨੂੰ ਹੋਰ ਵੀ ਬੁਲੰਦੀਆਂ ਤੇ ਲੈ ਜਾਣਗੇ।

ਇਸ ਵਿਸ਼ੇਸ਼ ਮੀਟਿੰਗ 'ਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਸੁਨੀਲ ਜਾਖੜ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਬਣਨ ਤੇ ਹਾਰਦਿਕ ਵਧਾਈ ਦਿੱਤੀ ਗਈ ਅਤੇ ਹਾਈ ਕਮਾਡ ਦਾ ਧੰਨਵਾਦ ਕੀਤਾ . ਮੀਟਿੰਗ ਵਿਚ ਹੋਰਨਾਂ ਬੁਲਾਰਿਆਂ ਨੇ ਵੀ ਸੰਬੋਧਨ ਕੀਤਾ ਜਿਨ੍ਹਾਂ ਵਿਚ ਨੈਸ਼ਨਲ ਚੇਅਰਮੈਨ ਜਾਰਜ ਇਬਰਾਹੀਮ, ਪੰਜਾਬ ਚੈਪਟਰ ਦੇ ਪ੍ਰਧਾਨ ਜਸਵੀਰ ਸਿੰਘ ਨਵਾਂ ਸ਼ਹਿਰ ਨੈਸ਼ਨਲ ਜਨਰਲ ਸਕੱਤਰ ਸਰਬਜੀਤ ਸਿੰਘ ਐਡਵੋਕੇਟ ਪੰਜਾਬ ਚੈਪਟਰ ਦੇ ਜਨਰਲ ਸਕੱਤਰ ਕੁਲਬੀਰ ਸਿੰਘ ਪ੍ਰੇਮਪੁਰ, ਨੈਸ਼ਨਲ ਐਗਜ਼ੈਕਟਿਵ ਮੈਂਬਰ ਗਰੀਸ਼ ਵੈਦਿਆ ਸਿੰਗਾਰਾ ਸਿੰਘ ਰਾਣਾ ਸੀਨੀਅਰ ਮੀਤ ਪ੍ਰਧਾਨ ਪੰਜਾਬ ਚੈਪਟਰ ਸ਼ਾਮਲ ਸਨ. ਅਖ਼ੀਰ ਵਿਚ ਸੁਨੀਲ ਜਾਖੜ ਦੇ ਪ੍ਰਧਾਨ ਬਣਨ ਦੀ ਖ਼ੁਸ਼ੀ ਵਿਚ ਲੱਡੂ ਵੰਡੇ ਗਏ।

## ਕੈਲੀਫੋਰਨੀਆ 'ਚ ਕਮਿਊਨਿਸਟਾਂ ਦੇ ਸਰਕਾਰੀ ਨੌਕਰੀਆਂ ਕਰਨ 'ਤੇ ਹਟੇਗੀ ਪਾਬੰਦੀ

**ਸੈਕਰਾਮੈਂਟੋ/ਬਿਊਰੋ ਨਿਊਜ਼ :**
ਕੈਲੀਫੋਰਨੀਆ ਦੀਆਂ ਸਰਕਾਰੀ ਨੌਕਰੀਆਂ ਵਿਚ ਕਮਿਊਨਿਸਟਾਂ ਨੂੰ ਛੇਤੀ ਰਾਹਤ ਮਿਲਣ ਜਾ ਰਹੀ ਹੈ। ਸੂਬਾ ਅਸੈਂਬਲੀ ਨੇ ਬਿੱਲ ਪਾਸ ਕਰ ਕੇ ਕਮਿਊਨਿਸਟਾਂ ਦੇ ਸਰਕਾਰੀ ਨੌਕਰੀਆਂ ਕਰਨ 'ਤੇ ਲੱਗੀ ਪਾਬੰਦੀ ਨੂੰ ਹਟਾਉਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਹੁਣ ਇਹ ਬਿੱਲ ਸੈਨੇਟ ਕੋਲ ਜਾਏਗਾ। ਸਾਲ 1940 ਅਤੇ 1950 ਦੌਰਾਨ ਕਮਿਊਨਿਸਟਾਂ ਦੇ ਉਭਾਰ ਦੌਰਾਨ ਇਹ ਕਾਨੂੰਨ ਬਣਾਇਆ ਗਿਆ ਸੀ, ਕਿਉਂਕਿ ਉਸ ਸਮੇਂ ਖ਼ਦਸ਼ਾ ਸੀ ਕਿ ਕਮਿਊਨਿਸਟ ਅਮਰੀਕਾ ਵਿਚ ਘੁਸਪੈਠ ਕਰ ਕੇ ਸਰਕਾਰ ਦਾ ਤਖ਼ਤਾ ਪਲਟ ਦੇਣਗੇ। ਬਿੱਲ ਦੇ ਇੱਕ ਹਿੱਸੇ ਨੂੰ ਹਟਾਇਆ ਜਾ ਰਿਹਾ ਹੈ ਜਿਸ ਤਹਿਤ ਕਮਿਊਨਿਸਟ ਪਾਰਟੀ ਦਾ ਮੈਂਬਰ ਹੋਣ 'ਤੇ ਮੁਲਾਜ਼ਮਾਂ ਨੂੰ ਹਟਾਇਆ ਜਾ ਸਕਦਾ ਹੈ। ਉਂਜ ਸਰਕਾਰ ਵੱਲੋਂ ਜਬਰੀ ਜਾਂ ਹਿੰਸਾ ਨਾਲ ਤਖ਼ਤਾ ਪਲਟ ਕਰਨ ਵਾਲੇ ਜਥੇਬੰਦੀਆਂ ਦੇ ਮੈਂਬਰਾਂ ਨੂੰ ਮੁਲਾਜ਼ਮ ਹੋਣ 'ਤੇ ਅਜੇ ਵੀ ਹਟਾਇਆ ਜਾ ਸਕਦਾ ਹੈ। ਡੈਮੋਕਰੇਟ ਰੋਬ ਬੋਨਟਾ ਨੇ ਕਿਹਾ ਕਿ ਸੂਬਾਈ ਬਿੱਲ ਵਿਚ ਪੁਰਾਣੇ ਨੇਮਾਂ ਨੂੰ ਬਦਲਿਆ ਜਾ ਰਿਹਾ ਹੈ।

# HYDERABAD PAVILION

# VEGETABLES

## FRESHLY MADE EVERYDAY!

**39030 Argonaut Way, Fremont, CA 94538**



BHINDI MASALA



PALAK PANEER



PANEER MAKHANI



MALAI KOFTA



DAL MAKHANI



ALOO GOBI

THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜ਼ਾਇਕਾ ਸਿਰਫ
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।



**ORDER AHEAD & PICKUP, CALL:**

**510.713.0183**

## ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਕੀਰਤਨ ਸਮਾਗਮ 22 ਮਈ ਤੋਂ 28 ਮਈ ਤੱਕ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇੱਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਅਤੇ ਸੰਗਤੀ ਮੈਂਬਰ ਵੱਲੋਂ ਰਲ ਮਿਲ ਕੇ ਸਾਂਝੇ ਤੌਰ ਵਿਸ਼ੇਸ਼ ਕੀਰਤਨ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ 22 ਮਈ ਸੋਮਵਾਰ ਤੋਂ ਲੈ ਕੇ 28 ਮਈ ਐਤਵਾਰ ਤੱਕ ਚਲਣਗੇ। ਇਨ੍ਹਾਂ ਸਮਾਗਮਾਂ ਵਿਚ ਵਿਸ਼ੇਸ਼ ਤੌਰ ਤੇ ਪੰਥ ਪ੍ਰਸਿੱਧ ਭਾਈ ਬਲਦੇਵ ਸਿੰਘ ਵਡਾਲਾ ਦਾ ਕੀਰਤਨੀ ਜਥਾ, ਭਾਈ ਮਾਹਲ ਸਿੰਘ ਚੰਡੀਗੜ੍ਹ ਵਾਲਿਆਂ ਦਾ ਕਵਿਸ਼ਰੀ ਜਥਾ ਪਹੁੰਚ ਰਿਹਾ ਹੈ। ਇਨ੍ਹਾਂ ਜਥਿਆਂ ਤੋਂ ਇਲਾਵਾ ਆਖੰਡ ਕੀਰਤਨੀ ਜਥੇ ਨਾਲ ਸਬੰਧਤ ਕੀਰਤਨੀ ਜਥੇ ਵੀ ਆਸਟਰੇਲੀਆ, ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚੋਂ ਪਹੁੰਚ ਰਹੇ ਹਨ। ਗੁਰੂ ਘਰ ਦੇ ਸੇਵਾਦਾਰਾਂ ਵਲੋਂ ਸ਼ਿਕਾਗੋ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਪ੍ਰਬੰਧਕਾਂ ਵੱਲੋਂ ਬੇਨਤੀ ਹੈ ਕਿ ਸਭ ਮਾਈ ਭਾਈ ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿਚ ਪਹੁੰਚ ਕੇ ਗੁਰਬਾਣੀ, ਕੀਰਤਨ ਕਥਾ ਅਤੇ ਕਵੀਸ਼ਰੀ ਵਾਰਾਂ ਦਾ ਆਨੰਦ ਲਉ ਜੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਇਹੋ ਜਿਹੇ ਵਿਸ਼ੇਸ਼ ਸਮਾਗਮ ਸੰਗਤਾਂ ਦੇ ਸਹਿਯੋਗ ਨਾਲ ਹੀ ਕੀਤੇ ਜਾਂਦੇ ਹਨ।

ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਕਵੀਸ਼ਰੀ ਜਥਾ 22 ਮਈ ਸੋਮਵਾਰ ਤੇ 23 ਮਈ ਮੰਗਲਵਾਰ ਤੱਕ ਹਾਜ਼ਰੀ ਭਰੇਗਾ। ਭਾਈ ਬਲਦੇਵ ਸਿੰਘ ਵਡਾਲਾ ਦਾ ਜਥਾ 22 ਮਈ ਸੋਮਵਾਰ ਤੋਂ 26 ਮਈ ਸ਼ੁਕਰਵਾਰ ਤੱਕ ਹਾਜ਼ਰੀ ਭਰੇਗਾ। ਆਖੰਡ ਕੀਰਤਨੀ ਜਥੇ ਵੱਲੋਂ ਜਿਹੜਾ ਰੈਣ ਸਬਾਈ ਕੀਰਤਨ ਕਰਵਾਇਆ ਜਾ ਰਿਹਾ ਹੈ, ਉਹ 25 ਮਈ ਵੀਰਵਾਰ ਤੇ 26 ਮਈ ਸ਼ੁਕਰਵਾਰ ਨੂੰ 7:30 ਵਜੇ ਤੋਂ 9:30 ਰਾਤ ਤੱਕ ਹੋਵੇਗਾ । 27 ਮਈ ਸ਼ਨਿਚਰਵਾਰ ਸ਼ਾਮ 7:00 ਵਜੇ ਤੋਂ ਲੈ ਕੇ 28 ਮਈ ਐਤਵਾਰ ਸਵੇਰੇ 6:00 ਵਜੇ ਤੱਕ ਚੱਲੇਗਾ। ਇਸ ਤੋਂ ਇਲਾਵਾ 27 ਮਈ ਸ਼ਨਿਚਰਵਾਰ ਸਵੇਰ ਨੂੰ ਵੀ ਆਖੰਡ ਕੀਰਤਨੀ ਜਥੇ ਵੱਲੋਂ ਆਸਾ ਜੀ ਦੀ ਵਾਰ ਕੀਰਤਨ ਕੀਤਾ ਜਾਏਗਾ। ਹੋਰ ਜਾਣਕਾਰੀ ਲਈ ਗੁਰੂ ਘਰ ਦੇ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਨਵੀਂ ਪ੍ਰਾਪਟੀ ਦੀ ਖਰੀਦ ਸਬੰਧੀ ਸੰਗਤ ਮੈਂਬਰਾਂ ਦਾ ਰਿਫੈਰੰਡਮ 28 ਮਈ ਐਤਵਾਰ ਨੂੰ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇੱਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੀਆਂ ਲੋੜਾਂ ਨੂੰ ਮੱਦੇਨਜ਼ਰ ਰਖਦਿਆਂ ਗੁਰੂ ਘਰ ਦੇ ਬਿਲਕੁਲ ਨਾਲ ਲਗਦੀ ਚਰਚ ਦੀ ਇਕ ਬਿਲਡਿੰਗ, ਜੋ 1050 ਨੌਰਥ ਡੀਅਰ ਐਵੇਨਿਊ ਤੇ ਸਥਿਤ ਹੈ, ਖਰੀਦੀ ਜਾ ਰਹੀ ਹੈ । ਇਸ ਪ੍ਰਾਪਟੀ ਦਾ ਸੌਦਾ 6 ਲੱਖ ਤੀਹ ਹਜ਼ਾਰ ਅਮਰੀਕਨ ਡਾਲਰ ਵਿਚ ਹੋਇਆ ਹੈ। ਇਸ ਪ੍ਰਾਪਟੀ ਨੂੰ ਲੈਣ ਵਾਸਤੇ ਸਿੱਖ ਰਿਲੀਜੀਅਸ ਸੁਸਾਇਟੀ ਦੇ ਮੈਂਬਰਾਂ (ਵੋਟਰਾਂ) ਦੀ ਮਨਜ਼ੂਰੀ ਲੈਣੀ ਜ਼ਰੂਰੀ ਹੈ। ਇਸ ਮਨਜ਼ੂਰੀ ਲੈਣ ਵਾਸਤੇ ਰਿਫੈਰੰਡਮ ਦਾ ਕਰਵਾਉਣਾ ਜ਼ਰੂਰੀ ਹੈ। ਪ੍ਰਬੰਧਕਾਂ ਵੱਲੋਂ ਰਿਫੈਰੰਡਮ ਦੀ ਤਰੀਕ 28 ਮਈ ਐਤਵਾਰ ਦਾ ਦਿਨ ਚੁਣਿਆ ਹੈ। ਪ੍ਰਬੰਧਕਾਂ ਵੱਲੋਂ ਇਹ ਦਸਿਆ ਗਿਆ ਹੈ ਕਿ ਇਸ ਰਿਫੈਰੰਡਮ ਵਿਚ ਉਹੀ ਸੰਗਤ ਮੈਂਬਰ ਵੋਟ ਪਾਉਣ ਦਾ ਹੱਕਦਾਰ ਹੋਏਗਾ ਜਿਸ ਨੇ 2016 ਵਿਚ ਗੁਰੂਘਰ ਦੀ ਮੈਂਬਰਸ਼ਿਪ ਲਈ ਹੋਈ ਹੋਵੇਗੀ। ਰਿਫੈਰੰਡਮ ਵਾਸਤੇ ਵੋਟਿੰਗ ਦਾ ਸਮਾਂ ਸਵੇਰੇ 8:00 ਵਜੇ ਤੋਂ ਸ਼ਾਮੀ 4:00 ਵਜੇ ਤੱਕ ਦਾ ਹੈ। ਜੇ ਕਰ ਸੰਗਤ ਦੀ ਬਹੁ ਗਿਣਤੀ ਇਸ ਪ੍ਰਾਪਟੀ ਨੂੰ ਲੈਣ ਵਾਸਤੇ ਆਪਣੀ ਵੋਟਿੰਗ ਰਾਹੀਂ ਮਨਜ਼ੂਰੀ ਦੇ ਦਿੰਦੀ ਹੈ। ਤਾਂ ਫਿਰ ਪ੍ਰਬੰਧਕਾਂ ਵੱਲੋਂ ਇਹ ਪ੍ਰਾਪਟੀ ਲੈ ਕੇ ਸੰਗਤਾਂ ਦੇ ਸੁਪਰਦ ਕਰ ਦਿੱਤੀ ਜਾਵੇਗੀ। ਇਸ ਥਾਂ ਵਿਚ ਗੁਰਮਤਿ ਸਕੂਲ, ਕੈਂਪ ਲਾਉਣ, ਰਿਹਾਇਸ਼ੀ ਕਮਰੇ,ਅਤੇ ਮੀਟਿੰਗ ਰੂਮ ਬਣਾ ਕੇ ਵਰਤੋਂ ਵਿਚ ਲਿਆਂਦੇ ਜਾ ਸਕਣਗੇ। ਇਸ ਪ੍ਰਾਪਟੀ ਪ੍ਰਤੀ ਕਿਸੇ ਤਰ੍ਹਾਂ ਦੀ ਜਾਣਕਾਰੀ ਲੈਣੀ ਹੋਵੇ ਤਾਂ ਗੁਰੂ ਘਰ ਦੇ ਨੰਬਰ 847-358-1117 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਕਾਲ ਤਖ਼ਤ ਦੇ ਉਤੋਤਿੜੀ ਬਦਲੇ ਹੈੱਡ ਗ੍ਰੰਥੀਆਂ ਦਾ ਮਾਮਲਾ ਚਰਚਾ ਵਿਚ



ਭਾਈ ਸੁਖਦੇਵ ਸਿੰਘ ਨੂੰ ਹੈੱਡ ਗ੍ਰੰਥੀ ਵਜੋਂ ਸੇਵਾ ਸੰਭਾਲ ਸਮੇਂ ਸਿਰੋਪਾਓ ਦੇਣ ਦੀ ਫਾਈਲ ਫੋਟੋ।

**ਅੰਮ੍ਰਿਤਸਰ/ਬਿਊਰੋ ਨਿਊਜ਼ :** ਹਾਲ ਹੀ ਵਿੱਚ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਵਜੋਂ ਗਿਆਨੀ ਸੁਖਦੇਵ ਸਿੰਘ ਨੂੰ ਸੇਵਾ ਸੌਂਪੀ ਗਈ ਸੀ ਅਤੇ ਹੁਣ ਉਨ੍ਹਾਂ ਦੀ ਥਾਂ ਗਿਆਨੀ ਮਲਕੀਤ ਸਿੰਘ ਨੂੰ ਬਤੌਰ ਹੈੱਡ ਗ੍ਰੰਥੀ ਸੇਵਾ ਸੌਂਪੀ ਗਈ ਹੈ। ਉਤੋੜਿੱਤੀ ਬਦਲੇ ਗਏ ਇਨ੍ਹਾਂ ਫ਼ੈਸਲਿਆਂ ਕਾਰਨ ਪੰਥਕ ਹਲਕਿਆਂ ਵਿੱਚ ਚਰਚਾ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਵਿਚਾਲੇ 'ਸਭ ਅੱਛਾ ਨਹੀਂ ਹੈ'।

ਬੀਤੀ 21 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਗਏ ਇੱਕ ਫ਼ੈਸਲੇ ਮੁਤਾਬਕ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਭਾਈ ਗੁਰਮੁਖ ਸਿੰਘ ਦਾ ਹਰਿਆਣਾ ਸਥਿਤ ਗੁਰਦੁਆਰਾ ਧਮਤਾਨ ਵਿਖੇ ਤਬਾਦਲਾ ਕਰ ਦਿੱਤਾ ਗਿਆ ਸੀ। ਅੰਤ੍ਰਿੰਗ ਕਮੇਟੀ ਵੱਲੋਂ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਵਜੋਂ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ (ਸ਼ਹੀਦਾਂ) ਦੇ ਗ੍ਰੰਥੀ ਭਾਈ ਮਲਕੀਤ ਸਿੰਘ ਨੂੰ ਭਾਈ ਗੁਰਮੁਖ ਸਿੰਘ ਦੀ ਥਾਂ 'ਤੇ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਪਰ 26 ਅਪ੍ਰੈਲ ਨੂੰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਭਾਈ ਸੁਖਦੇਵ ਸਿੰਘ ਨੂੰ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਵਜੋਂ ਸੇਵਾ ਸੌਂਪ ਦਿੱਤੀ ਗਈ।

ਹੁਣ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਗਏ ਫ਼ੈਸਲੇ ਨੂੰ ਲਾਗੂ ਕਰਦਿਆਂ ਭਾਈ ਮਲਕੀਤ ਸਿੰਘ ਨੂੰ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਵਜੋਂ ਨਿਯੁਕਤ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਸਮਾਗਮ ਵਿੱਚ ਭਾਈ ਮਲਕੀਤ ਸਿੰਘ ਨੂੰ ਬਤੌਰ ਹੈੱਡ ਗ੍ਰੰਥੀ ਸਿਰੋਪਾਓ ਦਿੱਤੇ ਗਏ ਹਨ ਅਤੇ ਉਨ੍ਹਾਂ ਆਪਣੇ ਅਹੁਦੇ ਦਾ ਕਾਰਜਭਾਰ ਸਾਂਭ ਲਿਆ ਹੈ।

ਚਰਚਾ ਹੈ ਕਿ ਅੰਤ੍ਰਿੰਗ ਕਮੇਟੀ ਵੱਲੋਂ ਇਸ ਸਬੰਧੀ ਕੀਤੇ ਗਏ ਫੈਸਲੇ ਤੋਂ ਅਕਾਲ ਤਖ਼ਤ ਦੇ ਜਥੇਦਾਰ ਨਾਖੁਸ਼ ਸਨ। ਇਸੇ ਲਈ ਉਨ੍ਹਾਂ ਇਸ ਅਹੁਦੇ ਵਾਸਤੇ ਸੁਖਦੇਵ ਸਿੰਘ ਦੀ ਨਿਯੁਕਤੀ ਲਈ ਕਥਿਤ ਦਬਾਅ ਬਣਾਇਆ ਅਤੇ ਇੱਕ ਸੰਖੇਪ ਸਮਾਗਮ ਵਿੱਚ ਉਨ੍ਹਾਂ ਨੂੰ ਇਸ ਅਹੁਦੇ ਦਾ ਕਾਰਜਭਾਰ ਵੀ ਸੌਂਪ ਦਿੱਤਾ। ਵੇਰਵਿਆਂ ਮੁਤਾਬਕ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕੀਤੇ ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਗੈਰਹਾਜ਼ਰ ਸਨ। ਹੁਣ ਜਦੋਂ ਸ਼੍ਰੋਮਣੀ ਕਮੇਟੀ ਵਲੋਂ ਮੁੜ ਇਸ ਅਹੁਦੇ 'ਤੇ ਭਾਈ ਮਲਕੀਤ ਸਿੰਘ ਦੀ ਨਿਯੁਕਤੀ ਕੀਤੀ ਗਈ ਹੈ ਤਾਂ ਇਸ ਸਮਾਗਮ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗੈਰਹਾਜ਼ਰ ਸਨ ਜਦੋਂਕਿ ਉਨ੍ਹਾਂ ਨੂੰ ਸ਼ਮੂਲੀਅਤ ਲਈ ਸੱਦਾ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਸੂਤਰਾਂ ਮੁਤਾਬਕ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਇਸ ਫ਼ੈਸਲੇ ਨਾਲ ਸਹਿਮਤ ਨਹੀਂ ਸਨ ਕਿ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਗਏ ਫ਼ੈਸਲੇ ਨੂੰ ਆਪਣੇ ਤੌਰ 'ਤੇ ਬਦਲ ਦਿੱਤਾ ਜਾਵੇ। ਇਸੇ ਲਈ ਬੀਤੇ ਦਿਨ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਭਾਈ ਸੁਖਦੇਵ ਸਿੰਘ ਦੀ ਨਿਯੁਕਤੀ ਦੇ ਫੈਸਲੇ 'ਤੇ ਮੋਹਰ ਨਹੀਂ ਲਾਈ ਗਈ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਅਤੇ ਪੀ.ਏ. ਸੁਖਦੇਵ ਸਿੰਘ ਭੂਰਾ ਕੋਹਨਾ ਨੇ ਆਖਿਆ ਕਿ ਭਾਈ ਮਲਕੀਤ ਸਿੰਘ ਦੀ ਗ਼ੈਰਹਾਜ਼ਰੀ ਵਿੱਚ ਭਾਈ ਸੁਖਦੇਵ ਸਿੰਘ ਦੀ ਨਿਯੁਕਤੀ ਕਾਰਜਕਾਰੀ ਹੈੱਡ ਗ੍ਰੰਥੀ ਵਜੋਂ ਕੀਤੀ ਗਈ ਸੀ। ਭਾਈ ਮਲਕੀਤ ਸਿੰਘ ਆਸਟਰੇਲੀਆ ਗਏ ਹੋਏ ਸਨ। ਉਹ ਪਰਤ ਆਏ ਹਨ ਅਤੇ ਹੁਣ ਉਨ੍ਹਾਂ ਦੀ ਅੰਤ੍ਰਿੰਗ ਕਮੇਟੀ ਦੇ ਫ਼ੈਸਲੇ ਮੁਤਾਬਕ ਨਿਯੁਕਤੀ ਕੀਤੀ ਗਈ ਹੈ। ਦੂਜੇ ਪਾਸੇ ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਕੱਤਰ ਸਤਿੰਦਰਪਾਲ ਸਿੰਘ ਨੇ ਆਖਿਆ ਕਿ ਭਾਈ ਮਲਕੀਤ ਸਿੰਘ ਦੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਵਜੋਂ ਨਿਯੁਕਤੀ ਆਪਸੀ ਸਹਿਮਤੀ ਨਾਲ ਹੋਈ ਹੈ ਅਤੇ ਇਸ ਪਿੱਛੇ ਹੋਰ ਕੋਈ ਕਾਰਨ ਨਹੀਂ ਹੈ।

# ਪ੍ਰਵਾਸੀ ਸਾਹਿਤਕਾਰ ਪ੍ਰਮਿੰਦਰ ਸਿੰਘ 'ਪ੍ਰਵਾਨਾ' ਹੋਏ ਸਕੂਲੀ ਵਿਦਿਆਰਥੀਆਂ ਨਾਲ ਰੂ ਬ ਰੂ

**ਐਸ ਏ ਐਸ ਨਗਰ/ਬਿਊਰੋ ਨਿਊਜ਼:** ਅਮਰੀਕਾ ਨਿਵਾਸੀ ਪੰਜਾਬੀ ਸਾਹਿਤਕਾਰ ਪ੍ਰਮਿੰਦਰ ਸਿੰਘ 'ਪ੍ਰਵਾਨਾ' ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ-3ਬੀ1, ਮੁਹਾਲੀ ਵਿਖੇ ਬਚਿਆਂ ਨਾਲ ਰੂ ਬ ਰੂ ਹੋਏ। ਉਨ੍ਹਾਂ ਨੇ ਆਪਣੇ ਜੀਵਨ ਦੇ ਤਜ਼ਰਬਿਆਂ ਸਾਂਝੇ ਕਰਦਿਆਂ ਦਸਿਆ ਕਿ ਪ੍ਰਾਇਮਰੀ ਸਕੂਲ ਦੀਆਂ ਬਾਲ ਸਭਾਵਾਂ ਤੋਂ ਪੈਦਾ ਹੋਏ ਪੰਜਾਬੀ ਮਾਂ ਬੋਲੀ ਦੇ ਮੋਹ ਨੇ ਉਨ੍ਹਾਂ ਨੂੰ ਸਾਹਿਤ ਨਾਲ ਜੋੜਿਆ ਹੈ। ਬਚਪਨ ਤੋਂ ਵੱਖ ਵੱਖ ਸਾਹਿਤਕ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਰਹਿਣ ਦੇ ਉਤਸ਼ਾਹ ਨਾਲ ਜੁੜੀਆਂ ਕਈ ਯਾਦਾਂ ਵੀ ਸਾਂਝੀਆਂ ਕੀਤੀਆਂ। ਉਨ੍ਹਾਂ ਦਾ ਕਹਿਣਾ ਸੀ ਕਿ ਸਭ ਤੋਂ ਵੱਡਾ ਸਾਹਿਤਕਾਰ ਉਹ ਵਿਧਾਤਾ ਹੈ ਜਿਸ ਨੇ ਹਰ ਜੀਵ ਜੰਤੂ ਦੀ ਮਹਾਰਨੀ ਪਹਿਲਾਂ ਤੋਂ ਹੀ ਲਿਖੀ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਅਧਿਆਪਕਾਂ ਅਤੇ ਮਾਪਿਆਂ ਨੂੰ ਅਜਿਹਾ ਸਾਹਿਤ ਪੜ੍ਹਨਾ ਅਤੇ ਪ੍ਰਚਾਰਨਾ ਚਾਹੀਦਾ ਹੈ ਜਿਸ ਤੋਂ ਬਚਿਆਂ ਦੇ ਪੋਸ਼ਣ ਦੀ ਸੇਧ ਮਿਲਦੀ ਹੈ। ਇਸ ਦੇ ਨਾਲ ਹੀ ਬਾਲ ਸਾਹਿਤ ਨੂੰ ਪ੍ਰਫੁੱਲਤ ਕਰਨ ਦੀ ਲੋੜ ਹੈ। ਸਕੂਲੀ ਬੱਚਾ ਜਦ ਕਿਸ਼ੋਰ ਅਵਸਥਾ ਵਿਚ ਹੁੰਦਾ ਹੈ ਤਾਂ ਉਸ ਵਿਚ ਕੁਝ ਕਰ ਗੁਜਰਨ ਦੀ ਲਾਲਸਾ ਪ੍ਰਬੱਲ ਹੁੰਦੀ ਹੈ। ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਰੁਜ਼ਗਾਰ ਦੀ ਚੋਣ ਅਤੇ ਉਸ ਲਈ ਤਿਆਰ ਹੋਣਾ ਵੀ। ਆਪਣੇ ਸਾਥੀਆਂ ਨਾਲ ਸਬੰਧ ਬਣਾਈ ਰੱਖਣਾ ਜਦ ਕਿ ਕੁਝ ਸ਼ਰਾਰਤੀ ਮਨ ਭਟਕ ਵੀ ਜਾਂਦੇ ਹਨ। ਸਕੂਲ ਵਿਚ ਭਾਵੇਂ ਉਹ ਵੱਖ ਵੱਖ ਰੁਜ਼ਗਾਰਾਂ ਲਈ ਤਿਆਰ ਹੋ ਰਹੇ ਹੋਣ ਪਰ ਉਨ੍ਹਾਂ ਨੂੰ ਅਜਿਹੇ ਤਰੀਕੇ ਨਾਲ ਜਥੇਬੰਦ ਹੋਣਾ ਚਾਹੀਦਾ ਹੈ ਕਿ ਉਹ ਸਮਾਜ ਦੀ ਉਨਤੀ ਲਈ ਕੰਮ ਕਰ ਰਹੇ ਹੋਣ ਕਿਉਂਕਿ ਸਮਾਜ ਦਾ ਉਜਵਲ ਭਵਿੱਖ ਉਹ ਹੀ ਬਣਾ ਸਕਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀਆਂ ਕਈ ਕਵਿਤਾਵਾਂ ਵੀ ਖੁੱਲ੍ਹੇ ਮਾਹੌਲ ਵਿਚ ਸੁਣਾਈਆਂ।



ਸਕੂਲ ਦੇ ਪ੍ਰਿੰਸੀਪਲ ਅਮਰਜੀਤ ਕੌਰ ਦੀ ਅਗਵਾਈ ਹੇਠ ਇਹ ਪ੍ਰੋਗਰਾਮ ਲਗਭਗ 2 ਘੰਟੇ ਚਲਿਆ। ਇਸ ਤੋਂ ਇਲਾਵਾ ਪੰਜਾਬੀ ਸਾਹਿਤਕਾਰ ਡਾ. ਗੁਰਦਰਪਾਲ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਸੁਨੀਲ ਬਹਿਲ ਲੈਕਚਰਾਰ ਹਿੰਦੀ ਨੇ 'ਪ੍ਰਵਾਨਾ' ਦੇ ਜੀਵਨ ਅਤੇ ਸਾਹਿਤ ਰਚਨਾ ਬਾਰੇ ਭਰਪੂਰ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਸਾਹਿਤ ਦੀ ਪ੍ਰੀਭਾਸ਼ਾ ਸਮਝਾਈ। ਇਸ ਤੋਂ ਇਲਾਵਾ ਸਕੂਲ ਦੇ ਅਧਿਆਪਕ ਪ੍ਰਦੀਪ ਕੁਮਾਰ, ਮਾਲਵਿੰਦਰ ਕੌਰ, ਕੁਲਦੀਪ ਕੌਰ, ਹਰਵਿੰਦਰ ਕੌਰ, ਪਰਮਜੀਤ ਕੌਰ, ਮਨਦੀਪ ਸ਼ੁਕਲਾ, ਸੁਖਬੀਰ ਕੌਰ, ਜਗਦੀਸ਼ ਸਿੰਘ ਸੋਹਲ ਨੇ ਵੀ ਸ੍ਰੀ 'ਪ੍ਰਵਾਨਾ' ਨਾਲ ਪ੍ਰਵਾਸੀ ਸਾਹਿਤ, ਅਮਰੀਕਾ 'ਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਕਰਵਾਏ ਜਾਂਦੇ ਪ੍ਰੋਗਰਾਮਾਂ ਅਤੇ ਵਿਦੇਸ਼ਾਂ ਵਿਚ ਲੇਖਨ ਕਾਰਜ ਸਬੰਧੀ ਦਰਪੇਸ਼ ਆ ਰਹੀਆਂ ਸਮਸਿਆਵਾਂ ਸਬੰਧੀ ਚਰਚਾ ਕੀਤੀ। 'ਪ੍ਰਵਾਨਾ' ਨੇ ਇਸ ਦੇ ਜੁਆਬ ਬੜੇ ਠਰੰਮੇ ਨਾਲ ਦਿੱਤੇ।

ਅੰਤ ਵਿਚ ਸਕੂਲ ਪ੍ਰਬੰਧਕਾਂ ਵੱਲੋਂ ਦੁਪਹਿਰ ਦੇ ਖਾਣੇ ਦੇ ਨਾਲ ਨਾਲ 'ਪ੍ਰਵਾਨਾ' ਦਾ ਸਨਮਾਨ ਵੀ ਕੀਤਾ ਗਿਆ।

# ਆਇਰਲੈਂਡ ਕ੍ਰਿਕਟ ਟੀਮ 'ਚ ਥਾਂ ਬਣਾਉਣ ਵਾਲਾ ਸਿਮਰਨਜੀਤ ਸਿੰਮੀ ਪਹਿਲਾ ਭਾਰਤੀ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :** ਮੁਹਾਲੀ ਜ਼ਿਲ੍ਹੇ ਦੇ ਪਿੰਡ ਬਠਲਾਣਾ ਦਾ ਜੰਮਪਲ ਸਿਮਰਨਜੀਤ ਸਿੰਘ ਸਿੰਮੀ ਆਇਰਲੈਂਡ ਦੀ ਕ੍ਰਿਕਟ ਟੀਮ ਵਿੱਚ ਆਪਣੇ ਖੇਡ ਕੌਸ਼ਲ ਦੇ ਜੌਹਰ ਦਿਖਾਉਣ ਜਾ ਰਿਹਾ ਹੈ। ਉਸ ਦੀ ਚੋਣ ਆਇਰਲੈਂਡ ਵਿੱਚ 12 ਮਈ ਤੋਂ ਸ਼ੁਰੂ ਹੋ ਰਹੀ ਤਿਕੋਣੀ ਲੜੀ ਲਈ ਹੋਈ ਹੈ। ਇਸ ਲੜੀ ਵਿੱਚ ਆਇਰਲੈਂਡ, ਤੋਂ ਇਲਾਵਾ ਬੰਗਲਾਦੇਸ਼ ਤੇ ਨਿਊਜ਼ੀਲੈਂਡ ਦੀਆਂ ਕ੍ਰਿਕਟ ਟੀਮਾਂ ਭਾਗ ਲੈ ਰਹੀਆਂ ਹਨ। ਆਇਰਲੈਂਡ ਦੀ ਟੀਮ ਵਿੱਚ ਜਗ੍ਹਾ ਬਣਾਉਣ ਵਾਲਾ ਸਿੰਮੀ ਪਹਿਲਾ ਭਾਰਤੀ ਖਿਡਾਰੀ ਹੈ। ਸੰਨ 2006 ਵਿੱਚ ਆਇਰਲੈਂਡ ਪੜ੍ਹਾਈ ਕਰਨ ਗਿਆ ਸਿੰਮੀ 12 ਸਾਲਾਂ ਦੀ ਉਮਰ ਤੋਂ ਹੀ ਕ੍ਰਿਕਟ ਖੇਡ ਰਿਹਾ ਹੈ। ਸਕੂਲ ਵਿਚ ਪੜ੍ਹਦਿਆਂ ਜੂਨੀਅਰ ਵਰਗ ਵਿਚ ਉਹ ਨਾਮਵਰ ਖ਼ਿਡਾਰੀ ਰਹਿ ਚੁੱਕਾ ਹੈ। ਉਸ ਨੇ ਚੰਡੀਗੜ੍ਹ ਦੇ ਸੈਕਟਰ 36 ਸਥਿਤ ਗੁਰੂ ਨਾਨਕ ਪਬਲਿਕ ਸਕੂਲ ਵਿੱਚ ਪੜ੍ਹਦਿਆਂ 2001 ਵਿੱਚ ਵਿਜੈਵਾੜਾ ਵਿਚ ਹੋਈਆਂ ਕੌਮੀ ਸਕੂਲ ਖੇਡਾਂ ਦੌਰਾਨ ਕ੍ਰਿਕਟ ਮੁਕਾਬਲਿਆਂ ਵਿਚ 'ਬੈਸਟ ਆਲਰਾਊਂਡਰ' ਦਾ ਖ਼ਿਤਾਬ ਜਿੱਤਿਆ ਸੀ। ਮੁਹਾਲੀ ਕ੍ਰਿਕਟ ਐਸੋਸੀਏਸ਼ਨ ਵਿੱਚ ਖੇਡਦਿਆਂ ਵੀ ਉਸ ਨੇ ਚੰਗਾ ਪ੍ਰਦਰਸ਼ਨ ਕੀਤਾ। ਆਈਪੀਐਲ ਦੇ 2008 ਸੀਜ਼ਨ ਦੇ ਟਰਾਇਲ ਦੌਰਾਨ ਵੀ ਉਸ ਦੀ 49 ਖ਼ਿਡਾਰੀਆਂ ਵਿੱਚ ਚੋਣ ਹੋ ਗਈ ਸੀ ਪਰ ਕਿਸੇ ਕਾਰਨ ਉਹ ਟੀਮ ਦਾ ਹਿੱਸਾ ਨਹੀਂ ਬਣ ਸਕਿਆ। ਆਇਰਲੈਂਡ ਵਿੱਚ ਵੱਖ-ਵੱਖ ਕਲੱਬ ਪੱਧਰ ਦੇ ਮੈਚਾਂ ਵਿੱਚ ਸਿੰਮੀ ਬਠਲਾਣਾ ਪੰਜ ਹਜ਼ਾਰ ਦੌੜਾਂ ਬਣਾ ਚੁੱਕਾ ਹੈ। ਆਇਰਲੈਂਡ ਦੀ 'ਏ' ਟੀਮ ਵਿੱਚ ਸ਼ਾਮਲ ਹੋ ਕੇ ਉਸ ਨੇ ਪਿਛਲੇ ਵਰ੍ਹੇ ਇੰਗਲੈਂਡ ਵਿਚ ਹੋਏ ਮੁਕਾਬਲਿਆਂ ਦੌਰਾਨ ਚੰਗਾ ਪ੍ਰਦਰਸ਼ਨ ਕਰਕੇ ਕ੍ਰਿਕਟ ਮਾਹਰਾਂ ਦਾ ਧਿਆਨ ਖਿੱਚਿਆ। ਸਿੰਮੀ ਦੇ ਦਾਦਾ ਤੇ ਪਿੰਡ ਬਠਲਾਣਾ ਦੇ ਸਾਬਕਾ ਸਰਪੰਚ ਰਾਮਕਿਸ਼ਨ ਸਿੰਘ, ਚੰਡੀਗੜ੍ਹ ਦੇ ਸਰਕਾਰੀ ਸੀਨੀਅਰ ਸੈਕੰਡਰੀ ਗਰਲਜ਼ ਸਕੂਲ ਸੈਕਟਰ-20 ਵਿਚ ਪੰਜਾਬੀ ਲੈਕਚਰਾਰ ਵੱਜੋਂ ਤਾਇਨਾਤ ਸਿੰਮੀ ਦੇ ਪਿਤਾ ਅਮਰਜੀਤ ਸਿੰਘ ਬਠਲਾਣਾ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੁਲਾਜ਼ਮ ਉਸ ਦੀ ਮਾਤਾ ਦਲਜੀਤ ਕੌਰ ਦਾ ਕਹਿਣਾ ਹੈ ਕਿ ਆਇਰਲੈਂਡ ਦੀ ਟੀਮ ਵਿੱਚ ਸ਼ਾਮਲ ਹੋ ਕੇ ਸਿੰਮੀ ਨੇ ਉਨ੍ਹਾਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ ਤੇ ਦੇਸ਼ ਦਾ ਨਾਂ ਵੀ ਚਮਕਾਇਆ ਹੈ ਆਇਰਲੈਂਡ ਦੀ ਟੀਮ ਵਿੱਚ ਥਾਂ ਬਣਾਉਣ ਨੂੰ ਫ਼ਖ਼ਰ ਵਾਲੀ ਗੱਲ ਦੱਸਦਿਆਂ ਸਿਮਰਨਜੀਤ ਸਿੰਘ ਸਿੰਮੀ ਨੇ ਕਿਹਾ ਕਿ ਉਸ ਨੂੰ 12 ਮਈ ਤੋਂ ਅਰੰਭ ਹੋਣ ਵਾਲੀ ਲੜੀ ਤੋਂ ਬਹੁਤ ਉਮੀਦਾਂ ਹਨ। ਸਿੰਮੀ ਨੇ ਕਿਹਾ ਕਿ ਚੋਣਕਾਰਾਂ ਦੇ ਭਰੋਸੇ ਉਤੇ ਖਰ੍ਹਾ ਉਤਰਨ ਲਈ ਉਹ ਕੋਈ ਕਸਰ ਬਾਕੀ ਨਹੀਂ ਛੱਡੇਗਾ। ਪੁਰਾਣੇ ਦਿਨ ਯਾਦ ਕਰਦਿਆਂ ਖ਼ੁਸ਼ੀ ਭਰੇ ਲਹਿਜ਼ੇ ਵਿਚ ਸਿੰਮੀ ਨੇ ਕਿਹਾ ਕਿ ਜਿਹੜੇ ਖੇਡ ਮੈਦਾਨ ਵਿਚ ਉਸ ਨੂੰ ਪੰਜ ਯੂਰੋ ਕੋਲੋਂ ਦੇ ਕੇ ਖੇਡਣ ਦਾ ਮੌਕਾ ਮਿਲਿਆ ਸੀ, ਅੱਜ ਉਸੇ ਮੈਦਾਨ ਵਿਚ ਖੇਡਣ ਦੇ ਉਸ ਨੂੰ ਪੈਸੇ ਮਿਲਣਗੇ।



ਆਇਰਲੈਂਡ ਦੀ ਕ੍ਰਿਕਟ ਟੀਮ ਵਿੱਚ ਚੁਣਿਆ ਗਿਆ ਸਿਮਰਨਜੀਤ ਸਿੰਘ ਆਪਣੇ ਮਾਪਿਆਂ ਨਾਲ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫ਼ੋਨ: 98889-02339, 84271-12339

## ਬੱਕਰੀ ਨੇ 'ਤਿੰਗ' ਮਾਰਿਆ

**ਲਾਹੌਰ (ਭਾਗ ਤੀਜਾ)**

ਇੱਥੇ ਅਸੀਂ ਇਕ ਬੱਕਰੀ ਰੱਖੀ ਹੋਈ ਹੈ - ਦੁੱਧ ਬਾਧ ਲਈ, ਖ਼ਬਰੇ ਚਾਹ ਪਾਣੀ ਲਈ - ਜੀਹਨੂੰ ਭਾਪਾ ਜੀ ਅਕਸਰ ਗਾਂਧੀ ਦੀ ਬੱਕਰੀ ਕਹਿੰਦੇ ਹਨ - ਕਿਉਂ? ਸਾਨੂੰ ਨਹੀਂ ਪਤਾ - ਬੱਸ ਐਨਾ ਦਸਦੇ ਹਨ - ਗਾਂਧੀ ਕੋਲ ਇਕ ਬੱਕਰੀ ਹੈ, ਜਿਹਨੂੰ ਉਹ ਬਦਾਮ ਖੁਆਉਂਦਾ ਹੈ।

ਗਾਂਧੀ ਕੌਣ ਹੈ? ਬੱਕਰੀ ਨੂੰ ਬਦਾਮ ਕਿਉਂ ਖੁਆਉਂਦਾ ਹੈ ਅਸੀਂ ਨਹੀਂ ਜਾਣਦੇ ਹਾਂ - ਇਹ ਸਾਰੀਆਂ ਗੱਲਾਂ ਤਾਂ ਸਾਡੇ ਉਪਰੋਂ ਦੀ ਲੰਘ ਜਾਂਦੀਆਂ ਹਨ - ਸਾਨੂੰ ਤਾਂ ਐਨਾ ਪਤਾ ਹੈ - ਸਾਡੀ ਵੀ ਇਕ ਬੱਕਰੀ ਹੈ ਤੇ ਇਸ ਦੀਆਂ ਦੋ ਪਿਆਰੀਆਂ ਪਿਆਰੀਆਂ ਛੇਲੀਆਂ ਹਨ - ਜਿਨ੍ਹਾਂ ਦੇ ਨਾਂ ਅਸੀਂ 'ਗੰਗਾ' ਤੇ 'ਜਮਨਾ' ਰੱਖੇ ਹੋਏ ਹਨ। ਦੋਵੇਂ ਚਿੱਤ-ਮਿਤਰੀਆਂ ਬਹੁਤ ਸੁਹਣੀਆਂ। 'ਗੰਗਾ' ਮੇਰੀ ਹੈ 'ਜਮਨਾ'' ਸਿੰਦਰ ਦੀ। ਬੱਕਰੀ ਦੀ ਖ਼ਾਤਰਦਾਰੀ ਘੱਟ ਪਰ ਛੇਲੀਆਂ ਨੂੰ ਖੁਆਣਾ ਪਿਆਉਣਾ, ਖੇਡਣਾ ਇਧਰ ਉਧਰ ਚੁੱਕੀ ਫਿਰਨਾ ਜਦ ਜੀ ਕਰਨਾ - ਮਾਨੋ ਸਾਡੇ ਮਨ ਚਾਹੇ ਧੰਦੇ ਹੋਣ।

ਇਕ ਦਿਨ ਪਤਾ ਨਹੀਂ ਕਿਵੇਂ 'ਗੰਗਾ' ਖੁਲ੍ਹ ਜਾਂਦੀ ਹੈ ਤੇ ਅੰਦਰ ਵਰਾਂਡੇ ਵਿਚ ਆ ਗੁਨ੍ਹਿਆ ਪਿਆ ਸਾਰਾ ਆਟਾ ਖਾ ਜਾਂਦੀ ਹੈ। ਫੇਰ ਕੀ - ਅਫਾਰਾ ਹੋ ਜਾਂਦਾ ਹੈ ਉਸ ਨੂੰ। ਘੜੀਆਂ ਪਲਾਂ ਦੀ ਮਹਿਮਾਨ ਹੋ ਟੁਰ ਜਾਂਦੀ ਹੈ ਉਹ - ਕਦੇ ਨਾ ਮੁੜ ਕੇ ਆਉਣ ਲਈ। ਬਹੁਤ ਰੋਂਦੀਆਂ ਹਾਂ ਅਸੀਂ। ਮੈਂ ਤੇ ਉਸ ਥਾਂ 'ਤੇ ਜਾ ਕੇ ਵੀ ਬਹੁਤ ਰੋਂਦੀ ਹਾਂ ਜਿੱਥੇ ਸਾਥੋਂ ਚੋਰੀ ਜਾਂ ਭਾਪਾ ਜੀ ਨੇ ਲਿਜਾ ਕੇ - ਵੱਡਾ ਟੋਇਆ ਪੁੱਟ - ਉਸ ਨੂੰ ਦੱਬ ਦਿੱਤਾ ਹੈ - ਆਨੇ-ਬਹਾਨੇ ਸਿੰਦਰ ਹੁਣ ਮੈਨੂੰ ਆਪਣੀ 'ਜਮਨਾ' ਦਿੰਦੀ ਰਹਿੰਦੀ ਹੈ ਖੇਡਣ ਲਈ, ਜੀ ਪਰਚਾਉਣ ਲਈ ਪਰ ਜੀਅ, ਉਹ ਕਿੱਥੇ ਪਰਚਦਾ ਹੈ। ਅਸੀਂ ਬਹੁਤ ਉਦਾਸ ਹਾਂ ਸਮੇਤ ਜਮਨਾ ਦੇ - 'ਕੱਲੀ ਰਹਿ ਗਈ ਹੈ ਉਹ ਹੁਣ। ਮੈਨੂੰ ਲਗਦਾ ਮੇਰੇ ਵਾਂਗ ਉਹ ਵੀ ਕਿਤੇ ਗੰਗਾ ਨੂੰ ਜ਼ਰੂਰ ਯਾਦ ਕਰਦੀ ਹੋਵੇਗੀ।

ਉਂਜ ਜਦ ਵੀ ਕੋਈ ਸਬਜ਼ੀ ਭਾਜੀ ਕੱਟਦੇ, ਅਸੀਂ ਛਿਲਕੇ ਫਰਾਕ ਵਿਚ ਪਾ ਬੱਕਰੀ ਮੂਹਰੇ ਪਾ ਦਿੰਦੀਆਂ ਹਾਂ ਤੇ ਉਹ ਮੜੱਕ ਮੜੱਕ ਸਭ ਖਾ ਜਾਂਦੀ।

ਅੱਜ ਭਾਪਾ ਜੀ ਨੇ ਠੰਢਿਆਈ ਬਣਾਉਣ ਵਾਸਤੇ ਬਹੁਤ ਸਾਰੇ ਬਦਾਮ ਭੰਨੇ ਹਨ। ਮੈਂ ਸਾਰੇ ਛਿਲਕੇ ਇਕੱਠੇ ਕਰ ਫਰਾਕ ਵਿਚ ਪਾ ਦੌੜ ਜਾਂਦੀ ਹਾਂ ਗਲੀ ਵਿਚ ਜਿੱਥੇ ਬੱਕਰੀ ਬੰਨ੍ਹੀ ਹੈ, ਖੜ੍ਹ ਜਾਂਦੀ ਹਾਂ ਉਹਦੇ ਮੂਹਰੇ ਪੱਲਾ ਖੋਹਲ ਕੇ - ਅੱਜ ਸਾਡੀ ਬੱਕਰੀ ਵੀ ਬਦਾਮ ਖਾਏਗੀ - ਗਾਂਧੀ ਦੀ ਬੱਕਰੀ ਵਾਂਗ ਮੈਂ ਬਹੁਤ ਖ਼ੁਸ਼ ਹਾਂ।

ਬੱਕਰੀ ਮੂੰਹ ਮਾਰਦੀ ਹੈ ਕਿ ਅਚਾਨਕ ਉਹਦਾ ਸਿੰਗ ਮੇਰੇ ਢਿੱਡ 'ਤੇ ਵੱਡੀ ਸਾਰੀ ਲਕੀਰ ਕੱਢਦਾ ਉਪਰ ਨੂੰ ਝਰੀਟਦਾ ਚਲਾ ਜਾਂਦਾ ਹੈ। ਹੁਣ ਮੈਂ ਰੋਂਦੀ ਹਾਂ...'ਬੀਜੀ, ਬੀਜੀ ਬੱਕਰੀ ਨੇ ਤਿੰਗ (ਸਿੰਗ) ਮਾਰਿਆ...'ਪੁੱਛਣ ਤੇ ਸਾਰੀ ਰਾਮ ਕਹਾਣੀ ਕਹਿ ਦਿੰਦੀ ਹਾਂ।

ਤੇ ਹੁਣ ਐਧਰ ਠੰਢਿਆਈ ਦੀ ਸੁਣ ਲਓ। ਰੋਜ਼ ਦੁਪਹਿਰ ਬਾਦ ਠੰਢਿਆਈ ਬਣਾਉਂਦੇ ਹਨ ਭਾਪਾ ਜੀ। ਇਕ ਦਿਨ ਦੁਪਹਿਰ ਨੂੰ ਰੋਜ਼ ਵਾਂਗ ਠੰਢੇ ਫਰਸ਼ 'ਤੇ ਹੀ ਸੁੱਤੇ ਪਏ ਹਨ ਦਰੀ 'ਤੇ। ਭਾਪਾ ਜੀ ਦੇ ਸਿਰ੍ਹਾਣੇ ਬਦਾਮਾਂ ਤੇ ਹੋਰ ਨਿਕ ਸੁਕ ਵਾਲੀ ਪੀਪੀ ਪਈ ਹੈ, ਸਮੇਤ ਕੂੰਡੀ ਸੋਟੇ ਦੇ।

ਸਿੰਦਰ ਤੇ ਮੈਂ ਸਲਾਹ ਕਰ ਅੰਦਰ ਜਾਂਦੀਆਂ ਹਾਂ - ਪੀਪੀ ਵਿਚੋਂ ਬਦਾਮ ਕੱਢ ਕੇ ਖਾਏ ਜਾਣ। ਹੁਣ ਪੋਲੇ ਪੋਲੇ ਪੈਰੀਂ ਹੌਲੀ ਹੌਲੀ ਪੀਪੀ ਵੱਲ ਵਧ ਰਹੀਆਂ ਹਾਂ - ਅਸੀਂ।



ਸਿੰਦਰ, ਸ. ਕਰਤਾਰ ਸਿੰਘ, ਰਾਜਿੰਦਰ (1943 ਲਾਹੌਰ)

ਭਾਪਾ ਜੀ ਘੁਰਾੜੇ ਮਾਰ ਰਹੇ ਹਨ ਪਰ ਅੱਖਾਂ ਅੱਧੀਆਂ ਖੁਲ੍ਹੀਆਂ ਹਨ - ਸੋਚਦੀਆਂ ਹਾਂ - ਜਾਗਦੇ ਹਨ - ਦੇਖ ਰਹੇ ਹਨ ਜਦੋਂ ਹੀ ਪੀਪੀ ਨੂੰ ਹੱਥ ਲਾਵਾਂਗੀਆਂ ਬਾਹੋਂ ਫੜ ਲੈਣਗੇ - ਫੇਰ - ਫੇਰ ਕੀ ਹੋਵੇਗਾ? ਡਰਦੀਆਂ ਮਾਰੀਆਂ ਪਿੱਛੇ ਮੁੜ ਆਉਂਦੀਆਂ ਹਾਂ ਮਨ ਦਾ ਮਨ ਵਿਚ ਲੈ ਕੇ ਹੀ - ਸਭ।

ਪਰ ਬਹੁਤ ਬਾਅਦ ਵਿਚ ਜਦੋਂ ਵੱਡੇ ਹੋ ਜਾਂਦੇ ਹਾਂ ਅਸੀਂ - ਤਾਂ ਕਿਤੇ ਜਾ ਕੇ ਸਾਨੂੰ ਪਤਾ ਲਗਦਾ ਹੈ ਕਿ ਭਾਪਾ ਜੀ ਨੂੰ ਤਾਂ ਅੱਧੀਆਂ ਅੱਖਾਂ ਖੋਲ੍ਹ ਕੇ ਹੀ ਸੌਣ ਦੀ ਆਦਤ ਹੈ - ਉਦੋਂ ਵੀ ਜਦੋਂ ਉਹ ਘੂਕ ਨੀਂਦ ਸੁੱਤੇ ਪਏ ਹੁੰਦੇ ਹਨ। ਪਰ ਹੁਣ ਪਛਤਾਇਆ ਕੀ ਬਣੇ...।

### ਜਗ ਚਾਨਣ ਹੋਆ

ਇਹ ਕੋਈ ਮੌਸਮ ਹੁੰਦਾ ਹੈ ਕੋਈ ਰੁੱਤ ਕੋਈ ਤਿਉਹਾਰ ਨਹੀਂ ਜਾਣਦੀ ਹਾਂ ਮੈਂ - ਪਰ ਇਥੇ ਸਾਡੇ ਘਰ ਦੀ ਪਿਛਲੀ ਗਰਾਊਂਡ ਵਿਚ - ਸਾਹਮਣੇ ਘਰਾਂ ਦੀਆਂ ਛੱਤਾਂ 'ਤੇ ਅੰਤਾਂ ਦੀਆਂ ਪਤੰਗਾਂ ਉਡਦੀਆਂ - ਅੰਬਰ ਨੂੰ ਛੂੰਹਦੀਆਂ - ਵੱਡੀਆਂ ਛੋਟੀਆਂ - ਰੰਗ ਬਿਰੰਗੀਆਂ - ਗੁੱਡੇ ਗੁੱਡੀਆਂ।

ਤੇ ਫੇਰ ਪਤਾ ਹੀ ਨਹੀਂ ਲਗਦਾ ਉਨ੍ਹਾਂ ਵਿਚੋਂ ਕਦ ਕੋਈ 'ਵੋ ਕਾਟਾ' ਹੋ ਜਾਂਦੀ ਤਾਂ ਆ ਡਿੱਗਦੀ ਕਈ ਕਿਸੀ ਛੱਡ 'ਤੇ, ਕਦੀ ਵਿਹੜੇ ਵਿਚ, ਕਦੀ ਗਲੀ ਵਿਚ - ਜੀਹਦੇ ਹੱਥ ਆਉਂਦੀ ਚੁੱਕ ਲੁੱਟ, ਸਜਾ ਲੈਂਦੇ ਆਪਣੇ ਘਰਾਂ ਦੀਆਂ ਕੰਧਾਂ 'ਤੇ ਕੈਲੰਡਰਾਂ ਵਾਂਗ - ਹੁਣ ਸਾਡੇ ਕਮਰੇ ਦੀਆਂ ਕੰਧਾਂ, ਇਨ੍ਹਾਂ ਰੰਗ ਬਰੰਗੀਆਂ ਪਤੰਗਾਂ ਨਾਲ ਭਰੀਆਂ ਪਈਆਂ ਹਨ ਭਾਂਤ ਸੁਭਾਂਤੀਆਂ ਗੁੱਡੇ-ਗੁੱਡੀਆਂ - ਮਾਨੋ ਕੋਈ ਪਤੰਗਾਂ ਦਾ 'ਨੁਮਾਇਸ਼-ਘਰ' ਹੋਵੇ - ਸਾਡਾ ਹੀ ਨਹੀਂ ਇੱਥੇ ਤਾਂ ਹਰ ਘਰ 'ਨੁਮਾਇਸ਼-ਘਰ' ਬਣਿਆ ਹੋਇਆ ਹੈ।

ਆਉ ਤੁਹਾਨੂੰ ਦਿਖਾਵਾਂ ਹੋਰ ਕਿੰਨੇ ਹੀ ਨਿੱਕੇ ਨਿੱਕੇ ਰੰਗ ਬਰੰਗੇ 'ਚਿਤੇ' ਜੋ ਟੰਗੇ ਪਏ ਹਨ ਮੇਰੇ ਦਿਲ ਦਿਮਾਗ ਦੀਆਂ ਕੰਧਾਂ 'ਤੇ ਐਨ ਇਨ੍ਹਾਂ 'ਗੁੱਡੇ-ਗੁੱਡੀਆਂ' ਤੇ ਪਤੰਗਾਂ ਵਰਗੇ।

ਐਨ ਇਸ ਸਾਹਮਣੀ ਕੰਧ ਤੇ ਔਹ ਚਿੱਤਰ 'ਮਲਕਾ ਵਿਕਟੋਰੀਆ ਦਾ ਬੁੱਤ' ਦਾ ਹੈ (ਹੁਣੇ ਜੇ ਲਹੌਰ ਤੋਂ ਆਏ ਕਿਸੇ ਮਹਿਮਾਨ ਤੋਂ ਪੁੱਛਣ 'ਤੇ ਪਤਾ ਲੱਗਾ ਹੈ - ਸੰਤਾਲੀ ਤੋਂ ਬਾਅਦ ਹੁਣ ਉੱਥੇ ਕੋਈ ਬੁੱਤ ਨਹੀਂ ਹੈ, ਤੋੜ ਦਿੱਤਾ ਗਿਆ ਹੈ ਜਾਂ ਹਟਾ ਦਿੱਤਾ ਗਿਆ ਹੈ - ਖ਼ਵਰੇ ਗੁਲਾਮੀ ਦਾ ਚਿੰਨ੍ਹ ਜਾਣ ਕੇ)।

ਇਸ ਬੁੱਤ ਦੇ ਗਿਰਦ ਬਣੇ ਪਾਰਕਾਂ ਵਿਚ ਅਸੀਂ ਰਾਤ ਨੂੰ ਸੈਰ ਕਰਨ ਜਾਂਦੇ ਹਾਂ - ਨੀਲੀਆਂ ਨੀਲੀਆਂ, ਪੀਲੀਆਂ ਪੀਲੀਆਂ ਰੌਸ਼ਨੀਆਂ ਵਿਚ ਫੁੱਲ ਬੂਟੇ ਹਰੀ ਸ਼ੈਲ ਦੇ ਘਾਹ ਦਾ ਮਨਮੋਹਕ ਦ੍ਰਿਸ਼ - ਨਿੱਕੇ ਨਿੱਕੇ ਪਾਰਕ ਮੋਟੇ ਮੋਟੇ ਡਿਜ਼ਾਈਨਦਾਰ ਖੰਭੇ ਸੰਗਲ ਪਾ ਪਾ ਸਜਾਏ - ਮਾਨੋ ਗਹਿਣੇ ਪਾ ਪਾ ਲੱਦੇ ਹੋਣ - ਰਾਤ ਨੂੰ ਅੰਤਾਂ ਦੀ ਭੀੜ ਹੁੰਦੀ ਹੈ - ਥਾਂ ਥਾਂ ਟੋਲੇ ਬਣਾ ਬਣਾ ਬੈਠੇ ਲੋਕ - ਕੁਦਰਤ ਦਾ ਆਨੰਦ ਮਾਣਦੇ ਵਿਹਲੇ ਪਲਾਂ ਨੂੰ ਰੱਜ ਰੱਜ ਜੀਉਂਦੇ। ਤੇ ਨਿਆਣੇ-ਹੱਸਦੇ-ਖੇਡਦੇ, ਨੱਚਦੇ-ਭੱਜਦੇ, ਮੌਜਾਂ ਮਾਣਦੇ ਹੋਰ ਵੀ ਚਾਰ ਚੰਨ ਲਾ ਦਿੰਦੇ ਇਸ ਬਹਾਰ ਵਿਚ। ਪਰ ਸਾਨੂੰ ਤਾਂ ਅੰਦਰੋਂ ਇੰਤਜ਼ਾਰ ਹੁੰਦੀ ਉਨ੍ਹਾਂ ਲਾਲ ਲਾਲ ਕੱਪੜਿਆਂ ਵਿਚ ਗੋਲ ਗੋਲ ਡੱਬਿਆਂ 'ਚ ਪਈ ਆਈਸ ਕਰੀਮ ਵੇਚਣ ਵਾਲਿਆਂ ਦੀ - ਤੇ ਜੋ ਕੀਪ ਨੁਮਾ ਪੁੜੀਆਂ ਬਣਾ ਬਣਾ ਹੋਕਾ ਦਿੰਦੇ ਫਿਰਦੇ ਹਨ ਇਕ ਥਾਂ ਤੋਂ ਦੂਜੀ ਥਾਂ ਜਾਂ ਚੌਰਸ ਚੌਰਸ ਪੀਪੀਆਂ ਵਿਚ ਪਾਈ ਮੂੰਗਫਲੀ ਜਾਂ 'ਚਨਾ ਜ਼ੋਰ ਗਰਮ' ਵੇਚਣ ਵਾਲਿਆਂ ਦੀ - ਬੇਖ਼ੌਫ਼ ਬਚਪਨ ਹਸਦਾ-ਖੇਡਦਾ ਚੁੰਗੀਆਂ ਭਰਦਾ - ਨਾ ਰੱਜਦਾ ਕਦੇ - ਨਾ ਥੱਕਦਾ।



ਐਧਰ ਇਹ ਚਿੱਤਰ - ਲਹੌਰ ਦੇ ਅਜਾਇਬ ਘਰ ਦੇ ਮੂਹਰੇ ਬਾਹਰ ਵੱਡੇ ਦਰਵਾਜ਼ੇ ਮੂਹਰੇ ਪਈ ਹੈ ਐਹ - ਇਕ ਤੋਪ - 'ਭੰਗੀਆਂ ਦੀ ਤੋਪ' ਦੇ ਨਾਂ ਨਾਲ ਜਾਣੀ ਜਾਂਦੀ-

ਇਹ ਇਕ ਚਿੱਤਰ ਹੈ 'ਚਿੜੀਆ ਘਰ' ਦੇ ਬਾਹਰ ਇਕ ਪਾਸੇ ਬਣੇ ਬੱਚਿਆਂ ਲਈ ਭਾਂਤ-ਸੁਭਾਂਤੇ ਝੂਲੇ ਨਿੱਕੇ ਵੱਡੇ ਗੋਲ ਗੋਲ ਘੁੰਮਣ ਵਾਲੇ ਵੀ ਤੇ ਝੂਟਣ ਵਾਲੇ ਵੀ - ਇਹ ਝੂਲਾ ਜਿਸ ਦੇ ਚੱਕੇ 'ਤੇ ਅਸੀਂ ਸਾਰੇ ਖੜ੍ਹੇ ਹਾਂ ਅੱਜ ਵੀ ਘੁੰਮੀ ਜਾ ਰਿਹਾ ਹੈ ਘੜੀ ਦੀਆਂ ਸੂਈਆਂ ਵਾਂਗ - ਸਮੇਂ ਦੇ ਨਾਲ ਨਾਲ।

ਪੰਜਾ ਸਾਹਿਬ, ਡੇਰਾ ਸਾਹਿਬ, ਅਨਾਰਕਲੀ ਬਾਜ਼ਾਰ, ਸ਼ਾਲਮੀ ਦਰਵਾਜ਼ਾ, ਇਹ ਸਾਰੇ ਚਿੱਤਰ ਸਮੇਂ ਦੀ ਗਰਦ ਹੇਠ ਧੁੰਦਲੇ ਹੋਏ ਹਨ - ਕਿਤੇ ਕਿਤੇ ਮਾੜਾ-ਮਾੜਾ ਕੁਝ ਉਘੜਦਾ ਹੈ ਮਟਮੈਲਾ ਜਿਹਾ - ਘਸਮੈਲਾ ਜਿਹਾ - ਬਹੁਤ ਕੁਝ ਦਿਖਦਾ ਨਹੀਂ ਹੈ ਪਰ ਉਨ੍ਹਾਂ ਵਿਚੋਂ ਹੀ ਹੈ ਐਹ ਤਸਵੀਰ 'ਚਬੁਰਜੀ ਕੁਆਟਰਾਂ' ਦੀ - ਇੱਥੇ ਬਾਊ ਜੀ (ਤਾਇਆ ਜੀ) ਰਹਿੰਦੇ ਹਨ ਪਰਿਵਾਰ ਸਮੇਤ - ਸਾਫ਼ ਸੁਥਰੇ ਪੱਕੇ ਘਰ - ਇੱਟਾਂ ਵਾਲੀਆਂ ਪੱਕੀਆਂ ਗਲੀਆਂ - ਸੜਕਾਂ ਗੋਲ ਚਬੂਤਰਿਆਂ ਵਾਲੇ ਛਾਂ ਦਾਰ ਰੁੱਖ ਨਿੱਕੇ ਨਿੱਕੇ ਪਾਰਕ - ਐਨਾ ਕੁ ਹੀ ਦੇਖ ਸਕਦੀ ਹਾਂ ਬਸ।

ਤੇ ਐਧਰ ਜਿੱਥੇ ਇਕ ਬੁਰਜ ਵਿਚ ਬੈਠੇ ਹਾਂ ਅਸੀਂ - ਇਹ ਨਨਕਾਣਾ ਸਾਹਿਬ ਹੈ - ਕੱਤੇ ਦੀ ਪੂਰਨਮਾਸ਼ੀ ਹੈ ਰਾਤ ਅੱਧੀ ਹੋ ਰਹੀ ਹੈ - ਆਤਿਸ਼ਬਾਜ਼ੀਆਂ ਚੱਲ ਰਹੀਆਂ ਹਨ - ਕੀਰਤਨ ਦੀ ਮਧੁਰ ਧੁਨ ਕੰਨੀ ਪੈ ਰਹੀ ਹੈ - ਬਾਹਰ ਨਿੱਕੀ ਨਿੱਕੀ ਠੰਢ ਅੰਦਰ ਮਿੱਠਾ ਮਿੱਠਾ ਨਿੱਘ - ਅੰਬਰ ਤੇ ਚੰਨ ਤਾਰੇ ਮੁਸਕਰਾ ਰਹੇ ਹਨ - ਤੇ ਕੁਝ ਧਰਤੀ ਤੋਂ ਉੱਠ ਉੱਠ ਅੰਬਰਾਂ ਨੂੰ ਛੂਹਣ ਦਾ ਸਾਂਗ ਵੀ ਕਰ ਰਹੇ ਹਨ - ਇਹ ਝਿਲਮਿਲ ਝਿਲਮਿਲ ਰੌਸ਼ਨੀਆਂ - ਤਾਰੇ - ਮਾਨੋ ਨਹੀਂ ਮਿਆ ਰਹੇ ਆਪਣੀ ਖ਼ੁਸ਼ੀ ਵਿਚ - ਕਿਤੇ ਮੰਦ ਮੰਦ ਮੁਸਕਾਉਂਦੇ - ਗਾਉਂਦੇ ਲਗਦੇ ਹਨ - 'ਜਗ ਚਾਨਣ ਹੋਆ - ਜਗ ਚਾਨਣ ਹੋਆ...।'

### ਅੰਦਰੋਂ ਖਿੜਕੀਆਂ ਦਰਵਾਜ਼ੇ

**ਇਹ ਹੱਲਿਆ ਦੇ ਦਿਨ ਹਨ-**

ਰੌਲੇ ਰੱਪੇ, ਸ਼ੋਰ ਸ਼ਰਾਬੇ ਸ਼ੁਰੂ ਹੋ ਗਏ ਹਨ - ਕਿਉਂ - ਇਹ ਸਭ ਸਾਡੀ ਸਮਝ ਤੋਂ ਬਾਹਰ ਹੈ - ਪਰ ਦਿਨ ਸਹਿਮੇ ਸਹਿਮੇ ਹਨ ਤੇ ਰਾਤਾਂ ਡਰਾਉਣੀਆਂ-ਡਰਾਉਣੀਆਂ - ਕਿੱਥੇ ਕੀ ਹੋ ਰਿਹਾ ਹੈ ਕਿਉਂ ਹੋ ਰਿਹਾ ਹੈ - ਸ਼ਾਇਦ ਇਹ ਸਭ ਵੱਡਿਆਂ ਦੇ ਮਾਮਲੇ ਹਨ - ਸਾਨੂੰ ਤਾਂ ਐਨਾ ਪਤਾ ਹੈ-

ਹੁਣ ਭਾਪਾ ਜੀ ਪਹਿਲਾਂ ਵਾਂਗ ਘਰੋਂ ਖ਼ੁਸ਼ੀ ਖ਼ੁਸ਼ੀ ਦਫ਼ਤਰ ਨਹੀਂ ਜਾਂਦੇ - ਉਹ ਆਪਣੀ ਤਲਵਾਰ ਮਿਆਨ 'ਚੋਂ ਕੱਢ ਮੂਹਰੇ ਹੈਂਡਲ 'ਤੇ ਧਰ ਲੈਂਦੇ ਹਨ - ਬੀਜੀ ਦੀਆਂ ਅੱਖਾਂ ਵਿਚ ਇਕ ਡਰ ਭਰਿਆ ਰਹਿੰਦਾ ਹੈ - ਹੁਣ ਭਾਪਾ ਜੀ ਕਦੀ ਤਾਂ ਸਾਝਰੇ ਆ ਜਾਂਦੇ ਹਨ - ਕਦੀ ਦੇਰ ਰਾਤ ਗਈ ਤੱਕ।

ਰਾਤ ਹੋਣ ਵੇਲੇ ਸਾਡੇ ਘਰਾਂ ਦੀਆਂ ਦੋਹਾਂ ਲਾਈਨਾਂ 'ਚੋਂ ਸਾਰੇ ਹਿੰਦੂ-ਸਿੱਖ ਸਾਡੇ ਘਰ ਆ ਜਾਂਦੇ ਹਨ ਤੇ ਸਾਰੇ ਮੁਸਲਮਾਨ ਉਧਰ ਰਜ਼ੀਆ ਹੋਰਾਂ ਦੇ ਘਰ ਇਕੱਠੇ ਹੋ ਜਾਂਦੇ ਹਨ।

ਤੀਮੀਆਂ ਨਿਆਣੇ ਅੰਦਰ ਘਰਾਂ ਵਿਚ ਬੈਠ ਜਾਂਦੇ ਹਨ ਤੇ ਆਦਮੀ ਸਾਰੇ ਕੋਠਿਆਂ ਦੀਆਂ ਛੱਤਾਂ 'ਤੇ ਇੱਟਾਂ, ਪੱਥਰ, ਰੋੜੇ ਲੈ ਕੇ ਸਤਰਕ ਹੋ ਜਾਂਦੇ ਹਨ। ਹੁਣ ਰੋਜ਼ ਇੰਜ ਹੀ ਹੁੰਦਾ ਹੈ।

ਅੱਜ ਔਹ ਸਾਹਮਣੇ ਘਰਾਂ ਵੱਲ ਜਿਨ੍ਹਾਂ ਦੀਆਂ ਪਿੱਠਾਂ ਸਾਡੇ ਵੱਲ ਹਨ, ਉੱਧਰ ਬਹੁਤ ਰੌਲਾ ਪੈ ਰਿਹਾ ਹੈ - ਭਾਂਤ ਸਭਾਂਤੀਆਂ ਡਰਾਉਣੀਆਂ ਆਵਾਜ਼ਾਂ ਆ ਰਹੀਆਂ ਹਨ - ਫੜੋ ਫੜੀ - ਮਾਰ ਧਾੜ, ਚੀਕ ਚਿਹਾੜਾ - ਪਿੱਛੇ ਅੰਬਰ ਲਾਲ ਲਾਲ ਦਿਖ ਰਿਹਾ ਹੈ - ਭਾਪਾ ਜੀ ਕਹਿ ਰਹੇ ਹਨ ਸ਼ਾਇਦ ਕ੍ਰਿਸ਼ਨਾ ਨਗਰ ਵੱਲ ਅੱਗ ਲੱਗੀ ਹੋਈ ਲੱਗਦੀ ਹੈ।

ਇਹ ਸ਼ਾਇਦ ਚਾਰ ਪੰਜ ਅਗਸਤ ਦੀ ਰਾਤ ਹੈ। ਅਗਲੇ ਦਿਨ ਭਾਪਾ ਜੀ 'ਦਇਆ ਸਿੰਘ' ਚਾਚਾ ਜੀ (ਬਖਤਾਵਰ ਸਿੰਘ ਚਾਚਾ ਜੀ ਦੇ ਮਾਮੇ ਦਾ ਪੁੱਤ) ਨੂੰ ਮਿਲਦੇ ਹਨ - ਇਹ ਰੇਲਵੇ ਵਿਚ ਕੰਮ ਕਰਦੇ ਹਨ। ਉਧਰ ਚਬੁਰਜੀ ਕੁਆਟਰ ਬਾਊ ਜੀ ਹੋਰਾਂ ਨਾਲ ਸਲਾਹ ਕਰ ਸਾਨੂੰ ਪਿੰਡ ਭੇਜ ਦਿੰਦੇ ਹਨ - ਜਾਣ ਵਾਲਿਆਂ ਵਿਚ ਅਸੀਂ ਤੇ ਬਾਊ ਜੀ ਹੋਰਾਂ ਦਾ ਪਰਿਵਾਰ ਹੀ ਹੈ। ਭਾਪਾ ਜੀ ਤੇ ਤਾਇਆ ਜੀ ਆਪ ਲਾਹੌਰ ਹੀ ਰਹਿੰਦੇ ਹਨ। ਸਵੇਰੇ ਸਵੇਰੇ ਸਟੇਸ਼ਨ ਪੁੱਜਦੇ ਹਾਂ - ਗੱਡੀ ਭਰੀ ਪਈ ਹੈ - ਪਰ ਦਇਆ ਸਿੰਘ ਚਾਚਾ ਜੀ ਸਾਨੂੰ ਇਕ ਨਿੱਕੇ ਜਿਹੇ ਡੱਬੇ ਨੂੰ ਖਾਲੀ ਕਰਾ ਉਸ ਵਿਚ ਬਿਠਾ ਦਿੰਦੇ ਹਨ - ਇਹ ਨਿੱਕਾ ਜਿਹਾ ਡੱਬਾ ਥਰਡ ਕਲਾਸ ਦਾ ਹੈ ਜੋ ਹਰ ਫਸਟ ਕਲਾਸ ਦੇ ਡੱਬੇ ਨਾਲ ਇਨ੍ਹਾਂ ਦਿਨਾਂ ਵਿਚ ਇਕ ਸਰਵੈਂਟ ਰੂਮ ਦੇ ਤੌਰ 'ਤੇ ਲੱਗਾ ਹੁੰਦਾ ਹੈ - ਹੁਣ ਸਾਰੇ ਡੱਬੇ ਵਿਚ ਸਾਡੇ ਸਿਵਾ ਹੋਰ ਕੋਈ ਨਹੀਂ ਹੈ - ਇਕ ਘੜਾ ਪਾਣੀ ਦਾ ਭਰ ਰੱਖ ਦਿੰਦੇ ਹਨ ਚਾਚਾ ਜੀ ਤੇ ਸਾਡੀ ਬੱਕਰੀ ਵੀ ਸਾਡੇ ਨਾਲ ਹੀ ਹੈ - ਸਾਮਾਨ ਸਣੇ।

''ਅੰਦਰੋਂ ਖਿੜਕੀਆਂ ਦਰਵਾਜ਼ੇ ਬੰਦ ਰੱਖਣਾ। ਕਿਸੇ ਸਟੇਸ਼ਨ 'ਤੇ ਕੋਈ ਵੀ ਆਏ, ਕੋਈ ਖੜਕਾਏ, ਤੋੜੇ ਭੰਨੇ ਤੁਸੀਂ ਖੋਲ੍ਹਣੇ ਨਹੀਂ ਹਨ ਮੈਂ ਵੀ ਨਾਲ ਜਾਵਾਂਗਾ ਅੰਮ੍ਰਿਤਸਰ ਤੱਕ, ਫ਼ਿਕਰ ਨਹੀਂ ਕਰਨਾ।'' ਆਖ ਚਾਚਾ ਜੀ ਚਲੇ ਜਾਂਦੇ ਹਨ ਤੇ ਅਸੀਂ ਇੰਜ ਹੀ ਕਰਦੇ ਹਾਂ - ਸਿਵਾਏ ਚਾਚਾ ਜੀ ਦੇ ਸਾਡੇ ਨਾਲ ਕੋਈ ਮਰਦ ਨਹੀਂ ਹੈ। ਬੀਜੀ, ਤਾਈ ਜੀ ਦੋ ਤੀਵੀਆਂ ਤੇ ਅਸੀਂ ਨਿਆਣੇ।

ਡਰੇ ਡਰੇ ਸਹਿਮੇ ਸਹਿਮੇ - ਰਸਤੇ ਵਿਚ ਸਟੇਸ਼ਨ ਆਉਂਦੇ ਹਨ, ਦਰਵਾਜ਼ੇ ਖਿੜਕੀਆਂ ਭੰਨੇ ਜਾਂਦੇ ਹਨ, 'ਖੋਲ੍ਹੋ ਖੋਲ੍ਹੋ' ਰੌਲਾ ਪੈਂਦਾ ਹੈ ਪਰ ਅਸੀਂ ਤਾਂ ਅੰਦਰ ਸਾਰੇ ਸੁਸਰੀ ਵਾਂਗ ਸੁੱਤੇ ਪਏ ਹਾਂ - ਡੈਂਬਰਿਆਂ ਵਾਂਗ ਝਾਕ ਰਹੇ ਹਾਂ ਇਕ ਦੂਜੇ ਨੂੰ - ਵਿਚ ਵਿਚ ਦਇਆ ਸਿੰਘ ਚਾਚਾ ਜੀ ਬਿਨਾਂ ਖਿੜਕੀ ਖੋਲ੍ਹੇ ਬਾਹਰੋਂ ਆਵਾਜ਼ ਦੇ ਹਾਲ-ਚਾਲ ਪੁੱਛ ਲੈਂਦੇ ਹਨ।

ਲਾਹੌਰ ਤੋਂ ਅੰਮ੍ਰਿਤਸਰ ਲਗਭਗ ਹਰ ਪੰਜ - ਸਤ ਮੀਲ 'ਤੇ ਕੋਈ ਨਾ ਕੋਈ ਸਟੇਸ਼ਨ ਹੈ - ਸੁੱਖਾਂ ਸੁਖਦੇ ਅੰਮ੍ਰਿਤਸਰ ਪੁੱਜ ਜਾਂਦੇ ਹਾਂ - ਜਿੱਥੋਂ ਚਾਚਾ ਜੀ, ਸਾਨੂੰ ਅੰਬਾਲੇ ਵਾਲੀ ਗੱਡੀ ਬਿਠਾ ਵਾਪਸ ਲਾਹੌਰ ਚਲੇ ਜਾਂਦੇ ਹਨ।

ਇੱਥੇ ਅਸੀਂ ਸਿੱਧੇ ਆਪਣੇ ਨਾਨਕੀਂ ਆ ਜਾਂਦੇ ਹਨ- ਟਪਰੀਆਂ।

ਇੱਥੇ ਵੀ ਇਨ੍ਹਾਂ ਦਿਨਾਂ ਵਿਚ ਅਸੀਂ ਰੋਜ਼ ਸੜਕ ਦੇ ਕੰਢੇ ਖੜ੍ਹ, ਗੱਡੇ-ਗੱਡੀਆਂ 'ਤੇ ਜਾਂਦੇ ਕਾਫ਼ਲੇ ਦੇਖਦੇ ਹਾਂ ਲੋਕਾਂ ਦੇ - ਤੇ ਪੈਦਲ ਵੀ।

ਤੇ ਨਹਿਰ ਸਰਹੰਦ ਵਿਚ ਕਦੀਕਦੀ ਤੈਰਦੀਆਂ ਲਾਸ਼ਾਂ- ਜੋ ਆਪਣੀ ਕਹਾਣੀ ਆਪ ਕਹਿੰਦੀਆਂ ਹਨ, ਸੁਣਦੀਆਂ ਹਨ ਤੇ ਕਈ ਕਹਾਣੀਆਂ ਆਪਣੇ ਨਾਲ ਵੀ ਲੈ ਜਾਈ ਜਾ ਰਹੀਆਂ ਹਨ- ਉਨ੍ਹਾਂ ਦੇ ਪੁੱਠੇ ਪੈਰਾਂ ਸਣੇ ਜੋ ਪਾਣੀ ਵਿਚ ਤੈਰਦੇ ਜਾਂਦੇ ਮੈਂ ਆਪ ਦੇਖਦੀ ਹਾਂ ਤੇ ਅੱਜ ਵੀ ਦੇਖ ਰਹੀ ਹਾਂ- ਗੋਰੇ ਗੋਰੇ ਚਿੱਟੇ ਪੈਰ- ਮਾਨੋ ਜਿਨ੍ਹਾਂ ਨੂੰ ਸਤਲੁਜ ਦੀਆਂ ਲਹਿਰਾਂ ਧੋ ਰਹੀਆਂ ਹੋਣ ਤੇ ਵਿਦਾ ਕਰ ਰਹੀਆਂ ਹੋਣ ਆਪਣੇ ਹੰਝੂਆਂ ਨਾਲ।

(ਬਾਕੀ ਅਗਲੇ ਅੰਕ 'ਚ)

# ਨਿਊਯਾਰਕ ਦੀ ਯਾਤਰਾ 'ਤੇ ਆਏ ਟਰੰਪ ਵਿਰੁੱਧ ਰੋਸ ਪ੍ਰਦਰਸ਼ਨ

**ਨਿਊਯਾਰਕ/ਬਿਊਰੋ ਨਿਊਜ਼ :** ਅਮਰੀਕੀ ਪ੍ਰਤੀਨਿਧੀ ਸਭਾ ਵਿਚ ਓਬਾਮਾਕੇਅਰ ਨੂੰ ਰੱਦ ਕਰਨ ਅਤੇ ਉਸ ਦੀ ਥਾਂ ਦੂਜਾ ਬਿੱਲ ਪਾਸ ਕੀਤੇ ਜਾਣ ਦੇ ਮੱਦੇਨਜ਼ਰ 300 ਤੋਂ ਵਧੇਰੇ ਲੋਕਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਨਿਰਧਾਰਤ ਨਿਊਯਾਰਕ ਯਾਤਰਾ ਦੇ ਵਿਰੁੱਧ ਪ੍ਰਦਰਸ਼ਨ ਕੀਤਾ। ਸਮੂਹ ਦੇ ਕੁਝ ਲੋਕ ਵਾਪਸ ਜਾਣ ਲਈ ਬੋਲ ਰਹੇ ਸਨ। ਉਨ੍ਹਾਂ ਨੇ ਉਨ੍ਹਾਂ ਦੀਆਂ ਨੀਤੀਆਂ ਦਾ ਵਿਰੋਧ ਕਰਦਿਆਂ 12 ਅਵੈਨਿਊ ਤੋਂ ਲੜਾਕੂ ਜਹਾਜ਼ਾਂ ਨੂੰ ਢੋਣ ਵਾਲੇ ਇੱਕ ਸੇਵਾਮੁਕਤ ਬੇੜੇ ਤੱਕ ਰੈਲੀ ਕੱਢੀ। ਇਹ ਬੇੜਾ ਹੁਣ ਇੱਕ ਮਿਊਜ਼ੀਅਮ ਵਿਚ ਤਬਦੀਲ ਹੋ ਚੁੱਕਾ ਹੈ। ਟਰੰਪ ਨੇ 4 ਮਈ ਨੂੰ ਇੱਥੇ ਆਸਟਰੇਲਿਆਈ ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ ਨਾਲ ਇੱਕ ਦਾਅਵਤ ਵਿਚ ਸ਼ਾਮਲ ਹੋਣਾ ਸੀ।




ਪ੍ਰਦਰਸ਼ਕਾਰੀਆਂ ਨੇ ਸਪੈਨਿਸ਼ ਭਾਸ਼ਾ ਵਿਚ ਕਿਹਾ, "ਟਰੰਪ ਸੁਣੋ., ਅਸੀਂ ਲੜਾਈ 'ਚ ਹਾਂ।" ਕੁਝ ਪ੍ਰਦਰਸ਼ਨਕਾਰੀ ਬਰਤਨ ਵੀ ਵਜਾ ਰਹੇ ਸਨ। ਇੱਕ ਪੋਸਟਰ 'ਤੇ ਲਿਖਿਆ ਸੀ, "ਅਮਰੀਕਾ ਦੀ ਰੱਖਿਆ ਕਰੋ, ਓਬਾਮਾਕੇਅਰ ਨੂੰ ਬਚਾਓ।" ਰੀਅਲ ਸਟੇਟ ਦਲਾਲ ਨੀਨਾ ਹੋਰੋਵਿਟਜ਼ ਨੇ ਕਿਹਾ, "ਮੈਂ ਇੱਥੇ ਟਰੰਪ ਦੀ ਹਰ ਚੀਜ਼ ਦਾ ਵਿਰੋਧ ਕਰਨ ਲਈ ਹਾਂ। ਇਹ ਕਿਸੇ ਵੀ ਹਾਲਤ ਵਿਚ ਰਾਸ਼ਟਰਪਤੀ ਬਣਨ ਦੇ ਕਾਬਲ ਨਹੀਂ ਹੈ।" ਰਿਬਪਲਿਕਨ ਪਾਰਟੀ ਦੀ ਹਕੂਮਤ ਵਾਲੀ ਪ੍ਰਤੀਨਿਧੀ ਸਭਾ ਨੇ ਬਹੁਤ ਘੱਟ ਵੋਟਿੰਗ ਦੇ ਅੰਤਰ ਨਾਲ ਓਬਾਮਾਕੇਅਰ ਨੂੰ ਰੱਦ ਕਰਨ ਅਤੇ ਉਸ ਦੀ ਥਾਂ ਲੈਣ ਲਈ ਇੱਕ ਨਵਾਂ ਬਿੱਲ ਪਾਸ ਕਰ ਦਿੱਤਾ। ਹੋਰੋਵਿਟਜ਼ ਨੇ ਕਿਹਾ, "ਮੇਰੇ ਲਈ ਇਹ ਹੈਰਾਨ ਕਰਨ ਵਾਲਾ ਹੈ।" ਟਰੰਪ ਦੀ ਉਨ੍ਹਾਂ ਦੇ ਜੱਦੀ ਸ਼ਹਿਰ ਵਿਚ ਪਹਿਲੀ ਯਾਤਰਾ ਦਾ ਕਈ ਸੰਗਠਨਾਂ ਨੇ ਵਿਰੋਧ ਕੀਤਾ। ਰਿਪਬਲਿਕਨ ਪਾਰਟੀ ਦੀਆਂ ਨੀਤੀਆਂ ਦਾ ਡੈਮੋਕ੍ਰੇਟਿਕ ਦੀ ਬਹੁਲਤਾ ਵਾਲੇ ਸ਼ਹਿਰਾਂ ਵਿਚ ਅਕਸਰ ਵਿਰੋਧ ਕੀਤਾ ਜਾਂਦਾ ਹੈ।

# ਟਰੰਪ ਨੇ ਓਬਾਮਾਕੇਅਰ ਦੀ 'ਵਾਸਤਵਿਕ ਮੌਤ' ਦਾ ਕੀਤਾ ਐਲਾਨ

### *ਪ੍ਰਤੀਨਿਧ ਸਦਨ ਦੀ ਬਹੁਤ ਥੋੜ੍ਹੇ ਫ਼ਰਕ ਨਾਲ ਮਿਲੀ ਪ੍ਰਵਾਨਗੀ*

**ਵਾਸ਼ਿੰਗਟਨ/ਬਿਊਰੋ ਨਿਊਜ਼ :** ਬਰਾਕ ਓਬਾਮਾ ਦੇ ਸਿਹਤ ਸੰਭਾਲ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਆਪਣੀ ਯੋਜਨਾ ਨੂੰ ਪ੍ਰਤੀਨਿਧ ਸਦਨ ਦੀ ਬਹੁਤ ਥੋੜ੍ਹੇ ਫਰਕ ਨਾਲ ਪ੍ਰਵਾਨਗੀ ਮਿਲਣ ਮਗਰੋਂ ਹਸੂੰ ਹਸੂੰ ਕਰਦੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਓਬਾਮਾਕੇਅਰ ਦੀ 'ਵਾਸਤਵਿਕ ਮੌਤ' ਦਾ ਐਲਾਨ ਕੀਤਾ। ਪ੍ਰਦਰਸ਼ਨਕਾਰੀਆਂ ਦੇ 'ਸ਼ਰਮ ਕਰੋ' ਦੇ ਨਾਅਰਿਆਂ ਤੋਂ ਅਣਭਿੱਜ ਟਰੰਪ ਅਤੇ ਰਿਪਬਲਿਕਨਾਂ ਨੇ ਇਹ ਬਿੱਲ ਪਾਸ ਹੋਣ ਮਗਰੋਂ ਜਸ਼ਨ ਮਨਾਏ। ਭਾਵੇਂ ਵੋਟਿੰਗ ਵੱਡੇ ਪੱਧਰ ਉਤੇ ਪਾਰਟੀ ਲਾਈਨ ਉਤੇ ਹੋਈ ਅਤੇ ਕਿਸੇ ਵੀ ਡੈਮੋਕਰੇਟ ਨੇ ਇਸ ਬਿੱਲ ਦੀ ਹਮਾਇਤ ਨਹੀਂ ਕੀਤੀ, ਜਦੋਂ ਕਿ 20 ਰਿਪਬਲਿਕਨਾਂ ਨੇ ਬਿੱਲ ਦਾ ਵਿਰੋਧ ਕੀਤਾ। ਇਹ ਓਬਾਮਾ ਦੇ 'ਐਫੋਰਡੇਬਲ ਕੇਅਰ ਐਕਟ' ਨੂੰ ਖ਼ਤਮ ਕਰਨ ਦੀ ਦਿਸ਼ਾ ਵਿੱਚ ਪਹਿਲਾ ਕਦਮ ਹੈ। ਰਿਪਬਲਿਕਨਾਂ ਨੇ



'ਅਮਰੀਕਨ ਹੈਲਥ ਕੇਅਰ ਐਕਟ' ਨੂੰ 217 ਵੋਟਾਂ ਨਾਲ ਪਾਸ ਕੀਤਾ, ਜਦੋਂ ਕਿ ਵਿਰੋਧ ਵਿੱਚ 213 ਵੋਟਾਂ ਪਈਆਂ। ਇਸ ਤੋਂ ਕੁਝ ਮਿੰਟਾਂ ਬਾਅਦ ਵ੍ਹਾਈਟ ਹਾਊਸ ਦੇ ਮੈਦਾਨ ਵਿੱਚ ਜਸ਼ਨ ਸ਼ੁਰੂ ਹੋ ਗਏ। ਇਸ ਜਿੱਤ ਉਤੇ ਟਰੰਪ ਨੇ ਕਿਹਾ ਕਿ ਉਹ ਰਾਸ਼ਟਰਪਤੀ ਵਜੋਂ ਵਧੀਆ ਕੰਮ ਕਰ ਰਹੇ ਹਨ।

ਵ੍ਹਾਈਟ ਹਾਊਸ ਦੇ ਮੈਦਾਨ ਵਿੱਚ ਨਵੇਂ ਸਿਹਤ ਸੰਭਾਲ ਬਿੱਲ ਦੀ ਮੁੱਖ ਕਰਤਾ-ਧਰਤਾ ਭਾਰਤੀ-ਅਮਰੀਕੀ ਸੀਮਾ ਵਰਮਾ ਨੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਸਟੇਜ ਸਾਂਝੀ ਕੀਤੀ। ਰਾਸ਼ਟਰਪਤੀ ਨੇ ਉਨ੍ਹਾਂ ਦੀ ਕਈ ਕਾਨੂੰਨਸਾਜ਼ਾਂ ਨੂੰ ਓਬਾਮਾਕੇਅਰ ਨੂੰ ਖ਼ਤਮ ਕਰਨ ਦੀ ਲੋੜ ਬਾਰੇ ਮਨਾਉਣ ਲਈ ਸ਼ਲਾਘਾ ਕੀਤੀ। ਸੀਮਾ ਵਰਮਾ 'ਸੈਂਟਰਜ਼ ਫਾਰ ਮੈਡੀਕੇਅਰ ਅਤੇ ਮੈਡੀਕੇਡ ਸਰਵਿਸਜ਼' ਦੇ ਪ੍ਰਸ਼ਾਸਕ ਹਨ।

### ਟਰੰਪ ਨੇ ਟਰਨਬੁੱਲ ਨਾਲ ਸੁਲ੍ਹਾ-ਸਫ਼ਾਈ ਲਈ ਕੀਤੀ ਮੀਟਿੰਗ

**ਨਿਊਯਾਰਕ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਸਟਰੇਲਿਆਈ ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ ਨਾਲ ਸੁਲ੍ਹਾ-ਸਫ਼ਾਈ ਲਈ ਮੀਟਿੰਗ ਕੀਤੀ। ਟਰੰਪ ਨੇ ਕਿਹਾ ਕਿ ਜਨਵਰੀ ਵਿੱਚ ਟੈਲੀਫੋਨ ਗੱਲਬਾਤ ਦੌਰਾਨ ਹੋਏ ਵਿਵਾਦ ਮਗਰੋਂ ਸਾਰੇ ਮਸਲੇ ਹੱਲ ਹੋ ਗਏ ਹਨ। ਉਨ੍ਹਾਂ ਕਿਹਾ ਕਿ ਨਿਊਯਾਰਕ ਵਿੱਚ ਟਰਨਬੁੱਲ ਨਾਲ ਕਈ ਮਸਲਿਆਂ ਉਤੇ ਗੱਲਬਾਤ ਹੋਈ।

## ਸਿੱਖਾਂ ਨੂੰ ਪਟਕਾ ਬੰਨ੍ਹ ਕੇ ਤੇ ਮੁਸਲਮਾਨਾਂ ਨੂੰ ਹਿਜ਼ਾਬ ਪਹਿਨ ਕੇ ਖੇਡਣ ਦੀ ਇਜਾਜ਼ਤ

### *ਫੀਬਾ ਨੇ ਸਿਰ ਢੱਕ ਕੇ ਖੇਡਣ ਤੋਂ ਪਾਬੰਦੀ ਹਟਾਈ*

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਚੋਟੀ ਦੇ ਕਾਨੂੰਨ ਘਾੜਿਆਂ ਅਤੇ ਸਿੱਖ-ਅਮਰੀਕੀਆਂ ਨੇ ਕੌਮਾਂਤਰੀ ਬਾਸਕਟਬਾਲ ਸੰਘ ਵਲੋਂ ਪਟਕਾ ਤੇ ਹਿਜ਼ਾਬ ਪਹਿਣ ਕੇ ਖੇਡਾਂ ਵਿਚ ਹਿੱਸਾ ਲੈਣ ਦੀ ਦਿੱਤੀ ਆਗਿਆ ਦਾ ਸਵਾਗਤ ਕੀਤਾ ਹੈ। ਕੌਮਾਂਤਰੀ ਬਾਸਕਿਟਬਾਲ ਸੰਘ (ਐਫ.ਆਈ.ਬੀ.ਏ.) ਨੇ ਸਖ਼ਤ ਵਿਰੋਧ ਅਤੇ ਨਿੰਦਾ ਦੇ ਚੱਲਦਿਆਂ ਪੇਸ਼ੇਵਰ ਸਿੱਖ ਖਿਡਾਰੀਆਂ ਦੇ ਪਟਕਾ ਬੰਨ੍ਹ ਕੇ ਅਤੇ ਮੁਸਲਮਾਨ ਖਿਡਾਰੀਆਂ ਨੂੰ 'ਹਿਜ਼ਾਬ' ਪਹਿਨ ਕੇ ਖੇਡਣ 'ਤੇ ਲਾਈ ਰੋਕ ਹਟਾ ਦਿੱਤੀ ਹੈ। ਐਫ.ਆਈ.ਬੀ.ਏ. ਵੱਲੋਂ ਲਏ ਫੈਸਲੇ ਅਨੁਸਾਰ ਹੁਣ ਖਿਡਾਰੀ ਮੈਦਾਨ ਵਿਚ ਆਪਣੇ ਧਾਰਮਿਕ ਨਿਯਮ ਅਨੁਸਾਰ ਸਿਰ ਢੱਕ ਕੇ ਖੇਡ ਸਕਣਗੇ। ਕਾਂਗਰਸਮੈਨ ਜੋ ਕਰਾਉਲੇ ਅਤੇ ਐਮੀ ਬੇਰਾ ਨੇ ਸਾਂਝੇ ਬਿਆਨ ਰਾਹੀਂ ਇਸ ਫ਼ੈਸਲੇ ਨੂੰ ਸ਼ਲਾਘਾਯੋਗ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ ਅਤੇ ਹੁਣ ਇਹ ਸਿੱਖ ਖਿਡਾਰੀਆਂ ਲਈ ਖ਼ੁਸ਼ੀ ਦੀ ਗੱਲ ਹੈ ਕਿ ਉਹ ਖੇਡਾਂ ਰਾਹੀਂ ਆਪਣਾ ਬਿਹਤਰ ਪ੍ਰਦਰਸ਼ਨ ਦਿਖਾ ਸਕਣਗੇ। ਉਨ੍ਹਾਂ ਕਿਹਾ ਕਿ ਖੇਡਾਂ ਨਿੱਜਤਾ ਅਤੇ ਭਾਈਚਾਰਿਆਂ ਤੋਂ ਉਪਰ ਹੁੰਦੀਆਂ ਹਨ। ਇਹ ਸਵੈ-ਮਾਣ, ਸਾਂਝ ਅਤੇ ਦੋਸਤਾਨਾਂ ਮੁਕਾਬਲੇ ਦੀ ਭਾਵਨਾ ਹੁੰਦੀ ਹੈ। ਇਸ ਵਿਚ ਕਿਸੇ ਤਰ੍ਹਾਂ ਭੇਦਭਾਵ ਨਹੀਂ ਹੋਣਾ ਚਾਹੀਦਾ। ਸਿੱਖ ਕੋਲੀਜ਼ਨ ਦੇ ਸੀਨੀਅਰ ਮੈਂਬਰ ਸਿਮਰਨ ਜੀਤ ਸਿੰਘ ਨੇ ਕਿਹਾ ਕਿ 'ਫੀਬਾ ਨੇ ਪੂਰੇ ਸੰਸਾਰ ਨੂੰ ਇਹ ਸਪਸ਼ਟ ਸੁਨੇਹਾ ਦਿੱਤਾ ਹੈ ਕਿ ਖੇਡਾਂ ਵਿਚ ਵਖਰੇਵਾਂ ਤੇ ਸਹਿਣਸ਼ੀਲਤਾ ਹੁੰਦੀ ਹੈ। ਜੇਕਰ ਇਸ ਨੂੰ ਢੁਕਵੇਂ ਤਰੀਕੇ ਨਾਲ ਲਾਗੂ ਕੀਤਾ ਜਾਵੇ ਤਾਂ ਇਹ ਭੇਦਭਾਵ ਖ਼ਤਮ ਹੋ ਜਾਵੇਗਾ ਤੇ ਹਜ਼ਾਰਾਂ ਨੌਜਵਾਨਾਂ ਲਈ ਆਪਣੇ ਸੁਪਨੇ ਕਰਨ ਲਈ ਹੋਰ ਰਾਹ ਖੁੱਲ੍ਹਣਗੇ। ਕਿਸੇ ਨੂੰ ਵੀ ਆਪਣੀ ਖੇਡ ਤੇ ਆਪਣੇ ਵਿਸ਼ਵਾਸ ਵਿਚੋਂ ਕਿਸੇ ਇਕ ਦੀ ਚੋਣ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕੇਗਾ। ਸਿੱਖ ਅਮੇਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰ ਨੇ ਵੀ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਸੰਸਥਾ ਦੇ ਜ਼ੋਇਆ ਸਿੰਘ ਨੇ ਕਿਹਾ ਕਿ ਬਾਸਕਿਟਬਾਲ ਖਿਡਾਰੀ ਹੁਣ ਆਖ਼ਰ ਆਜ਼ਾਦ ਹੋ ਕੇ ਖੇਡ ਸਕਣਗੇ। ਉਮੀਦ ਹੈ ਕਿ ਇਸ ਨਾਲ ਹੋਰਨਾਂ ਖੇਡ ਇਕਾਈਆਂ ਨੂੰ ਵੀ ਚੰਗਾ ਸੁਨੇਹਾ ਜਾਵੇਗਾ। ਜ਼ਿਕਰਯੋਗ ਹੈ ਕਿ ਬਾਸਕਿਟਬਾਲ ਸੰਘ ਵੱਲੋਂ ਜਾਰੀ ਬਿਆਨ ਅਨੁਸਾਰ ਕੁਝ ਦੇਸ਼, ਜਿਨ੍ਹਾਂ ਵਿਚ ਰਵਾਇਤੀ ਰਿਵਾਜ਼ ਅਨੁਸਾਰ ਸਿਰ ਜਾਂ ਫਿਰ ਸਾਰਾ ਸਰੀਰ ਢੱਕਣ ਕੇ ਰੱਖਣ ਦਾ ਨਿਯਮ ਹੈ, ਕਰਕੇ ਆਪਣੇ ਪਹਿਲੇ ਕਾਨੂੰਨ ਦੀ ਥਾਂ ਸਿੱਖਾਂ ਨੂੰ ਸਿਰ 'ਤੇ ਪਟਕਾ ਬੰਨ੍ਹ ਕੇ ਅਤੇ ਮੁਸਲਮਾਨਾਂ ਨੂੰ 'ਹਿਜ਼ਾਬ' ਪਹਿਨ ਕੇ ਖੇਡਣ ਦੀ ਇਜ਼ਾਜਤ ਦੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਏਸ਼ੀਆਈ ਖੇਡਾਂ-2014 ਵਿਚ ਸਿਰ ਤੇ ਸਰੀਰ ਢੱਕ ਕੇ ਖੇਡਣ ਦੀ ਇਜ਼ਾਜਤ ਨਾ ਮਿਲਣ ਕਰਕੇ ਕਤਰ ਦੀਆਂ ਔਰਤਾਂ ਦੀ ਬਾਸਕਿਟਬਾਲ ਟੀਮ ਨੇ ਖੇਡਣ ਤੋਂ ਨਾਂਹ ਕਰ ਦਿੱਤੀ ਸੀ। ਉਸੇ ਸਾਲ ਹੀ ਚੀਨ ਏਸ਼ੀਆ ਕੱਪ ਦੌਰਾਨ ਸਿੱਖ ਖਿਡਾਰੀਆਂ ਵੱਲੋਂ ਸਿਰ ਢੱਕ ਕੇ ਖੇਡਣ 'ਤੇ ਪਾਬੰਦੀ ਦੇ ਮੁੱਦੇ 'ਤੇ ਵੀ ਬਾਸਕਿਟਬਾਲ ਸੰਘ ਮੁਸ਼ਕਲਾਂ ਵਿਚ ਘਿਰ ਗਿਆ ਸੀ।

## ਅਮਰੀਕਾ ਨੇ ਭਾਰਤ ਦੀ ਸਹਾਇਤਾ ਰੋਕੀ ਪਰ ਪਾਕਿਸਤਾਨ ਨੂੰ 20 ਕਰੋੜ ਡਾਲਰ ਦੀ ਮਦਦ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਹੁਣ ਬੇਸ਼ੱਕ ਅਮਰੀਕਾ ਦਾ ਥਿੰਕਟੈਂਕ ਇਹ ਕਹਿੰਦਾ ਰਹੇ ਕਿ ਅੱਤਵਾਦ ਨੂੰ ਪਾਲਣ ਵਾਲੇ ਪਾਕਿਸਤਾਨ ਨੂੰ ਆਰਥਿਕ ਮਦਦ ਬੰਦ ਦੇਣੀ ਚਾਹੀਦੀ ਹੈ ਪਰ ਅਮਰੀਕਾ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ 20 ਕਰੋੜ ਡਾਲਰ ਦੀ ਮਦਦ ਨੂੰ ਬੰਦ ਨਹੀਂ ਕਰਨ ਵਾਲਾ। ਇਹ ਖੁਲਾਸਾ ਅਮਰੀਕਾ ਵਲੋਂ ਦੂਸਰੇ ਦੇਸ਼ਾਂ ਨੂੰ ਦਿੱਤੇ ਜਾਣ ਵਾਲੇ ਬਜਟ ਦੇ ਸੰਵੇਦਨਸ਼ੀਲ ਦਸਤਾਵੇਜ਼ਾਂ ਤੋਂ ਹੋਇਆ ਹੈ।

ਦਸਤਾਵੇਜ਼ਾਂ ਅਨੁਸਾਰ ਅਮਰੀਕਾ ਸਾਲ 2018 ਵਿਚ ਭਾਰਤ ਨੂੰ ਮਿਲਣ ਵਾਲੀ ਆਰਥਿਕ ਮਦਦ ਵਿਚ ਕਟੌਤੀ ਕਰਨ ਜਾ ਰਿਹਾ ਹੈ। ਫਿਲਹਾਲ ਅਧਿਕਾਰਿਤ ਤੌਰ 'ਤੇ ਅਮਰੀਕਾ ਵਲੋਂ ਇਸ ਦਾ ਐਲਾਨ ਨਹੀਂ ਕੀਤਾ ਗਿਆ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਆਰਥਿਕ ਮਦਦ ਵਿਚ ਕਟੌਤੀ ਨੂੰ ਭਾਰਤ ਲਈ ਕਰਾਰਾ ਝਟਕਾ ਮੰਨਿਆ ਜਾ ਰਿਹਾ ਹੈ। ਅਜੇ ਤਕ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਭਾਰਤ ਸਮਰਥਕ ਅਤੇ ਪਾਕਿਸਤਾਨ ਵਿਰੋਧੀ ਮੰਨਿਆ ਜਾ ਰਿਹਾ ਸੀ ਪਰ ਟਰੰਪ ਪ੍ਰਸ਼ਾਸਨ ਦੀ ਬਜਟ ਕਟੌਤੀ ਦੀ ਯੋਜਨਾ ਨੇ ਇਸ ਨਜ਼ਰੀਏ ਨੂੰ ਬਦਲ ਦਿੱਤਾ ਹੈ। 15 ਪੇਜ ਦੇ ਲੀਕ ਦਸਤਾਵੇਜ਼ਾਂ ਅਨੁਸਾਰ ਅਮਰੀਕੀ ਰੱਖਿਆ ਬਜਟ ਵਿਚ 10 ਫੀਸਦੀ ਦੇ ਵਾਧੇ ਨਾਲ 54 ਅਰਬ ਡਾਲਰ ਕਰਨਾ ਚਾਹੁੰਦਾ ਹੈ ਜਿਸ ਨੂੰ ਪੂਰਾ ਕਰਨ ਲਈ ਇਹ ਕਟੌਤੀ ਕੀਤੀ ਜਾ ਰਹੀ ਹੈ।

# ਮੈਕਰੌਨ ਬਣੇ ਫਰਾਂਸ ਦੇ ਸਭ ਤੋਂ ਛੋਟੀ ਉਮਰ ਦੇ ਰਾਸ਼ਟਰਪਤੀ

**ਪੈਰਿਸ/ਬਿਊਰੋ ਨਿਊਜ਼ :** 39 ਸਾਲ ਦੇ ਇਮੈਨੁਅਲ ਮੈਕਰੌਨ ਫਰਾਂਸ ਦੇ ਨਵੇਂ ਰਾਸ਼ਟਰਪਤੀ ਚੁਣੇ ਗਏ ਹਨ। ਉਹ ਦੇਸ਼ ਦੇ ਹੁਣ ਤਕ ਦੇ ਸਭ ਤੋਂ ਨੌਜਵਾਨ ਰਾਸ਼ਟਰਪਤੀ ਹਨ। ਐਤਵਾਰ ਨੂੰ ਹੋਈ ਵੋਟਿੰਗ ਵਿਚ ਉਨ੍ਹਾਂ ਨੂੰ 65.5% ਵੋਟਾਂ ਮਿਲੀਆਂ। ਮੈਕਰੌਨ ਨੇ ਲੀ ਪੇਨ ਨੂੰ ਹਰਾਇਆ। ਰਾਸ਼ਟਰਪਤੀ ਦੇ ਅਹੁਦੇ ਲਈ ਫਰਾਂਸ ਦੇ ਵੋਟਰਾਂ ਨੇ ਇਤਿਹਾਸਕ ਵੋਟਿੰਗ ਕੀਤੀ। ਇਸ ਮੌਕੇ ਮੈਕਰੌਨ ਨੇ ਕਿਹਾ, 'ਫਰਾਂਸ ਦੇ ਲੰਬੇ ਇਤਿਹਾਸ ਵਿਚ ਇਕ ਨਵਾਂ ਅਧਿਆਏ ਸ਼ੁਰੂ ਹੋ ਰਿਹਾ ਹੈ। ਮੈਂ ਚਾਹੁੰਦਾ ਹੈ ਕਿ ਇਹ ਨਵੀਂ ਉਮੀਦ ਅਤੇ ਭਰੋਸਾ ਬਣ ਕੇ ਉਭਰੇ।' ਜ਼ਿਕਰਯੋਗ ਹੈ ਕਿ ਇਨ੍ਹਾਂ ਚੋਣਾਂ ਵਿਚ 11 ਉਮੀਦਵਾਰ ਮੈਦਾਨ ਵਿਚ ਸਨ। ਪਹਿਲੇ ਗੇੜ ਵਿਚ ਲੀ ਪੇਨ ਅਤੇ ਮੈਕਰੌਨ ਸ਼ਿਖ਼ਰ 'ਤੇ ਰਹੇ। ਚੋਣ ਮੁਹਿੰਮ ਦੌਰਾਨ ਬੇਹੱਦ ਹੇਠਲੇ ਪੱਧਰ ਦੀ ਭਾਸ਼ਾ ਵਰਤੀ ਗਈ। ਪੇਨ ਨੇ ਚੋਣ ਨਤੀਜਿਆਂ ਨੂੰ ਇਤਿਹਾਸਕ ਫ਼ੈਸਲਾ ਕਰਾਰ ਦਿੰਦਿਆਂ ਮੈਕਰੌਨ ਨੂੰ ਵਧਾਈ ਦਿੱਤੀ। ਬਰਤਾਨੀਆ ਦੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਤੇ ਜਰਨਲ ਚਾਂਸਲਰ ਏਂਜਲਾ ਮਰਕਲ ਵੱਲੋਂ ਵੀ ਵਧਾਈਆਂ ਆ ਚੁੱਕੀਆਂ ਹਨ ਤੇ ਦੁਨੀਆ ਭਰ ਵਿਚੋਂ ਹੋਰ ਵਧਾਈਆਂ ਦੇ ਸੁਨੇਹੇ ਉਨ੍ਹਾਂ ਨੂੰ ਮਿਲ ਰਹੇ ਹਨ।




**ਰੁਝਾਨਾਂ ਤੋਂ ਹੀ ਮੈਕਰੌਨ ਦੀ ਜਿੱਤ ਤੈਅ ਲੱਗਣ ਲੱਗੀ :** ਵੋਟਿੰਗ ਸ਼ੁਰੂ ਹੋਣ ਤੋਂ ਕੁਝ ਹੀ ਦੇਰ ਪਹਿਲਾਂ ਮੁੱਖ ਉਮੀਦਵਾਰ ਮਰੀਨ ਲੀ ਪੇਨ ਦੇ ਪਿਤਾ ਜਯਾਂ ਮੇਰੀ ਲੀ ਪੇਨ ਨੇ ਕਿਹਾ, 'ਮੇਰੀ ਧੀ ਰਾਸ਼ਟਰਪਤੀ ਦੇ ਅਹੁਦੇ ਦੇ ਲਾਇਕ ਨਹੀਂ ਹੈ।' ਵੋਟਿੰਗ ਰੁਝਾਨ ਤੋਂ ਹੀ ਲੱਗਣ ਲੱਗਾ ਸੀ ਕਿ ਯੂਰਪ ਤੇ ਵਪਾਰਕ ਸਮਰਥਕ ਮੈਕਰੌਨ ਦੇ ਹੱਕ ਵਿਚ ਜ਼ਿਆਦਾ ਲੋਕ ਹਨ। ਫਰਾਂਸ ਵਿਚ ਵੋਟਿੰਗ ਪੇਪਰ ਬੈਲਟ ਨਾਲ ਹੋਈ। ਇਹ ਪਹਿਲਾ ਮੌਕਾ ਸੀ ਜਦੋਂ ਚੋਣਾਂ ਵਿਚ ਫਰਾਂਸ ਦੀ ਕੋਈ ਮੁੱਖ ਪਾਰਟੀ ਨਹੀਂ ਸੀ। ਮੌਜੂਦਾ ਰਾਸ਼ਟਰਪਤੀ ਫਰਾਂਸਵਾ ਓਲਾਂਦ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਤੇ ਉਨ੍ਹਾਂ ਦੀ ਪਾਰਟੀ ਦੇ ਉਮੀਦਵਾਰ ਪਹਿਲੇ ਦੌਰ ਦੀ ਵੋਟਿੰਗ ਵਿਚ ਹੀ ਮੈਦਾਨ ਤੋਂ ਬਾਹਰ ਹੋ ਗਏ।

**ਕੌਣ ਹੈ ਮੈਕਰੌਨ ? :** ਮੈਕਰੌਨ ਇਕ ਸਾਬਕਾ ਬੈਂਕਰ ਹਨ। ਉਨ੍ਹਾਂ ਨੇ ਪਹਿਲੀ ਵਾਰ ਚੋਣ ਲੜੀ ਹੈ। ਮੈਕਰੌਨ ਦਾ ਜਨਮ ਉਤਰੀ ਫਰਾਂਸ ਵਿਚ ਹੋਇਆ ਸੀ। 2012 ਵਿਚ ਉਨ੍ਹਾਂ ਨੇ ਰਾਸ਼ਟਰਪਤੀ ਓਲਾਂਦ ਦਾ ਸੀਨੀਅਰ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। 2014 ਵਿਚ ਇਨ੍ਹਾਂ ਨੂੰ ਵਿਤ ਮੰਤਰਾਲੇ ਵਿਚ ਕੰਮਕਾਜ ਸੌਂਪਿਆ ਗਿਆ ਸੀ। 2016 ਵਿਚ ਮੈਕਰੌਨ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਸਾਹਮਣੇ ਆਏ। ਮੈਕਰੌਨ ਨੂੰ ਬਰਾਕ ਓਬਾਮਾ ਦਾ ਵੀ ਸਮਰਥਨ ਮਿਲਿਆ ਹੈ।

# ਗੁਰਦੁਆਰਾ ਸਿੰਘ ਸਭਾ ਰੈਨਟਨ ਦੀ 11 ਮੈਂਬਰੀ ਨਵੀਂ ਪ੍ਰਬੰਧਕ ਕਮੇਟੀ ਕਾਇਮ, ਜਗਮੋਹਰ ਸਿੰਘ ਵਿਰਕ ਬਣੇ ਮੁੱਖ ਸੇਵਾਦਾਰ

**ਸਿਆਟਲ/ਬਿਊਰੋ ਨਿਊਜ਼ :** ਸਿਆਟਲ ਦੇ ਪ੍ਰਮੁੱਖ ਗੁਰਦੁਆਰਾ ਸਿੰਘ ਸਭਾ ਰੈਨਟਨ ਦੀ 11 ਮੈਂਬਰੀ ਨਵੀਂ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਪੰਜ ਮੈਂਬਰੀ ਪੈਨਲ ਵੱਲੋਂ ਚੁਣੇ ਗਏ ਮੈਂਬਰਾਂ ਦਾ ਐਲਾਨ ਕੀਤਾ ਗਿਆ, ਜਿਸ ਦੀ ਸੰਗਤ ਨੇ ਜੈਕਾਰਿਆਂ ਨਾਲ ਪ੍ਰਵਾਨਗੀ ਦਿੱਤੀ। ਗੁਰਦੁਆਰਾ ਦੇ ਮੈਨੇਜਰ ਹਰਸ਼ਰਨ ਸਿੰਘ ਤੇ ਖ਼ਜ਼ਾਨਚੀ ਹਰਜਿੰਦਰ ਸਿੰਘ ਕਲੇਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਵੀਂ ਪ੍ਰਬੰਧਕ ਕਮੇਟੀ



ਵਿਚ ਜਗਮੋਹਰ ਸਿੰਘ ਵਿਰਕ ਮੁੱਖ ਸੇਵਾਦਾਰ, ਜਰਨੈਲ ਸਿੰਘ ਪੰਨੂ ਮੀਤ ਮੁੱਖ ਸੇਵਾਦਾਰ, ਅਵਤਾਰ ਸਿੰਘ ਆਦਮਪੁਰੀ ਜਨਰਲ ਸਕੱਤਰ, ਸਨਮੋਹਣ ਸਿੰਘ ਮੀਤ ਪ੍ਰਧਾਨ, ਮੋਹਣ ਸਿੰਘ ਖਜ਼ਾਨਚੀ, ਗਗਨਦੀਪ ਸਿੰਘ ਮੀਤ ਖਜ਼ਾਨਚੀ ਅਤੇ ਜੋਗਿੰਦਰ ਸਿੰਘ ਮਾਣਕੂ, ਸੰਦੀਪ ਸਿੰਘ ਗੁਰਨਾ, ਜੁਝਾਰ ਸਿੰਘ, ਦਲਬੀਰ ਸਿੰਘ ਗੁਰਾਇਆ ਤੇ ਗੁਰਦੇਵ ਸਿੰਘ ਸੰਘਾ ਨੂੰ ਮੈਂਬਰ ਚੁਣਿਆ ਗਿਆ ਹੈ, ਜੋ ਦੋ ਸਾਲ ਲਈ ਗੁਰਦੁਆਰੇ ਦਾ ਪ੍ਰਬੰਧ ਚਲਾਉਣ ਲਈ ਸੇਵਾ ਕਰਨਗੇ। ਉਨ੍ਹਾਂ ਦੱਸਿਆ ਕਿ ਪੰਜ ਮੈਂਬਰੀ ਪੈਨਲ ਵੀ ਦੋ ਸਾਲ ਲਈ ਕੰਮ ਕਰਦਾ ਰਹੇਗਾ। ਜੇਕਰ ਕੋਈ ਅਹੁਦੇਦਾਰ ਜਾਂ ਮੈਂਬਰ ਗ਼ੈਰ-ਹਾਜ਼ਰ ਜਾਂ ਸੇਵਾ ਵਿਚ ਕੁਤਾਹੀ ਕਰਦਾ ਹੈ ਤਾਂ ਉਸ ਨੂੰ ਪੈਨਲ ਰਾਹੀਂ ਬਦਲਿਆ ਜਾ ਸਕਦਾ ਹੈ। ਖ਼ਾਲਸਾ ਸਾਜਨਾ ਦਿਵਸ 21 ਮਈ ਨੂੰ ਸ਼ੋਵੇਅਰ ਸੈਂਟਰ ਕੈਂਟ ਵਿਚ ਮਨਾਉਣ ਲਈ ਦੋਨੋਂ ਕਮੇਟੀਆਂ ਮਿਲ ਕੇ ਕੰਮ ਕਰਨਗੀਆਂ ਪ੍ਰੰਤੂ ਜੂਨ ਦੇ ਪਹਿਲੇ ਹਫ਼ਤੇ ਨਵੀਂ ਕਮੇਟੀ ਚਾਰਜ ਸੰਭਾਲੇਗੀ।

# ਹੁਣ ਏਡਜ਼ ਦਾ ਪੱਕਾ ਇਲਾਜ ਸੰਭਵ



## ਗੁਰੂਮੇਲ ਸਿੱਧੂ

ਇਨਸਾਨਾਂ ਵਿਚ ਏਡਜ਼ (AIDS) ਦੀ ਬੀਮਾਰੀ ਦੋ ਕੁ ਦਹਾਕਿਆਂ ਤੋਂ ਹਊਆ ਬਣੀ ਹੋਈ ਹੈ। ਅੱਜ ਤਕ ਇਹ



ਲਾਇਲਾਜ ਹੀ ਰਹੀ ਹੈ। ਪਰ ਹੁਣ ਇਸ ਘਾਤਕ ਬੀਮਾਰੀ ਦੇ ਸਦੀਵੀ ਇਲਾਜ ਦੀ ਸੰਭਾਵਨਾ ਪੈਦਾ ਹੋ ਗਈ ਹੈ।

**ਏਡਜ਼ ਹੈ ਕੀ ?**

ਪਾਠਕਾਂ ਦੀ ਸਹੂਲਤ ਲਈ ਇਸ ਬਾਰੇ ਸੰਖੇਪ ਜਾਣਕਾਰੀ ਲਾਭਦਾਇਕ ਰਹੇਗੀ। ਏਡਜ਼ ਇਕ ਹਿਵ (HIV ਹਿਊਮਨ ਅਮੀਨੋਡੈਫੀਸ਼ੈਨਸੀ ਵਾਇਰਸ) ਨਾਮੀਂ ਵਾਇਰਸ ਨਾਲ ਹੁੰਦੀ ਹੈ ਜੋ ਸਰੀਰ ਵਿਚਲੇ ਚਿੱਟੇ ਕੋਸ਼ਾਂ (White Blood Cells) ਨੂੰ ਨਸ਼ਟ ਕਰਦੀ ਹੈ, ਫਲਸਰੂਪ, ਸਰੀਰ ਦਾ ਰੋਗ ਸੁਰੱਖਿਅਤ ਪ੍ਰਬੰਧ (Immune system) ਨਕਾਰਾ ਹੋ ਜਾਂਦਾ ਹੈ। ਇਨ੍ਹਾਂ ਕੋਸ਼ਾਂ ਨੂੰ ਟੀ-ਹਿਲਪਰ (T-helper=CD4) ਕੋਸ਼ ਕਹਿੰਦੇ ਹਨ ਜੋ ਖ਼ੂਨ ਦੇ ਲਾਲ ਕੋਸ਼ਾਂ ਦੇ ਨਾਲ ਹੀ ਸਰੀਰ ਵਿਚ ਗਸ਼ਤ ਕਰਦੇ ਹਨ। ਚਿੱਟੇ ਕੋਸ਼ ਸਰੀਰ ਵਿਚਲੀਆਂ ਬੀਮਾਰੀਆ ਦੇ ਕਟਾਣੂਆਂ ਦਾ ਸੱਤਿਆ ਨਾਸ ਕਰਦੇ ਹਨ। ਏਡਜ਼ ਵਾਇਰਸ ਚਿੱਟੇ ਕੋਸ਼ਾਂ ਦੇ ਅੰਦਰ ਵੜ ਕੇ ਆਪਣੇ ਆਪ ਦੀਆਂ ਕਾਪੀਆਂ ਬਣਾਉਂਦੀ ਰਹਿੰਦੀ ਹੈ। ਜਦ ਇਹ ਕੋਸ਼ ਕਾਪੀਆਂ ਨਾਲ ਤੂੜੇ ਜਾਂਦੇ ਹਨ ਤਾਂ ਫਟਦੇ ਹਨ, ਫਲਸਰੂਪ, ਲੱਖਾਂ ਕਰੋੜਾਂ ਨਵੇਂ ਕਣ ਖ਼ੂਨ ਵਿਚ ਰਲ ਕੇ ਚਿੱਟੇ ਕੋਸ਼ਾਂ ਨੂੰ ਲੱਗੀ ਜਾਂਦੇ ਹਨ। ਜਦ ਖ਼ੂਨ ਵਿਚ ਚਿੱਟੇ ਕੋਸ਼ਾਂ ਦੀ ਗਿਣਤੀ ਘੁਟ ਜਾਂਦੀ ਹੈ ਤਾਂ ਸਰੀਰ ਨੂੰ ਕਈ ਪ੍ਰਕਾਰ ਦੀਆਂ ਲਾਗ ਦੀਆਂ ਬੀਮਾਰੀਆਂ (Infectious Diseases) ਲੱਗਣ ਦਾ ਰਾਹ ਖੁੱਲ੍ਹ ਜਾਂਦਾ ਹੈ। ਇਨ੍ਹਾਂ ਵਿਚ ਉੱਲੀ (Fungus), ਬੈਕਟੇਰੀਆਂ (Bacteria), ਵਾਇਰਸ (Virus) ਆਦਿ ਸ਼ਾਮਿਲ ਹਨ। ਬੰਦਾ ਸਿੱਧੇ ਤੌਰ ਤੇ ਏਡਣ ਦੀ ਵਾਇਰਸ ਨਾਲ ਨਹੀਂ ਮਰਦਾ, ਇਸ ਦੀ ਵਜ੍ਹਾ ਕਰਕੇ ਲਗੀਆਂ ਬੀਮਾਰੀਆ ਨਾਲ ਮਰਦਾ ਹੈ। ਇਸ ਕਰਕੇ ਇਸ ਬੀਮਾਰੀ ਦਾ ਨਾਂ ਏਡਜ਼ (AIDS ਐਕੁਆਰਿਡ ਅਮਇਊਨ ਡੈਫੀਸ਼ੈਨਸੀ ਸਿੰਡਰੋਮ) ਹੈ।

**ਏਡਜ਼ ਲੱਗਣ ਦੇ ਕਾਰਨ**

ਵਿਸ਼ਵ ਪੱਧਰ ਉੱਤੇ ਮੁੱਖ ਰੂਪ ਵਿੱਚ ਸਰੀਰਕ ਸਬੰਧਾਂ ਭਾਵ ਸੰਭੋਗ ਕਾਰਨ ਏਡਜ਼ ਰੋਗ ਦਾ ਲੱਗ ਜਾਣ ਦੇ ਮਾਮਲੇ ਸਾਹਮਣੇ ਆਉਂਦੇ ਹਨ। ਹੋਰ ਕਾਰਨ ਵੀ ਹਨ ਜੋ ਹੇਠ ਲਿਖੇ ਅਨੁਸਾਰ ਹਨ :

1. **ਸੰਭੋਗ (Sexual intercourse)**: ਏਡਜ਼ ਦਾ ਪ੍ਰੱਮੁਖ ਕਾਰਨ ਖੁਲ੍ਹਮ-ਖੁੱਲਾ ਸੰਭੋਗ ਹੈ। ਇਹ ਵੀਰਜ ਰਾਹੀਂ ਦੂਜੇ ਬੰਦੇ ਨੂੰ ਲੱਗਦੀ ਹੈ। ਦੂਜਾ ਬੰਦਾ ਚਾਹੇ ਔਰਤ ਹੋਵੇ ਤੇ ਚਾਹੇ ਮਰਦ, ਕੋਈ ਫਰਕ ਨਹੀਂ ਪੈਂਦਾ।
2. **ਗੁਦਾ ਸੰਭੋਗ (Annal sex)**: ਗੁਦਾ ਸੰਭੋਗ ਨਾਲ ਏਡਜ਼ ਦਾ ਹੋਣਾ ਓਨਾ ਹੀ ਸੰਭਵ ਹੈ ਜਿੰਨਾ ਭਗ-ਸੰਭੋਗ ਨਾਲ। ਗੁਦਾ ਸੰਭੋਗ ਔਰਤ-ਮਰਦ ਜਾਂ ਮਰਦ-ਮਰਦ ਵਿਚਕਾਰ ਹੋ ਸਕਦਾ ਹੈ।
3. **ਮੂੰਹ-ਸੰਭੋਗ (Oral sex)**: ਭਾਵੇਂ ਮੂੰਹ-ਸੰਭੋਗ ਰਾਹੀਂ ਏਡਜ਼ ਹੋਣ ਦਾ ਡਰ ਘੱਟ ਹੈ, ਪਰ ਅਜਿਹਾ ਕਰਨ ਨਾਲ ਵੀ ਏਡਜ਼ ਹੋ ਸਕਦੀ ਹੈ।
4. **ਖਲਾਸ ਹੋਣਾ (Ejaculation)**: ਵੀਰਜ ਦਾ ਭਗ (Vagina) ਦੇ ਅੰਦਰ ਖਲਾਸ ਹੋਣਾ ਜ਼ਰੂਰੀ ਨਹੀਂ, ਆਲੇ ਦੁਆਲੇ ਡੁੱਲਣ ਨਾਲ ਵੀ ਏਡਜ਼ ਲੱਗ ਸਕਦੀ ਹੈ, ਬਸ਼ਰਤੇ ਕਿ ਵੀਰਜ (Semen) ਵਿਚ ਏਡਜ਼ ਦੇ ਕਣ ਹੋਣ।
5. **ਭਗ-ਰਸ (Vaginal fluid)**: ਏਡਜ਼ ਵਾਲੀ ਔਰਤ ਦੇ ਭਗ-ਰਸ ਵਿਚ ਏਡਜ਼ ਦੇ ਕਣ ਜਿੰਦਾ ਰਹਿ ਸਕਦੇ ਹਨ। ਸੰਭੋਗ ਵੇਲੇ ਰਗੜਾਂ ਲੱਗਣ ਨਾਲ ਇਹ ਕਣ ਨਿਰੋਗ ਬੰਦੇ ਵਿਚ ਜਾ ਸਕਦੇ ਹਨ, ਬੰਦਾ ਚਾਹੇ ਮਰਦ ਹੋਵੇ ਤੇ ਚਾਹੇ ਔਰਤ।
6. **ਖ਼ੂਨ-ਬਦਲੀ (Blood transfusion)**: ਏਡਜ਼ ਵਾਲੇ ਬੰਦੇ ਦਾ ਖ਼ੂਨ ਜੇ ਨਿਰੋਗ ਬੰਦੇ ਵਿਚ ਚੜ੍ਹਾਇਆ ਜਾਵੇ ਤਾਂ ਏਡਜ਼ ਹੋ ਜਾਂਦੀ ਹੈ।
7. **ਨਸ਼ੇ ਦੀਆਂ ਸੂਈਆਂ ਰਾਹੀਂ (Drug needles)**: ਇਹ ਬੀਮਾਰੀ ਨਸ਼ਾ-ਪੱਤਾ ਕਰਨ ਵਾਲਿਆਂ ਵਿਚ ਸੂਆਂ ਦੀ ਸਾਂਝੀ ਵਰਤੋਂ ਨਾਲ ਹੋ ਜਾਂਦੀ ਹੈ।
8. **ਮਾਂ ਤੋਂ ਬੱਚੇ ਨੂੰ (Mother to unborn child)**: ਮਾਂ ਤੋਂ ਜੰਮਣ ਵਾਲੇ ਬੱਚੇ ਨੂੰ ਦੋ ਤਰ੍ਹਾ ਏਡਜ਼ ਲੱਗ ਸਕਦੀ ਹੈ।

(ੳ)-ਮਾਂ ਦੇ ਖ਼ੂਨ ਚੋਂ ਏਡਜ਼ ਵਾਇਰਸ ਦੇ ਕਣ ਨਾੜੂ ਰਾਹੀਂ ਜੰਮਣ ਵਾਲੇ ਬੱਚੇ ਵਿਚ ਜਾ ਸਕਦੇ ਹਨ।

(ਅ)-ਬੱਚੇ ਦੇ ਜੰਮਣ ਵੇਲੇ ਭਗ-ਰਸ ਚੋਂ ਏਡਜ਼ ਲੱਗ ਸਕਦੀ ਹੈ।

9. **ਦੁੱਧ ਚੁੰਘਣਾ (Breast feedig)**: ਏਡਜ਼ ਵਾਲੀ ਮਾਂ ਦਾ ਦੁੱਧ ਚੁੰਗਣ ਨਾਲ ਬੱਚੇ ਨੂੰ ਏਡਜ਼ ਹੋ ਸਕਦੀ ਹੈ।
10. **ਮੁੰਮੇਂ ਚੁੰਘਣਾ (Breast sucking)**: ਉਤੇਜਤ ਕਰਨ ਲਈ ਕਈ ਮਰਦ (ਜਾਂ ਔਰਤਾਂ) ਮੁੰਮੇਂ ਚੁੰਗਦੇ ਹਨ। ਜੇ ਇਨ੍ਹਾਂ ਵਿਚੋਂ ਕਿਸੇ ਸਾਥੀ ਨੂੰ ਏਡਜ਼ ਹੋਵੇ ਤਾਂ ਇਹ ਦੂਜੇ ਨੂੰ ਲੱਗ ਸਕਦੀ ਹੈ।
11. **ਦੰਦੀ ਵੱਡਣ ਨਾਲ (Biting)**: ਦੰਦੀ ਵੱਡਣ ਨਾਲ ਜੇ ਖ਼ੂਨ ਨਿਕਲੇ ਜਾਂ ਖਰਾਸ ਹੋ ਜਾਵੇ ਤਾਂ ਵੀ ਏਡਜ਼ ਹੋ ਸਕਦੀ ਹੈ।
12. **ਚੁੰਮੀ ਲੈਣ ਨਾਲ (Kissing)**: ਆਮ ਕਰਕੇ ਚੁੰਮੀ ਲੈਣ ਨਾਲ ਏਡਜ਼ ਨਹੀਂ ਹੁੰਦੀ, ਪਰ ਜੇ ਮੂੰਹ ਵਿਚ ਜ਼ਖ਼ਮ ਜਾਂ ਮਸੂੜੀਆਂ ਚੋਂ ਲਹੂ ਸਿੰਮਦਾ ਹੋਵੇ ਤਾਂ ਏਡਜ਼ ਹੋ ਸਕਦੀ ਹੈ।
13. **ਪਸੀਨੇ ਰਾਹੀਂ (Sweat)**: ਆਮ ਕਰਕੇ ਪਸੀਨੇ ਰਾਹੀਂ ਏਡਜ਼ ਨਹੀਂ ਹੁੰਦੀ, ਪਰ ਜੇ ਏਡਜ਼ ਵਾਲੇ ਇਨਸਾਨ ਦੇ ਪਸੀਨੇ ਵਿਚ ਖ਼ੂਨ ਰਲਿਆ ਹੋਵੇ ਜਾਂ ਵੇਗਮਈ ਸੰਭੋਗ ਵੇਲੇ ਰਗੜਾਂ ਲੱਗਣ ਕਾਰਨ ਪਸੀਨਾ ਆਵੇ ਤਾਂ ਵੀ ਏਡਜ਼ ਹੋ ਸਕਦੀ ਹੈ।
14. **ਖਰੂੰਡਣਾ (Scratching)**: ਖਰੂੰਡ ਵੱਡਣ ਨਾਲ ਲਹੂ ਨਿਕਲ ਸਕਦਾ ਹੈ ਜਿਸ ਕਰਕੇ ਏਡਜ਼ ਦੀ ਵਾਇਰਸ ਇਕ ਦੂਜੇ ਦੇ ਖ਼ੂਨ ਵਿਚ ਰਲ ਸਕਦੀ ਹੈ।



**ਕਰਿਸਪਰ ਨਾਲ ਏਡਣ ਦੇ ਜੀਨ ਦੀ ਕਟਾਈ।**

ਜ਼ਰੂਰੀ ਨੋਟ: ਏਡਜ਼ ਦੀ ਬੀਮਾਰੀ ਹਵਾ-ਪਾਣੀ ਰਾਹੀਂ, ਛਿੱਕ ਮਾਰਨ ਨਾਲ, ਕੱਪੜਿਆਂ ਦੀ ਛੋਹ ਕਾਰਨ, ਜੱਫੀ ਪਾਉਣ ਕਰਕੇ, ਹੱਥ ਮਿਲਾਉਣ ਨਾਲ, ਕਮੋਡ ਦੀ ਸੀਟ ਸਾਂਝੀ ਕਰਨ ਨਾਲ, ਕੁਰਸੀ ਅਤੇ ਸੋਫੇ ਤੇ ਬਹਿਣ ਨਾਲ ਨਹੀਂ ਹੁੰਦੀ। ਇਹ ਖ਼ੂਨ ਦੇ ਚਿੱਟੇ ਕੋਸ਼ਾਂ ਵਿਚ ਹੁੰਦੀ ਹੈ, ਇਸ ਲਈ ਏਡਜ਼ ਵਾਲੇ ਮਰੀਜ਼ਾਂ ਦੇ ਖ਼ੂਨ ਦਾ ਦੂਜੇ ਬੰਦਿਆਂ ਦੇ ਖ਼ੂਨ ਵਿਚ ਰਲਣਾ ਜ਼ਰੂਰੀ ਹੈ। ਇਕ ਗੱਲ ਹੋਰ, ਆਮ ਬੰਦੇ ਵਿਚ ਚਿੱਟੇ ਖ਼ੂਨ ਦੇ ਕੋਸ਼ਾਂ ਦੀ ਗਿਣਤੀ 1000 ਤੋਂ ਉੱਤੇ ਹੁੰਦੀ ਹੈ, ਜੇ ਇਹ 200 ਕੋਸ਼ਾਂ ਤੋਂ ਹੇਠਾਂ ਆ ਜਾਵੇ ਤਾਂ ਏਡਜ਼ ਹੋ ਸਕਦੀ ਹੈ।

### ਏਡਜ਼ ਦਾ ਪੱਕਾ ਇਲਾਜ: "ਕਰਿਸਪਰ" (CRISPR) ਤਕਨੀਕ

ਏਡਜ਼ ਵਾਇਰਸ ਨੂੰ ਜੜ੍ਹਾਂ ਤੋਂ ਉਖਾੜਨ ਲਈ ਇਕ ਨਵੀਂ ਤਕਨੀਕ ਲੱਭੀ ਹੈ। ਇਹ ਤਕਨੀਕ ਡੀ.ਐਨ.ਏ. ਅਤੇ ਆਰ. ਐਨ.ਏ. ਕਣਾਂ (DNA and RNA Molecules) ਤੇ ਆਧਾਰ ਹੈ। ਇਹ ਕਣ ਇਕ ਦੂਜੇ ਦੇ ਪੂਰਕ (Complementary) ਹਨ, ਅਰਥਾਤ ਇਨ੍ਹਾਂ ਵਿਚ ਚੁੰਬਕ ਕਰਗੀ ਖਿੱਚ ਹੈ। ਇਹ ਜੀਵਾਂ ਦੇ ਸਰੀਰ ਦੇ ਹਰ ਕੋਸ਼ ਵਿਚ ਹੁੰਦੇ ਹਨ।

"ਕਰਿਸਪਰ" ਇਕ ਛੋਟੀ ਜਹੀ ਲੜੀ ਦਾ ਨਾਂ ਹੈ ਜੋ ਆਰ.ਐਨ.ਏ. ਕਣ ਦੀ ਬਣੀ ਹੋਈ ਹੈ। ਇਹ ਇਕ-ਕੋਸ਼ੇ (Single cell) ਜੀਵਾਂ ਜਿਵੇਂ, ਬੈਕਟੇਰੀਆ, ਵਾਇਰਸ ਆਦਿ ਵਿਚ ਕੁਦਰਤਨ ਪਾਈ ਜਾਂਦੀ ਹੈ। ਇਸ ਲੜੀ ਦਾ ਕਰਤਵ ਜੀਵ ਨੂੰ ਲਾਗ ਦੀਆਂ ਬੀਮਾਰੀਆਂ ਤੋਂ ਬਚਾਉਣਾ ਹੈ। "ਕਰਿਸਪਰ" ਜੀਵ ਚੋਂ ਬੀਮਾਰੀ ਵਾਲੇ ਜੀਨ ਨੂੰ ਪਚਿਾਣ ਕੇ ਨਸ਼ਟ ਕਰ ਦਿੰਦੀ ਹੈ। ਇਹ ਇਕ ਪ੍ਰਕਾਰ ਨਾਲ ਕੈਂਚੀ ਦਾ ਕੰਮ ਕਰਦੀ ਹੈ। ਜਨੈਟਿਕਸ ਦੇ ਮਾਹਰਾਂ ਨੇ "ਕਰਿਸਪਰ" ਦੀ ਲੜੀ ਵਿਚ ਕੁਝ ਤਬਦੀਲੀਆਂ ਕਰਕੇ ਏਡਣ ਨੂੰ ਨਸ਼ਟ ਕਰਨ ਦੇ ਕਾਬਿਲ ਬਣਾ ਲਿਆ ਹੈ। "ਕਰਿਸਪਰ" ਚਿੱਟੇ ਕੋਸ਼ਾਂ ਵਿਚ ਵੜ ਕੇ ਏਡਜ਼ ਵਾਇਰਸ ਦੇ ਜੀਨਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨਾਲ ਚਿੰਬੜ ਜਾਂਦੀ ਹੈ ਕਿਉਂਕਿ ਚਿੱਟੇ ਕੋਸ਼ਾਂ ਦੇ ਡੀ.ਐਨ.ਏ. (DNA) ਅਤੇ ਕਰਿਸਪਰ ਦੀ ਲੜੀ ਦੇ ਆਰ.ਐਨ.ਏ. (RNA) ਇਕ ਦੂਜੇ ਦੇ ਪੂਰਕ ਹਨ। ਕਰਿਸਪਰ ਦੀ ਲੜੀ ਏਡਜ਼ ਦੇ ਜੀਨਾਂ ਨੂੰ ਕੱਟ ਕੇ ਨਸ਼ਟ ਕਰ ਦਿੰਦੀ ਹੈ। ਇਕ ਪ੍ਰਕਾਰ ਨਾਲ ਕਰਿਸਪਰ ਦੀ ਲੜੀ ਕੈਂਚੀ ਦਾ ਕੰਮ ਕਰਦੀ ਹੈ।

ਨਵੇਂ ਤਜਰਬੇ ਏਡਜ਼ ਨਾਲ ਮਰ ਰਹੇ ਚੂਹਿਆਂ ਵਿਚ ਕੀਤੇ ਗਏ ਹਨ, 90% ਚੂਹੇ ਏਡਜ਼ ਦੀ ਬੀਮਾਰੀ ਤੋਂ ਬਚ ਗਏ ਹਨ। ਸ਼ੀਘਰ ਹੀ "ਕਰਿਸਪਰ" ਦੀ ਤਕਨੀਕ ਨੂੰ ਪਹਿਲਾਂ ਬਾਂਦਰਾਂ ਅਤੇ ਫੇਰ ਇਨਸਾਨਾਂ ਵਿਚ ਦੁਹਰਾਇਆ ਜਾਵੇਗਾ। ਉਹ ਦਿਨ ਦੂਰ ਨਹੀਂ ਜਦ ਇਨਸਾਨਾਂ ਨੂੰ ਏਡਜ਼ ਦੀ ਨਾਮੁਰਾਦ ਬੀਮਾਰ ਤੋਂ ਛੁਟਕਾਰਿਆ ਮਿਲ ਜਾਵੇਗਾ। ਯਾਦ ਰਹੇ ਕਿ ਅਜ ਤਕ ਕਈ ਪ੍ਰਕਾਰ ਦੀਆਂ ਦੁਆਈਆਂ ਨੂੰ ਰਲਾ ਕੇ ਏਡਜ਼ ਦੀ ਵਾਇਰਸ ਨੂੰ ਕੇਵਲ ਦਬਾਇਆ ਜਾਂਦਾ ਹੈ, ਨਸ਼ਟ ਨਹੀਂ ਕੀਤਾ ਜਾਂਦਾ। ਏਡਣ ਵਾਇਰਸ ਖ਼ੂਨ ਦੇ ਚਿੱਟੇ ਕੋਸ਼ਾਂ ਵਿਚ ਸੁੱਤੀ ਰਹਿੰਦੀ ਹੈ ਜਿਸ ਕਰਕੇ ਏਡਜ਼ ਦੇ ਮਰੀਜ਼ ਕੁਝ ਰਾਹਤ ਮਹਿਸੂਸ ਕਰਦੇ ਹਨ, ਪਰ ਮੁਕੰਮਲ ਤੌਰ ਤੇ ਵਾਇਰਸ ਤੋਂ ਨਿਜਾਤ ਨਹੀਂ ਪਾਉਂਦੇ। ਇਸ ਲਈ ਦੁਆਈਆਂ ਲਗਾਤਾਰ ਪੈਂਦੀਆਂ ਹਨ। "ਕਰਿਸਪਰ" ਦੀ ਤਕਨੀਕ ਏਡਜ਼ ਦੇ ਮਰੀਜ਼ਾਂ ਲਈ ਸ਼ੀਘਰ ਹੀ ਵਰਦਾਨ ਸਿੱਧ ਹੋਵੇਗੀ।

*ਬਾਕੀ*

## ਸਿੱਖ ਪੰਥ ਲਈ ਗਹਿਰਾਏ ਚਿੰਤਾਜਨਕ ਮਸਲੇ

ਕਰ ਰਿਹਾ ਹੁੰਦਾ ਹੈ। ਇਹ ਸਵਾਲ ਵੀ ਬਣਦਾ ਹੈ ਕਿ ਉਹ ਕਿਹੜਾ ਅਜਿਹਾ ਲਾਲਚ ਸੀ ਜੋ ਜਥੇਦਾਰ ਦਮਦਮਾ ਸਾਹਿਬ ਸਮੇਤ ਬਾਕੀ ਜਥੇਦਾਰਾਂ ਨੂੰ ਦਿੱਤਾ ਗਿਆ। ਉਂਜ ਵੀ, ਜਥੇਦਾਰ ਦਮਦਮਾ ਸਾਹਿਬ ਦੀ ਜ਼ਮੀਰ ਕਰੀਬ ਦੋ ਸਾਲਾਂ ਬਾਅਦ ਕਿਉਂ ਜਾਗੀ ? ਇੱਕ ਸਵਾਲ ਇਹ ਵੀ ਹੈ ਕਿ ਪਤਿਤ ਸਿੱਖ ਕੀ ਸ੍ਰੀ ਅਕਾਲ ਤਖ਼ਤ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ ? ਕੀ ਉਹ ਪਤਿਤ ਹੋਣ ਦੀ ਭੁੱਲ ਬਖਸ਼ਵਾਏ ਬਿਨਾਂ ਅਕਾਲ ਤਖ਼ਤ 'ਤੇ ਪੇਸ਼ ਹੋ ਸਕਦੇ ਹਨ ?

ਮੌਜੂਦਾ ਸਥਿਤੀ ਵਿੱਚ ਜ਼ਿਆਦਾ ਚਿੰਤਾਜਨਕ ਗੱਲ ਹੈ ਗਿਆਨੀ ਗੁਰਮੁਖ ਸਿੰਘ ਦੇ ਨਾਲ ਵਾਲੇ ਚਾਰ ਸਿੰਘ ਸਾਹਿਬਾਨ ਦੀ ਖ਼ਾਮੋਸ਼ੀ। ਗਿਆਨੀ ਗੁਰਮੁਖ ਸਿੰਘ ਦੇ ਬਿਆਨ ਨਾਲ ਬਾਕੀ ਚਾਰਾਂ ਜਥੇਦਾਰਾਂ ਵੱਲ ਵੀ ਉਂਗਲ ਖੜ੍ਹੀ ਹੁੰਦੀ ਹੈ। ਉਨ੍ਹਾਂ ਦੀ ਆਪਣੀ ਜ਼ਮੀਰ ਕੀ ਕਹਿੰਦੀ ਹੈ ? ਜਥੇਦਾਰੀ ਦੇ ਅਹੁਦੇ 'ਤੇ ਪਹੁੰਚਣ 'ਤੇ ਜਥੇਦਾਰ ਵੱਲੋਂ ਇਸ ਸਰਵਉੱਚ ਅਹੁਦੇ ਦੀ ਉੱਚਤਾ ਅਤੇ ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ ਸਹੁੰ ਚੁੱਕੀ ਹੁੰਦੀ ਹੈ। ਇਸ ਪੁਜ਼ੀਸ਼ਨ 'ਤੇ ਜੋ ਵਚਨਬੱਧਤਾ ਹੈ, ਉਹ ਗ੍ਰੰਥ ਅਤੇ ਪੰਥ ਨੂੰ ਸਮਰਪਿਤ ਹੈ। ਫ਼ੈਸਲੇ ਸਿਰਫ਼ ਗ੍ਰੰਥ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਸਿਰ ਜੋੜ ਕੇ ਇਮਾਨਦਾਰੀ ਨਾਲ ਲੈਣੇ ਬਣਦੇ ਹਨ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਕੀ ਇਹ ਸਿੱਧ ਨਹੀਂ ਹੋ ਜਾਂਦਾ ਕਿ ਅਜੋਕੇ ਜਥੇਦਾਰ ਇਸ ਸਰਵਉੱਚ ਅਹੁਦੇ ਦੇ ਕਾਬਿਲ ਹੀ ਨਹੀਂ ਹਨ ? ਐੱਸ.ਜੀ.ਪੀ.ਸੀ. ਦੀ ਮੀਟਿੰਗ ਵਿੱਚ ਜਿਸ ਤਰੀਕੇ ਨਾਲ ਗਿਆਨੀ ਗੁਰਮੁਖ ਸਿੰਘ ਨੂੰ ਅਹੁਦੇ ਤੋਂ ਹਟਾਇਆ ਗਿਆ ਹੈ, ਉਸ ਤੋਂ ਕੋਈ ਚੰਗੇ ਸੰਕੇਤ ਨਹੀਂ ਮਿਲਦੇ। ਇਸ ਕਰਕੇ ਸਿੱਖ ਜਗਤ ਵਿੱਚ ਇਹ ਸ਼ੰਕਾ ਉਭਰੀ ਕਿ ਕਮੇਟੀ ਦੀ ਮੀਟਿੰਗ ਵਿੱਚ ਜੋ ਫ਼ੈਸਲਾ ਲਿਆ ਗਿਆ, ਉਹ ਪਹਿਲਾਂ ਹੀ ਨਿਸ਼ਚਿਤ ਹੋ ਚੁੱਕਾ ਸੀ ਅਤੇ ਇਹ ਮੀਟਿੰਗ ਮਹਿਜ਼ ਖ਼ਾਨਾਪੂਰਤੀ ਸੀ। ਇੰਨਾ ਅਹਿਮ ਮਾਮਲਾ ਬਗ਼ੈਰ ਮਾਕੂਲ ਨੋਟਿਸ ਦਿੱਤੇ ਕਿਵੇਂ ਵਿਚਾਰਿਆ ਜਾ ਸਕਦਾ ਸੀ ? ਪਿਛਲੇ ਕੁਝ ਸਮੇਂ ਤੋਂ ਸਿੱਖ ਜਗਤ ਤੇ ਨਿੱਘਰ ਰਹੇ ਹਾਲਾਤ ਦੇਖ ਕੇ ਮਨ ਵਿੱਚ ਸਵਾਲ ਪੈਦਾ ਹੁੰਦਾ ਹੈ ਕਿ ਸਿੰਘ ਸਭਾ ਲਹਿਰ ਅਤੇ ਆਗੂਆਂ ਨੇ ਤਾਂ ਪੁਜਾਰੀਆਂ ਤੇ ਮਹੰਤਾਂ ਪਾਸੋਂ ਗੁਰਦੁਆਰੇ ਬੜੀਆਂ ਕੁਰਬਾਨੀਆਂ ਦੇ ਕੇ ਆਜ਼ਾਦ ਕਰਵਾਏ ਅਤੇ ਪੰਥ ਦੇ ਹਵਾਲੇ ਕੀਤੇ ਸਨ, ਕੀ ਅੱਜ ਪੰਥ ਨੇ ਗੁਰਦੁਆਰੇ ਮੁੜ ਸਿੱਖੀ ਸਰੂਪ ਵਾਲੇ ਮਹੰਤਾਂ ਦੇ ਅਧਿਕਾਰ ਵਿੱਚ ਦੇ ਦਿੱਤੇ ਹਨ ? ਐੱਸ.ਜੀ.ਪੀ.ਸੀ. ਦੇ ਬਣਨ ਤੋਂ ਬਾਅਦ ਸਿੱਖਾਂ ਦੇ ਸਮਾਜਿਕ ਅਤੇ ਸਿਆਸੀ ਹਿੱਤਾਂ ਦੀ ਦੇਖ-ਭਾਲ ਦੀ ਜ਼ਰੂਰਤ ਨੂੰ ਪੂਰਾ ਕਰਨ ਵਾਸਤੇ ਅਕਾਲੀ ਦਲ ਇੱਕ ਸਿਆਸੀ-ਸਮਾਜਿਕ ਜਥੇਬੰਦੀ ਦੇ ਤੌਰ 'ਤੇ ਸਮੁੱਚੇ ਸਿੱਖ ਜਗਤ ਦੇ ਹਿੱਤਾਂ ਦੀ ਰਾਖੀ ਲਈ ਸਾਡੇ ਬਜ਼ੁਰਗਾਂ ਨੇ ਕਾਇਮ ਕੀਤਾ ਸੀ। ਇਹ ਐੱਸ.ਜੀ.ਪੀ.ਸੀ. ਦੇ ਤਹਿਤ ਸੀ। ਪਰ ਅੱਜ ਬਦਲਦੇ ਹਾਲਾਤ ਵਿੱਚ ਇੰਜ ਜਾਪਦਾ ਹੈ ਜਿਵੇਂ ਐੱਸ.ਜੀ.ਪੀ.ਸੀ., ਅਕਾਲੀ ਦਲ ਦੇ ਮਾਤਹਿਤ ਹੋਵੇ। ਮੇਰਾ ਸਵਾਲ ਪੰਥ ਪ੍ਰਤੀ ਹੈ ਕਿ ਸ੍ਰੀ ਅਕਾਲ ਤਖ਼ਤ ਕੀ ਸਚਮੁੱਚ ਸਰਵਉੱਚ ਹੈ ? ਮੌਜੂਦਾ ਹਾਲਾਤ ਦੇ ਪੈਦਾ ਹੋਣ ਦਾ ਕੌਣ ਜ਼ਿੰਮੇਵਾਰ ਹੈ ? ਡੇਰੇ ਤੋਂ ਹਮਾਇਤ ਲੈਣ ਦੇ ਮਾਮਲੇ ਵਿੱਚ ਜੇ ਪਾਰਦਰਸ਼ਤਾ ਦਰਸਾਉਂਦਿਆਂ ਅਤੇ ਗ੍ਰੰਥ ਤੇ ਪੰਥ ਦੀ ਪ੍ਰਤਿਸ਼ਠਾ ਨੂੰ ਕਾਇਮ ਰੱਖਦਿਆਂ ਫ਼ੈਸਲਾ ਕੀਤਾ ਜਾਂਦਾ ਤਾਂ ਅਕਾਲ ਤਖ਼ਤ ਦਾ ਸਤਿਕਾਰ ਵਧਣਾ ਸੀ। ਜਥੇਦਾਰਾਂ ਦੀ ਚੁੱਪ ਵੇਖ ਕੇ ਗੁਰਬਾਣੀ ਦੀ ਤੁਕ ਯਾਦ ਆਉਂਦੀ ਹੈ "ਹਉ ਆਪਹੁ ਬੋਲਿ ਨਾ ਜਾਣਦਾ ਮੈਂ ਕਹਿਆ ਸਭੁ ਹੁਕਮਾਉ ਜੀਉ।"

**(ਲੇਖਕ ਉੱਘਾ ਪੰਥਕ ਵਿਚਾਰਵਾਨ ਤੇ ਵਿਦਵਾਨ ਹੈ)**

## ਅੰਮ੍ਰਿਤਸਰ ਵਿੱਚ ਅਕਾਲੀ-ਕਾਂਗਰਸੀ ਟਰਾਂਸਪੋਰਟਰ ਕਰਿੰਦਿਆਂ ਦੀ ਗੁੰਡਾਗਰਦੀ

ਦੇ ਕਰਿੰਦਿਆਂ ਨੂੰ ਦੂਜੀ ਧਿਰ ਵੱਲੋਂ ਧਮਕੀਆਂ ਦਿੱਤੇ ਜਾਣ ਦਾ ਦੌਰ ਸ਼ੁਰੂ ਹੋ ਗਿਆ ਸੀ ਅਤੇ ਕਿਹਾ ਜਾ ਰਿਹਾ ਸੀ ਕਿ ਉਨ੍ਹਾਂ ਦੀਆਂ ਬੱਸਾਂ ਨਹੀਂ ਚੱਲਣ ਦਿੱਤੀਆਂ ਜਾਣਗੀਆਂ, ਜਦੋਂ ਕਿ ਉਨ੍ਹਾਂ ਦੀਆਂ ਸਾਰੀਆਂ ਬੱਸਾਂ ਦੇ ਪਰਮਿਟ ਹਨ ਅਤੇ ਉਹ ਕੋਈ ਬੱਸ ਬਿਨ੍ਹਾਂ ਗੈਰ ਕਾਨੂੰਨੀ ਢੰਗ ਨਾਲ ਨਹੀਂ ਚਲਾ ਰਹੇ। ਉਨ੍ਹਾਂ ਦੱਸਿਆ ਕਿ ਇਹ ਕਾਂਗਰਸੀਆਂ ਵੱਲੋਂ ਕੀਤੀ ਗਈ ਸ਼ਰ੍ਹੇਆਮ ਗੁੰਡਾਗਰਦੀ ਸੀ, ਜਿਸ ਵਿਚ ਉਨ੍ਹਾਂ ਦੇ 3 ਮੁਲਾਜ਼ਮ ਜਖ਼ਮੀ ਹੋ ਗਏ ਹਨ। ਦੂਜੇ ਪਾਸੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਪਿਆਰ ਬੱਸ ਸਰਵਿਸ ਦੇ ਮਾਲਕ ਹਰਪਿੰਦਰ ਸਿੰਘ ਰਾਜਨ ਨੇ ਦੋਸ਼ ਲਗਾਇਆ ਕਿ ਉਨ੍ਹਾਂ 'ਤੇ ਉਕਤ ਧਿਰ ਵੱਲੋਂ ਗੁੰਡਾਗਰਦੀ ਕੀਤੀ ਗਈ ਹੈ, ਜਿਸ ਵਿਚ ਉਨ੍ਹਾਂ ਦੇ 3, 4 ਮੁਲਾਜ਼ਮਾਂ ਨੂੰ ਸੱਟਾਂ ਲੱਗੀਆਂ ਹਨ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਦੂਜੀ ਧਿਰ ਵੱਲੋਂ ਗੋਲੀਆਂ ਵੀ ਚਲਾਈਆਂ ਗਈਆਂ ਹਨ। ਇਸ ਸਬੰਧੀ ਏ.ਸੀ.ਪੀ. ਪੂਰਬੀ ਸ. ਪ੍ਰਭਜੋਤ ਸਿੰਘ ਵਿਰਕ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਸਬੰਧੀ ਬਾਬਾ ਬੁੱਢਾ ਬੱਸ ਸਰਵਿਸ ਦੇ 7 ਮੁਲਾਜ਼ਮਾਂ ਖਿਲਾਫ਼ ਵੱਖ-ਵੱਖ ਧਰਾਵਾਂ ਤਹਿਤ ਪਰਚਾ ਦਰਜ ਕਰ ਲਿਆ ਗਿਆ ਹੈ, ਜਿਸ ਵਿਚ ਉਨ੍ਹਾਂ ਦਾ ਅੱਡਾ ਇੰਚਾਰਜ ਵੀ ਸ਼ਾਮਲ ਹੈ।

ਜਲੰਧਰ : ਇੱਥੋਂ ਦੇ ਅੰਤਰਰਾਜੀ ਬੱਸ ਅੱਡੇ 'ਤੇ ਸਾਬਕਾ ਅਕਾਲੀ ਮੰਤਰੀ ਨਿਰਮਲ ਸਿੰਘ ਕਾਹਲੋਂ ਦੀ ਬਾਬਾ ਬੁੱਢਾ ਜੀ ਬੱਸ ਸਰਵਿਸ ਕੰਪਨੀ ਦਾ ਕੰਮਕਾਜ ਦੇਖ ਰਹੇ ਦਲਜੀਤ ਸਿੰਘ ਬੌਬੀ 'ਤੇ 25-30 ਵਿਅਕਤੀਆਂ ਨੇ ਤਲਵਾਰਾਂ ਤੇ ਹੋਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਉਸ ਦੇ ਸਿਰ, ਖੱਬੀ ਬਾਂਹ ਤੇ ਖੱਬੀ ਲੱਤ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਬੌਬੀ ਨੇ ਦੌੜ ਕੇ ਬੱਸ ਅੱਡੇ ਅੰਦਰਲੀ ਪੁਲੀਸ ਚੌਕੀ ਵਿੱਚ ਵੜ ਕੇ ਜਾਨ ਬਚਾਈ। ਹਮਲਾਵਰ ਉਸ ਦੇ ਪਿੱਛੇ ਕਿਰਪਾਨਾਂ ਲੈ ਕੇ ਦੌੜੇ। ਗੰਭੀਰ ਜ਼ਖ਼ਮੀ ਬੌਬੀ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਉਸ ਦੇ ਸਿਰ ਵਿੱਚ ਦੋ ਦਰਜਨ ਤੋਂ ਵੱਧ ਟਾਂਕੇ ਲੱਗੇ ਹਨ। ਇਸ ਦੌਰਾਨ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਰਵੀਕਰਨ ਸਿੰਘ ਕਾਹਲੋਂ ਨੇ ਦੱਸਿਆ ਕਿ ਬਿਆਸ ਦੇ ਕਾਂਗਰਸੀ ਆਗੂ ਦਾ ਇਕ ਭਰਾ ਜਲੰਧਰ ਵਿੱਚ ਅਫਸਰ ਲੱਗਿਆ ਹੋਇਆ ਹੈ ਤੇ ਉਸ ਦੇ ਗੰਨਮੈਨ ਉਨ੍ਹਾਂ ਦੇ ਕਰਿੰਦਿਆਂ ਨੂੰ ਧਮਕੀਆਂ ਦੇ ਰਹੇ ਸਨ ਕਿ ਉਹ ਆਪਣੀਆਂ ਬੱਸਾਂ ਬੰਦ ਕਰ ਦੇਣ ਕਿਉਂਕਿ ਉਨ੍ਹਾਂ ਸਪੈਸ਼ਲ ਬੱਸਾਂ ਚਲਾਉਣੀਆਂ ਹਨ। ਉਧਰ ਬੱਸ ਅੱਡੇ ਵਿੱਚ ਬਣੀ ਪੁਲੀਸ ਚੌਕੀ ਦੇ ਸਬ ਇੰਸਪੈਕਟਰ ਮੇਜਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਕੋਈ ਸ਼ਿਕਾਇਤ ਨਹੀਂ ਆਈ ਅਤੇ ਨਾ ਕਿਸੇ ਨੇ ਬਿਆਨ ਦਰਜ ਕਰਵਾਏ ਹਨ, ਇਸ ਲਈ ਅਜੇ ਕੋਈ ਪਰਚਾ ਦਰਜ ਨਹੀਂ ਕੀਤਾ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਦੋਵਾਂ ਧਿਰਾਂ ਵਿਚਾਲੇ ਸਮਝੌਤੇ ਦੀ ਗੱਲ ਚੱਲ ਰਹੀ ਹੈ।


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
Nagar Kirtan
SAN FRANCISCO
ਐਤਵਾਰ 11 ਜੂਨ 2017 ਨੂੰ ਸੈਨ ਫ੍ਰਾਂਸਿਸਕੋ ਵਿਖੇ
Start 11AM at 50 2nd Street ਤੋਂ ਸਿਵਿਕ ਸੈਂਟਰ ਤੱਕ
ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿੱਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿੱਚ 11 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿੱਚ ਹਰ ਸਾਲ ਦੀ ਤਰਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਓ।
FOR MORE INFO: 1-844-REM-1984 • WWW.REMEMBER84.COM
ਬੇਨਤੀ ਕਰਤਾ: ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ

# ਭਾਰਤ ਵਿਰੋਧੀ ਦਹਿਸ਼ਤਗਰਦਾਂ ਦੇ ਸਾਰੇ ਗੁਨਾਹ ਮੁਆਫ਼ ਹਨ ਪਾਕਿਸਤਾਨ ਵਿਚ

**ਪਾਕਿਸਤਾਨ ਵਿਚ ਤਿੰਨ ਹੀ ਚੀਜ਼ਾਂ ਹਨ-ਫ਼ੌਜ, ਦਹਿਸ਼ਤਵਾਦ ਤੇ ਅਵਾਮ। ਸਰਕਾਰ ਤਾਂ ਆਪਣਾ ਤੈਅ ਕੰਮ ਕਰਨ ਵਿਚ ਰੁਝੀ ਹੈ। ਬਾਕੀ ਸਾਰਾ ਕੰਮ ਫ਼ੌਜ ਕਰ ਰਹੀ ਹੈ। ਭਾਰਤ ਦਾ ਵਿਰੋਧ ਕਰਨ ਵਾਲਾ ਹਰ ਸ਼ਖ਼ਸ, ਹਰ ਸੰਗਠਨ ਉਸ ਦਾ ਮਿੱਤਰ ਹੈ। ਫੇਰ ਭਾਵੇਂ ਹੀ ਉਹ ਆਰਮੀ ਸਕੂਲ ਦੇ ਸੈਂਕੜੇ ਬੱਚਿਆਂ ਦਾ ਹਤਿਆਰਾ ਤਾਲਿਬਾਨ ਹੀ ਕਿਉਂ ਨਾ ਹੋਵੇ। ਅਤਿਵਾਦੀਆਂ ਨੂੰ 'ਗੁੱਡ ਜਾਂ ਬੈਡ' ਮੰਨਣ ਵਿਚ ਪਾਕਿਸਤਾਨ ਅਵਾਮ ਵੀ ਦੋ ਹਿੱਸਿਆਂ ਵਿਚ ਵੰਡੀ ਹੈ। ਇਨ੍ਹਾਂ ਸ਼ਬਦਾਂ ਦਾ ਉਥੋਂ ਦੀ ਫ਼ੌਜ ਪੂਰਾ ਇਸਤੇਮਾਲ ਕਰਦੀ ਹੈ। ਉਸ ਨੇ ਪਾਕਿਸਤਾਨ ਦੇ ਅਖ਼ਬਾਰ ਵਿਚ ਇਹ ਲੇਖ ਛਾਪਣ ਹੀ ਨਹੀਂ ਦਿੱਤਾ।**

***ਜੋ ਟੀ.ਵੀ. ਚੈਨਲ ਅਤਿਵਾਦੀਆਂ ਦੇ ਬਿਆਨ-ਇੰਟਰਵਿਊ ਟੀ.ਵੀ. 'ਤੇ ਨਹੀਂ ਦਿਖਾਉਂਦੇ, ਫ਼ੌਜ ਉਸ 'ਤੇ ਦਬਾਅ ਪਾਉਂਦੀ ਹੈ। ਫ਼ੌਜ ਵੀ ਚਾਹੁੰਦੀ ਹੈ ਕਿ ਅਤਿਵਾਦੀ ਸੰਗਠਨ ਦੇ ਨੇਤਾ ਟੀ.ਵੀ. 'ਤੇ ਦਿਖਾਈ ਦੇਣ।***

**ਮੁਹੰਮਦ ਹਨੀਫ**

**ਬਰਤਾਨਵੀ-ਪਾਕਿਸਤਾਨੀ ਲੇਖਕ**



ਭਾਰਤ ਖ਼ਿਲਾਫ਼ ਕਦੇ ਨਾ ਖ਼ਤਮ ਹੋਣ ਵਾਲੇ ਯੁੱਧ ਵਿਚ ਪਾਕਿਸਤਾਨ ਨੇ ਨਵਾਂ ਸਹਿਯੋਗੀ ਤਿਆਰ ਕਰ ਲਿਆ ਹੈ। ਉਹ ਪਾਕਿਸਤਾਨ ਵਿਚ ਸਭ ਤੋਂ ਕਰੂਰ ਹਤਿਆਰਾਂ ਵਿਚੋਂ ਇਕ ਜਨਤਕ ਚਿਹਰਾ ਹੈ। ਕਈ ਵਰ੍ਹਿਆਂ ਤਕ ਉਸ ਨੂੰ ਲਿਆਕਤ ਅਲੀ ਦੇ ਨਾਂ ਨਾਲ ਜਾਣਿਆ ਗਿਆ, ਬਾਅਦ ਵਿਚ ਉਹ ਅਹਿਸਾਨੁਲੱਾਹ ਅਹਿਸਾਨ ਹੋ ਗਿਆ। ਪਾਕਿਸਤਾਨੀ ਨੈਸ਼ਨਲ ਮੀਡੀਆ ਵਿਚ ਉਹ ਜਾਣਿਆ-ਪਛਾਣਿਆ, ਖ਼ੂੰਖਾਰ ਚਿਹਰਾ ਹੈ। ਪਾਕਿਸਤਾਨੀ ਤਾਲਿਬਾਨ ਜਾਂ ਤਹਿਰੀਕ-ਏ-ਤਾਲਿਬਾਨ (ਟੀ.ਟੀ.ਪੀ.)ਦੀ ਹਰ ਕਰੂਰਤਾ ਮਗਰੋਂ ਉਸ ਦਾ ਆਡੀਓ ਸੰਦੇਸ਼ ਜਾਂ ਭਿਆਨਕਤਾ ਵਾਲਾ ਵੀਡੀਓ ਮੀਡੀਆ ਵਿਚ ਆਉਂਦਾ ਹੈ। ਉਹ ਚੈਨਲਾਂ 'ਤੇ ਵੀ ਈਸ਼ਵਰ ਦਾ ਡਰ ਦਿਖਾਉਣ ਤੋਂ ਬਾਜ ਨਹੀਂ ਆਉਂਦਾ, ਕਰੂਰ ਘਟਨਾਵਾਂ ਦੇ ਕਾਰਨਾਂ ਵਿਚ ਵੀ ਉਹ ਅਵਾਮ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ।

ਜਨਵਰੀ 2014 ਵਿਚ ਟੀ.ਟੀ.ਪੀ. ਨੇ 'ਐਕਸਪ੍ਰੈੱਸ ਟੀ.ਵੀ.' ਦੇ ਤਿੰਨ ਕਰਮਚਾਰੀਆਂ ਦੀ ਜਾਨ ਲੈ ਲਈ ਸੀ। ਉਸ ਮਗਰੋਂ ਵੀ ਚੈਨਲ ਨੇ ਅਹਿਸਾਨ ਨੂੰ ਬੋਲਣ ਲਈ ਸੱਦਾ ਦਿੱਤਾ। ਟੈਲੀਫ਼ੋਨ 'ਤੇ ਉਸ ਦਾ ਇੰਟਰਵਿਊ ਲਿਆ। ਉਦੋਂ ਉਸ ਨੇ ਉਸ ਘਟਨਾ ਦਾ ਕਾਰਨ ਦੱਸਿਆ। ਐਂਕਰ ਨੇ ਬਹੁਤ ਹਲੀਮੀ ਨਾਲ ਕਿਹਾ ਸੀ ਕਿ ਉਸ ਨੂੰ ਵੱਧ ਸਮਾਂ ਦਿੱਤਾ ਜਾਵੇਗਾ। ਅਜਿਹਾ ਲੱਗ ਰਿਹਾ ਸੀ ਜਿਵੇਂ ਚੈਨਲ ਅੱਗੇ ਅਜਿਹੇ ਹਮਲੇ ਹੋਰ ਨਾ ਹੋਣ, ਉਸ ਦੀ ਭੀਖ ਮੰਗ ਰਿਹਾ ਹੋਵੇ। ਪਿਛਲੇ ਵਰ੍ਹੇ ਲਾਹੌਰ ਦੇ ਇਕ ਪਾਰਕ ਵਿਚ ਈਸਟਰ ਪੂਰਵ 'ਤੇ ਦਹਿਸ਼ਤੀ ਹਮਲੇ ਵਿਚ ਦਰਜਨਾਂ ਲੋਕ ਮਾਰੇ ਗਏ ਸਨ। ਉਸ ਦੀ ਜ਼ਿੰਮੇਵਾਰੀ ਵੀ ਅਹਿਸਾਨ ਨੇ ਲਈ ਸੀ। ਉਸੇ ਨੇ ਮਲਾਲਾ 'ਤੇ ਹਮਲੇ ਦੀ ਜ਼ਿੰਮੇਵਾਰੀ ਲੈ ਕੇ ਕਿਹਾ ਸੀ ਕਿ ਜੇਕਰ ਉਹ ਜਿਉਂਦੀ ਬਚ ਗਈ, ਤਾਂ ਉਸ ਨੂੰ ਲੱਭ ਕੇ ਫਿਰ ਮਾਰਿਆ ਜਾਵੇਗਾ।

ਅਹਿਸਾਨ ਦੀ ਕਰੂਰ ਮੌਜੂਦਗੀ ਦੇ ਬਾਵਜੂਦ ਪਾਕਿਸਤਾਨੀ ਫ਼ੌਜ ਦਾ ਰੁਖ਼ ਇੰਜ ਲੱਗ ਰਿਹਾ ਸੀ-'ਤੁਸੀਂ ਹਜ਼ਾਰਾਂ ਪਾਕਿਸਤਾਨੀਆਂ ਦੀ ਜਾਨ ਲੈ ਸਕਦੇ ਹੋ, ਪਰ ਉਸ ਮਗਰੋਂ ਤੁਹਾਨੂੰ ਸਿੱਧ ਕਰਨਾ ਪਏਗਾ ਕਿ ਤੁਸੀਂ ਵੀ ਭਾਰਤ ਨਾਲ ਓਨੀ ਹੀ ਨਫ਼ਰਤ ਕਰਦੇ ਹੋ, ਜਿੰਨੀ ਅਸੀਂ ਕਰਦੇ ਹਾਂ। ਇਸ ਤੋਂ ਬਾਅਦ ਤੁਹਾਡੇ ਸਾਰੇ ਗੁਨਾਹ ਮੁਆਫ਼ ਹੋ ਜਾਣਗੇ। ਮੀਡੀਆ ਵਿਚ ਅਜਿਹੀ 'ਦਰਿਆਦਿਲੀ' 'ਤੇ ਕੁਝ ਹਦ ਤਕ ਉਦੋਂ ਕਮੀ ਆਈ, ਜਦੋਂ ਤਾਲਿਬਾਨ ਪੀੜਤ ਪਰਿਵਾਰਾਂ ਨੇ ਆਪਣਾ ਗੁੱਸਾ ਜ਼ਾਹਰ ਕੀਤਾ। ਇਸ ਤੋਂ ਬਾਅਦ ਸਰਕਾਰ ਦੇ ਮੀਡੀਆ ਗਰੁੱਪ ਨੇ ਅਹਿਸਾਨ ਦੇ ਇਕ ਲੰਬੇ ਇੰਟਰਵਿਊ 'ਤੇ ਕਟੌਤੀ ਕਰ ਦਿੱਤੀ। ਉਹ ਪਰਿਵਾਰ ਪੇਸ਼ਾਵਰ ਸਥਿਤ ਆਰਮੀ ਪਬਲਿਕ ਸਕੂਲ ਵਿਚ ਪੜ੍ਹਨ ਵਾਲੇ ਬੱਚਿਆਂ ਦੇ ਮਾਪੇ ਸਨ। ਤਾਲਿਬਾਨੀ ਹਮਲਾਵਰਾਂ ਨੇ ਸਾਲ 2014 ਵਿਚ ਉਸੇ ਸਕੂਲ 'ਤੇ ਹਮਲਾ ਕਰਕੇ 140 ਜਾਨਾਂ ਲਈਆਂ ਸਨ। ਮਰਨ ਵਾਲਿਆਂ ਵਿਚ ਜ਼ਿਆਦਾਤਰ ਬੱਚੇ ਸਨ। ਉਨ੍ਹਾਂ ਬੱਚਿਆਂ ਦੇ ਮਾਪਿਆਂ ਨੇ ਮੰਗ ਕੀਤੀ ਸੀ ਕਿ ਅਹਿਸਾਨ ਨੂੰ ਸਕੂਲ ਦੇ ਸਾਹਮਣੇ ਫਾਂਸੀ ਦਿੱਤੀ ਜਾਵੇ। ਪਰ ਪਾਕਿਸਤਾਨੀ ਫ਼ੌਜ ਨੂੰ ਅਹਿਸਾਨ ਨਾਲ ਹਮਦਰਦੀ ਸੀ। ਉਸ ਨੇ ਟੀ.ਵੀ. ਚੈਨਲਾਂ 'ਤੇ ਅਹਿਸਾਨ ਦਾ ਮੁਸਕਰਾਉਂਦਾ ਚਿਹਰਾ ਦਿਖਾਉਣ ਦੀ ਇਜਾਜ਼ਤ ਦੇ ਦਿੱਤੀ ਸੀ। ਉਹ ਖ਼ੁਦ ਤਾਂ ਚੈਨਲਾਂ 'ਤੇ ਆਉਂਦਾ ਹੀ, ਕਈ ਫੁਟੇਜ ਸਾਥੀਆਂ ਦੇ ਦਿਖਾਉਂਦਾ। ਉਹ ਚੈਨਲਾਂ ਦਾ ਫ਼ੀਚਰ ਕੰਟੈਂਟ ਬਣ ਚੁੱਕਾ ਸੀ। ਉਸ ਦੇ ਸਾਥੀਆਂ ਦੀਆਂ ਬੇਸ਼ੁਮਾਰ ਕਹਾਣੀਆਂ ਚੈਨਲਾਂ 'ਤੇ ਦਿਖਾਈਆਂ ਗਈਆਂ। ਦੱਸਿਆ ਗਿਆ ਕਿ ਕਿਵੇਂ ਤਾਲਿਬਾਨੀ ਲੜਾਕੇ ਤਿੰਨ-ਤਿੰਨ ਪਤਨੀਆਂ ਰੱਖਦੇ ਹਨ, ਕਿਵੇਂ ਅਗਵਾ ਕਰਦੇ ਹਨ।

ਇੰਜ ਲਗਦਾ ਹੈ ਕਿ ਜਿਵੇਂ ਜਾਣਬੁਝ ਕੇ ਇਹ ਦਿਖਾਇਆ ਗਿਆ ਕਿ ਤਾਲਿਬਾਨ ਦਾ ਚਿਹਰਾ ਭਿਆਨਕ ਨਹੀਂ ਹੈ, ਉਸ ਦੀ ਆਪਣੀ ਵਿਚਾਰਧਾਰਾ ਹੈ ਤੇ ਪਾਕਿਸਤਾਨੀ ਸਮਾਜ ਨਾਲ ਉਹ ਡੂੰਘਾਈ ਨਾਲ ਜੁੜਿਆ ਹੈ। ਇਹ ਵੀ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਭਾਰਤ ਹਮੇਸ਼ਆ ਤੋਂ ਉਨ੍ਹਾਂ ਦਾ ਦੁਸ਼ਮਣ ਰਿਹਾ ਹੈ। ਇੰਜ ਵੀ ਸਬੂਤ ਦਿਖਾਏ ਗਏ ਕਿ ਭਾਰਤ ਵਲੋਂ ਉਨ੍ਹਾਂ ਸਮੂਹਾਂ ਨੂੰ ਆਰਥਿਕ ਮਦਦ ਮੁਹੱਈਆ ਕਰਵਾਈ ਜਾਂਦੀ ਹੈ, ਜੋ ਪਾਕਿਸਤਾਨ ਵਿਚ ਹਮਲੇ ਕਰਨ। ਪਰ ਪਾਕਿਸਤਾਨੀ ਅਵਾਮ ਲਈ ਇਹ ਜ਼ਰੂਰੀ ਹੈ ਕਿ ਉਹ ਬੱਚਿਆਂ ਦੇ ਉਨ੍ਹਾਂ ਹਤਿਆਰਾਂ ਦੀ ਸੂਚੀ ਬਣਾਏ, ਜੋ ਭਾਰਤ ਵਿਰੋਧੀ ਪ੍ਰਚਾਰ ਕਰਦੇ ਹਨ। ਪਾਕਿਸਤਾਨੀ ਸਮਾਜ ਤਾਲਿਬਾਨ ਦੀ ਮੌਜੂਦਗੀ ਨੂੰ ਲੈ ਕੇ ਦੋ ਹਿੱਸਿਆਂ ਵਿਚ ਵੰਡਿਆ ਹੈ। ਇਕ ਪੱਖ ਮੰਨਦਾ ਹੈ ਕਿ ਤਾਲਿਬਾਨ ਦਾ ਚਿਹਰਾ ਭਿਆਨਕ ਹੈ ਤੇ ਉਹ ਕਰੂਰਤਾ ਨੂੰ ਅੰਜਾਮ ਦੇ ਕੇ ਉਥੋਂ ਦੇ ਲੋਕਤੰਤਰ ਤੇ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਸੀ। ਦੂਸਰਾ ਪੱਖ ਉਨ੍ਹਾਂ ਨੂੰ 'ਰਾਹ ਤੋਂ ਭਟਕਿਆ ਭਰਾ' ਮੰਨਦਾ ਹੈ। ਸਮਾਜ ਦਾ ਹਿੱਸਾ ਹੋਣ ਦਾ ਦਿਖਾਵਾ ਕਰਨ ਵਾਲਾ ਤਾਲਿਬਾਨ ਕੁਝ ਵੀ ਕਹਿੰਦਾ ਹੋਵੇ, ਉਸ ਦਾ ਤਰੀਕਾ ਪੂਰੀ ਤਰ੍ਹਾਂ ਅਸਵੀਕਾਰਨ ਯੋਗ ਹੈ। ਕੁਝ ਪਾਕਿਸਤਾਨੀ ਉਨ੍ਹਾਂ ਨੂੰ ਬਹਾਦੁਰ ਮੰਨ ਕੇ ਉਨ੍ਹਾਂ 'ਤੇ ਮਾਣ ਮਹਿਸੂਸ ਕਰਦੇ ਹਨ। ਪਰ ਜਦੋਂ ਉਹੀ ਤਾਲਿਬਾਨ ਪਾਕਿਸਤਾਨ ਵਿਚ ਆਪਣੀ 'ਬਹਾਦੁਰੀ' ਦਿਖਾਉਂਦਾ ਹੈ, ਉਦੋਂ ਉਹ ਹੀ ਲੋਕ ਪਿੱਛੇ ਹਟ ਜਾਂਦੇ ਹਨ। ਅੱਜ ਪਾਕਿਸਤਾਨ ਲਈ ਤਾਲਿਬਾਨ ਅਜਿਹੀ ਸੰਪਤੀ ਹੈ, ਜੋ ਭਾਰਤ ਦੇ ਵਿਰੁੱਧ ਯੁੱਧ ਵਿਚ ਉਸ ਦੇ ਨਾਲ ਦਿਖਾਈ ਦਿੰਦਾ ਹੈ। ਸਾਲ 2008 (ਮੁੰਬਈ 'ਤੇ ਹਮਲੇ ਦੇ ਵਕਤ) ਵਿਚ ਜਦੋਂ ਭਾਰਤ-ਪਾਕਿਸਤਾਨ ਇਕ ਹੋਰ ਯੁੱਧ ਦੇ ਮੁਹਾਨੇ 'ਤੇ ਪਹੁੰਚ ਗਏ ਸਨ, ਉਦੋਂ ਤਾਲਿਬਾਨੀ ਨੇਤਾ ਪਾਕਿਸਤਾਨੀ ਫ਼ੌਜੀਆਂ ਨਾਲ ਲੜਨ ਲਈ ਤਿਆਰ ਸਨ। ਅੱਜ ਇਹ ਦੇਸ਼ ਫਿਰ ਇਹ ਤੈਅ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਕੀ 'ਕੱਲ੍ਹ ਦੇ ਦੈਂਤ ਨੂੰ ਅੱਜ ਦੇਸ਼ ਭਗਤ' ਮੰਨਿਆ ਜਾ ਸਕਦਾ ਹੈ।

***ਕਈ ਦੇਸ਼ਾਂ ਕੋਲ ਆਪਣੀ ਫ਼ੌਜ ਹੈ, ਪਰ ਪਾਕਿਸਤਾਨ ਵਿਚ ਫ਼ੌਜ ਕੋਲ ਆਪਣਾ ਦੇਸ਼ ਹੈ। ਜੇਕਰ ਪਾਕਿਸਤਾਨੀ ਨੇਤਾ ਇਹ ਦੇਸ਼ ਵਾਪਸ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਸਿਰਫ਼ ਫ਼ੌਜ ਨੂੰ ਖ਼ੁਸ਼ ਕਰਨ ਲਈ ਇਕ-ਦੂਸਰੇ ਨੂੰ ਗ਼ੱਦਾਰ ਕਹਿਣ ਤੋਂ ਬਾਜ਼ ਆਉਣਾ ਹੋਵੇਗਾ।***

**'ਦੀ ਨਿਊ ਯਾਰਕ ਟਾਈਮਜ਼' ਤੋਂ ਧੰਨਵਾਦ ਸਹਿਤ।**

## ਅਮਰੀਕਾ ਵਿਚ ਦਲਾਈ ਲਾਮਾ ਦਾ ਵਿਰੋਧ ਕਰ ਰਹੇ ਹਨ ਚੀਨੀ ਵਿਦਿਆਰਥੀ

***ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੇ ਚਾਂਸਲਰ ਨੇ ਦਿੱਤਾ ਸੀ ਸੱਦਾ***

**ਸਟੇਫਨੀ ਸੱਾਲ**

ਅਮਰੀਕੀ ਸਿੱਖਿਆ ਸੰਸਥਾ ਆਪਣੇ ਪ੍ਰੋਗਰਾਮਾਂ ਵਿਚ ਵਿਸ਼ਵ ਪੱਧਰੀ ਹਸਤੀਆਂ ਨੂੰ ਸੱਦਾ ਦਿੰਦੀਆਂ ਹਨ, ਤਾਂ ਕਿ ਵਿਦਿਆਰਥੀਆਂ ਨੂੰ ਨਵਾਂ ਜਾਣਨ-ਸਮਝਣ ਨੂੰ ਮਿਲੇ। ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਸਾਨ ਡਿਆਗੋ ਦੇ ਚਾਂਸਲਰ ਪ੍ਰਦੀਪ ਖੋਸਲਾ ਨੇ ਕੈਂਪਸ ਵਿਚ ਦੱਸਿਆ ਕਿ ਉਨ੍ਹਾਂ ਨੇ ਦਲਾਈ ਲਾਮਾ ਨੂੰ ਸੱਦਾ ਦਿੱਤਾ ਹੈ, ਤਾਂ ਕਿ ਉਹ ਵਿਸ਼ਵ ਪੱਧਰ ਦੀਆਂ ਬਿਹਤਰ ਗੱਲਾਂ ਵਿਦਿਆਰਥੀਆਂ ਨਾਲ ਸਾਂਝੀਆਂ ਕਰਨ। ਇਸ ਐਲਾਨ ਦੇ ਕੁਝ ਹੀ ਘੰਟਿਆਂ ਅੰਦਰ ਸੋਸ਼ਲ ਮੀਡੀਆ ਸਾਈਟਾਂ ਤੇ ਹੋਰ ਪਲੇਟਫਾਰਮਾਂ 'ਤੇ ਲਗਾਤਾਰ ਸੰਦੇਸ਼ ਆਉਣ ਲੱਗੇ। ਇਕ ਨੇ ਤਾਂ ਇਹ ਵੀ ਲਿਖਿਆ ਕਿ-ਅਮਰੀਕੀਆਂ ਨੂੰ ਕਿਵੇਂ ਲੱਗੇਗਾ, ਜੇਕਰ ਕੋਈ ਬਿਨ ਲਾਦੇਨ ਨੂੰ ਸੱਦਾ ਦੇਵੇ।

ਦਲਾਈ ਲਾਮਾ ਦੇ ਯੂਨੀਵਰਸਿਟੀ ਕੈਂਪਸ ਵਿਚ ਆਉਣ ਦੀ ਸੂਚਨਾ ਮਾਤਰ ਦਾ ਜਿਨ੍ਹਾਂ ਨੇ ਸਭ ਤੋਂ ਜ਼ਿਆਦਾ ਵਿਰੋਧ ਕੀਤਾ, ਉਹ ਵਿਦਿਆਰਥੀ ਅਤੇ ਸਕਾਲਰਸ ਐਸੋਸੀਏਸ਼ਨ ਸੀ। ਉਨ੍ਹਾਂ ਨੇ ਇਸ ਨੂੰ ਗ਼ਲਤ ਕਰਾਰ ਦਿੰਦਿਆਂ ਕਿਹਾ ਕਿ ਸੰਸਥਾ ਦਾ ਵਿਹਾਰ ਅਣਉਚਿਤ ਹੈ। ਹਾਲਾਂਕਿ, ਪਹਿਲਾਂ ਕਦੇ ਦਲਾਈ ਲਾਮਾ ਦਾ ਅਮਰੀਕਾ ਵਿਚ ਵਿਰੋਧ ਨਹੀਂ ਕੀਤਾ ਗਿਆ। ਉਹ ਕਈ ਵਾਰ ਅਮਰੀਕਾ ਯਾਤਰਾ ਕਰ ਚੁੱਕੇ ਹਨ। ਇਸ ਵਾਰ ਤਾਂ ਚੀਨੀ ਵਿਦਿਆਰਥੀਆਂ ਦੇ ਸਮੂਹ ਨੇ ਕਿਹਾ ਕਿ ਉਹ ਲਾਸ ਏਂਜਲਸ ਸਥਿਤ ਚੀਨੀ ਵਣਜ ਦੂਤਾਵਾਸ ਦੇ ਸਾਹਮਣੇ ਇਹ ਮਾਮਲਾ ਉਠਾਉਣਗੇ। ਚੀਨੀ ਵਿਦਿਆਰਥੀਆਂ ਅਤੇ ਸਕਾਲਰਜ਼ ਐਸੋਸੀਏਸ਼ਨ ਨੇ ਮੰਗ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਦਲਾਈ ਲਾਮਾ ਨੂੰ ਅਧਿਆਤਮਕ ਗੁਰੂ ਨਾ ਕਹੇ। ਨਾਲ ਹੀ ਉਨ੍ਹਾਂ ਨੇ ਸਿਆਸੀ ਵਿਸ਼ਿਆਂ 'ਤੇ ਬੋਲਣ ਤੋਂ ਰੋਕਿਆ ਜਾਵੇ। ਹਾਲਾਂਕਿ, ਯੂਨੀਵਰਸਿਟੀ ਨੇ ਸਪਸ਼ਟ ਕਰ ਦਿੱਤਾ ਕਿ ਉਹ ਇਸ ਮੰਗ ਨਾਲ ਸਹਿਮਤ ਨਹੀਂ ਹੈ। ਗੱਲਬਾਤ ਦੇ ਫੋਰਮ 'ਤੇ ਕੌਮਾਂਤਰੀ ਮੁੱਦਿਆਂ 'ਤੇ ਗੱਲ ਹੋਣੀ ਚਾਹੀਦੀ ਤੇ ਇਹ ਕਿਸੇ ਵੀ ਵਿਅਕਤੀ ਦੇ ਸਨਮਾਨ ਦੀ ਗੱਲ ਹੈ, ਫਿਰ ਭਾਵੇਂ ਹੀ ਉਹ ਕਿਸੇ ਮੁੱਦੇ 'ਤੇ ਸਹਿਮਤ ਹੋਣ ਜਾਂ ਨਾ। ਅਮਰੀਕਾ ਵਿਚ ਪੜ੍ਹ ਰਹੇ ਚੀਨੀ ਵਿਦਿਆਰਥੀ ਬੀਜਿੰਗ ਦੀ ਤਰਜ਼ 'ਤੇ ਵਿਰੋਧ ਕਰਨ ਲੱਗੇ ਹਨ। ਇਸ ਦੇ ਦੋ ਕਾਰਨ ਹਨ-ਪਹਿਲਾ ਇਹ ਕਿ ਅਮਰੀਕਾ ਵਿਚ ਨਵੀਂ ਸਰਕਾਰ ਹੈ ਤੇ ਉਸ ਨੇ ਚੀਨ ਨਾਲ ਬਿਹਤਰ ਸਬੰਧ ਬਣਾਉਣ ਦੀਆਂ ਗੱਲਾਂ ਕਹੀਆਂ ਹਨ। ਦੂਸਰਾ ਇਹ ਕਿ ਪਿਛਲੇ ਕੁਝ ਵਰ੍ਹਿਆਂ ਵਿਚ ਚੀਨ ਨੇ ਆਪਣੇ ਜ਼ਿਆਦਾਤਰ ਵਿਦਿਆਰਥੀਆਂ ਨੂੰ ਪੱਛਮ ਵਿਚ ਸਿੱਖਿਆ ਦਵਾਉਣ ਦੀ ਨੀਤੀ ਅਪਣਾਈ ਹੈ, ਖ਼ਾਸ ਤੌਰ 'ਤੇ ਉਨ੍ਹਾਂ ਨੂੰ ਅਮਰੀਕੀ ਕਾਲਜਾਂ ਵਿਚ ਦਾਖ਼ਲੇ ਲਈ ਮਦਦ ਮੁਹੱਈਆ ਕਰਵਾਈ ਜਾਂਦਾ ਹੈ। ਅਮਰੀਕਾ ਵਿਚ ਚੀਨੀ ਵਿਦਿਆਰਥੀਆਂ ਦੀ ਸੰਖਿਆ 3.29 ਲੱਖ ਹੈ, ਜੋ ਇਕ ਦਹਾਕੇ ਪਹਿਲਾਂ ਦੀ ਤੁਲਨਾ ਵਿਚ ਪੰਜ ਗੁਣਾ ਵੱਧ ਹੈ।

ਜਦੋਂ ਚੀਨ ਸਰਕਾਰ ਹੀ ਆਪਣੇ ਵਿਦਿਆਰਥੀਆਂ ਨੂੰ ਅਮਰੀਕਾ ਭੇਜਣ ਵਿਚ ਭੂਮਿਕਾ ਨਿਭਾ ਰਹੀ ਹੈ, ਤਾਂ ਸੰਭਵ ਹੈ ਕਿ ਉਨ੍ਹਾਂ ਵਿਦਿਆਰਥੀਆਂ ਦੇ ਸਮੂਹ ਵੀ ਚੀਨ ਦੀ ਪਾਰਟੀ ਲਾਈਨ 'ਤੇ ਚੱਲਣਗੇ। ਚੀਨ ਸਰਕਾਰ ਸਮਰਥਕ ਵਿਦਿਆਰਥੀਆਂ ਦਾ ਸਮੂਹ ਬਰਤਾਨੀਆ ਵਿਚ ਵੀ ਸਰਗਰਮ ਹੈ। ਕੁਝ ਹੀ ਦਿਨ ਪਹਿਲਾਂ ਡਰਹਮ (ਯੂ.ਕੇ.) ਵਿਚ ਚੀਨੀ ਵਿਦਿਆਰਥੀਆਂ ਦੇ ਸਮੂਹ ਨੇ ਇਕ ਫੋਰਮ ਵਿਚ ਚੀਨ-ਹਾਂਗ ਕਾਂਗ ਦੇ ਰਿਸ਼ਤਿਆਂ 'ਤੇ ਆਈਆਂ ਪ੍ਰਤੀਕਿਰਿਆਵਾਂ ਦਾ ਵਿਰੋਧ ਕੀਤਾ ਸੀ। ਇਕ ਤੱਥ ਇਹ ਵੀ ਹੈ ਕਿ ਪੱਛਮ ਵਿਚ ਚੀਨੀ ਵਿਦਿਆਰਥੀਆਂ ਦੇ ਸਮੂਹ 'ਤੇ ਜਾਸੂਸੀ ਦੇ ਦੋਸ਼ ਵੀ ਲੱਗ ਰਹੇ ਹਨ। ਯੂਨੀਵਰਸਿਟੀ ਆਫ਼ ਬ੍ਰਿਸਟਲ ਵਿਚ ਇੰਟਰਨੈਸ਼ਨਲ ਡਿਵੈਲਪਮੈਂਟ ਦੇ ਪ੍ਰੋਫੈਸਰ ਜੈਫਰੀ ਹੈਂਡਰਸਨ ਕਹਿੰਦੇ ਹਨ-ਮੈਨੂੰ ਨਹੀਂ ਲਗਦਾ ਕਿ ਵਿਦਿਆਰਥੀ ਸਮੂਹਾਂ 'ਤੇ ਉਨ੍ਹਾਂ ਦੀ ਸਰਕਾਰ ਦਾ ਕੰਟਰੋਲ ਹੁੰਦਾ ਹੋਵੇਗਾ। ਖ਼ਾਸ ਤੌਰ 'ਤੇ ਜਦੋਂ ਗੱਲ ਵਿਦੇਸ਼ੀ ਯੂਨੀਵਰਸਿਟੀਆਂ ਦੇ ਕੈਂਪਸ ਦੀ ਹੋਵੇ। ਪ੍ਰੋਫੈਸਰ ਹੈਂਡਰਸਨ ਹਾਂਗ ਕਾਂਗ ਮਾਮਲਿਆਂ ਦੇ ਮਾਹਰ ਹਨ, ਉਨ੍ਹਾਂ ਨੂੰ ਪਹਿਲਾਂ ਚੀਨੀ ਸਮੂਹਾਂ ਦੇ ਅਜਿਹੇ ਈ-ਮੇਲ ਮਿਲੇ ਹਨ ਕਿ ਉਹ ਅਜਿਹੇ ਵਿਸ਼ੇ 'ਤੇ ਕੁਝ ਵੀ ਨਾ ਬੋਲਿਆ ਕਰਨ, ਜਿਸ ਨਾਲ ਚੀਨ ਤੇ ਹਾਂਗ ਕਾਂਗ ਦੇ ਰਿਸ਼ਤੇ ਪ੍ਰਭਾਵਤ ਹੋਣ।

**'ਦੀ ਨਿਊ ਯਾਰਕ ਟਾਈਮਜ਼' ਤੋਂ ਧੰਨਵਾਦ ਸਹਿਤ**

# ਤੇਲ ਦੀਆਂ ਕੀਮਤਾਂ ਨੇ ਦਿੱਤੀ ਦੁਨੀਆ ਨੂੰ ਆਰਥਿਕ ਸਥਿਰਤਾ, ਪਰ ਜੋਖ਼ਮ ਖ਼ਤਮ ਨਹੀਂ

**ਪੇਟ੍ਰਿਸ਼ਿਆ ਕੋਹੇਨ ਤੇ ਨੀਲ ਇਰਵਿਨ,**

**ਆਰਥਿਕ ਮਾਹਰ**

ਅਮਰੀਕੀ ਕਿਰਤ ਵਿਭਾਗ ਨੇ ਹਾਲ ਹੀ ਵਿਚ ਇਕ ਡਾਟਾ ਰਿਪੋਰਟ ਜਾਰੀ ਕੀਤੀ ਹੈ, ਉਸ ਅਨੁਸਾਰ ਅਪ੍ਰੈਲ ਮਹੀਨੇ ਵਿਚ ਉਥੇ ਰਿਕਾਰਡ 2.11 ਲੱਖ ਨਵੀਆਂ ਨੌਕਰੀਆਂ ਲੋਕਾਂ ਨੂੰ ਮਿਲੀਆਂ ਹਨ। ਬੇਰੁਜ਼ਗਾਰੀ ਦੀ ਦਰ 4.4 ਫੀਸਦੀ ਹੈ, ਜੋ ਮਾਰਚ ਦੇ 4.5 ਫ਼ੀਸਦੀ ਤੋਂ ਘੱਟ ਹੈ। ਪਿਛਲੇ 10 ਵਰ੍ਹਿਆਂ ਦੀ ਸਥਿਤੀ ਵਿਚ ਇਹ ਸਭ ਤੋਂ ਘੱਟ ਹੈ। ਇਸੇ ਤੋਂ ਸਮਝਿਆ ਜਾ ਸਕਦਾ ਹੈ ਕਿ ਅਮਰੀਕੀ ਅਰਥ ਵਿਵਸਥਾ ਮਜ਼ਬੂਤੀ ਵੱਲ ਵੱਧ ਰਹੀ ਹੈ। ਇਸ ਦਾ ਸਿੱਧਾ ਅਸਰ ਸੰਸਾਰ ਦੀ ਅਰਥ ਵਿਵਸਥਾ 'ਤੇ ਪਏਗਾ। ਅਜਿਹਾ ਇਸ ਲਈ ਕਿਉਂਕਿ ਵਿਸ਼ਵ ਪੱਧਰ 'ਤੇ ਮਹਿੰਗਾਈ ਦੀ ਦਰ ਸਥਿਰ ਹੈ।

ਚੀਨ ਨੇ ਪਿਛਲੇ ਕੁਝ ਵਰ੍ਹਿਆਂ ਵਿਚ ਚੰਗਾ ਪ੍ਰਦਰਸ਼ਨ ਕੀਤਾ ਹੈ, ਜਿਸ ਦੇ ਚਲਦਿਆਂ ਵਿਸ਼ਵ ਦੀ ਅਰਥ ਵਿਵਸਥਾ ਦਾ ਇਹ ਵੱਡਾ ਹਿੱਸੇ ਬਣ ਕੇ ਸਭ ਦੇ ਸਾਹਮਣੇ ਹੈ। ਪਿਛਲੇ 5-6 ਮਹੀਨਿਆਂ ਵਿਚ ਉਸ ਦੀਆਂ ਵਪਾਰਕ ਗਤੀਵਿਧੀਆਂ ਵਿਚ ਕਮੀ ਜ਼ਰੂਰ ਆਈ ਸੀ, ਪਰ ਉਸ ਦੀ ਰਫ਼ਤਾਰ ਫਿਰ ਵਧਣ ਲੱਗੀ ਹੈ। ਇਸ ਦਾ ਲਾਭ ਵੀ ਵਿਸ਼ਵ ਅਰਥ ਵਿਵਸਥਾ ਨੂੰ ਮਿਲੇਗਾ। ਹਾਲਾਂਕਿ, ਵੇਨੇਜੁਏਲਾ ਵਰਗੇ ਤੇਲ ਸਮਰੱਥ ਕੁਝ ਦੇਸ਼ ਹਨ, ਜਿਥੇ ਸਥਿਤੀ ਖ਼ਰਾਬ ਹੈ। ਵਿਸ਼ਵ ਪੱਧਰ 'ਤੇ ਦੇਖੀਏ ਤਾਂ ਹਾਲ ਦੇ ਮਹੀਨਿਆਂ ਵਿਚ ਅਰਥ ਵਿਵਸਥਾ ਸਥਿਰ ਬਣੀ ਹੋਈ ਹੈ। ਇਸ ਵਿਚ ਸਭ ਤੋਂ ਵੱਡੀ ਭੂਮਿਕਾ ਕੱਚੇ ਤੇਲ ਦੀਆਂ ਕੀਮਤਾਂ ਨੇ ਨਿਭਾਈ ਹੈ, ਜੋ ਸਾਲ 2016 ਵਿਚ ਹੇਠਲੇ ਪੱਧਰ ਤਕ ਆ ਗਈ ਸੀ। ਉਸ ਦੀਆਂ ਕੀਮਤਾਂ ਪਿਛਲੇ ਤਿੰਨ ਵਰ੍ਹਿਆਂ ਦੇ ਮੁਕਾਬਲੇ ਹਾਲੇ ਵੀ ਘੱਟ ਹੀ ਹਨ। ਸਾਲ 2017 ਦੇ ਆਰਥਿਕ ਨਤੀਜੇ ਕਿਵੇਂ ਰਹਿਣਗੇ, ਪੂਰੀ ਤਰ੍ਹਾਂ ਸਪਸ਼ਟ ਨਹੀਂ ਹਨ। ਆਰਥਿਕ ਮਾਹਰਾਂ ਦੇ ਅਨੁਮਾਨ ਵਿਚ ਸਥਿਰਤਾ ਤਾਂ ਹੈ, ਪਰ ਝਟਕੇ ਦਾ ਖ਼ਦਸ਼ਾ ਵੀ ਹੈ। ਕਈ ਵੱਡੇ ਬੈਂਕ ਮਹਿੰਗਾਈ ਦਰ ਦੋ ਫੀਸਦੀ ਤੋਂ ਉਪਰ ਲਿਜਾਣ ਲਈ ਸੰਘਰਸ਼ ਕਰ ਰਹੇ ਹਨ। ਇਕ ਤੱਥ ਜੋ ਉਭਰ ਰਿਹਾ ਹੈ, ਉਹ ਇਹ ਹੈ ਕਿ ਵਿਸ਼ਵੀ ਪੱਧਰ 'ਤੇ ਮਹਿੰਗਾਈ ਦੀ ਦਰ ਹਾਲੇ ਵੀ ਘੱਟ ਹੀ ਰਹੇਗੀ ਤੇ ਅਨੁਮਾਨ ਨਾਲੋਂ ਕਿਤੇ ਅੱਗੇ ਤਕ ਇਹ ਸਥਿਤੀ ਰਹਿਣ ਵਾਲੀ ਹੈ। ਯੂਰੋਜ਼ੋਨ ਵਿਚ ਪਿਛਲੀ ਫਰਵਰੀ ਵਿਚ ਉਥੇ ਮਹਿੰਗਾਈ ਦਰ 2 ਫ਼ੀਸਦੀ ਤਕ ਪਹੁੰਚੀ। ਸਾਲ 2013 ਮਗਰੋਂ ਪਹਿਲੀ ਵਾਰ ਅਜਿਹਾ ਹੋਇਆ। ਅਮਰੀਕਾ ਵਿਚ ਪਿਛਲੇ 5 ਵਰ੍ਹਿਆਂ ਵਿਚ ਪਹਿਲੀ ਵਾਰ ਮਹਿੰਗਾਈ ਦਰ 2 ਫ਼ੀਸਦੀ ਦੇ ਪੱਧਰ 'ਤੇ ਹੈ। ਪਰ 'ਕੰਜ਼ਿਊਮਰ ਪ੍ਰਾਈਜ਼' ਵਿਚ ਅਗਲੇ ਪੰਜ ਸਾਲ ਤਕ ਸਾਲਾਨਾ 1.4 ਫ਼ੀਸਦੀ ਦੀ ਦਰ ਨਾਲ ਵਾਧਾ ਹੋਵੇਗਾ।

ਵੱਡੇ ਪੱਧਰ 'ਤੇ ਜੋ ਬਦਲਾਅ ਪਿਛਲੇ 6 ਮਹੀਨਿਆਂ ਵਿਚ ਦੇਖਣ ਵਿਚ ਆਇਆ ਹੈ, ਉਹ ਤੇਲ ਦੀਆਂ ਕੀਮਤਾਂ ਹਨ। ਸਰਦੀਆਂ ਆਉਂਦੇ ਹੀ ਉਨ੍ਹਾਂ ਦੀਆਂ ਕੀਮਤਾਂ ਕੁਝ ਵਧੀਆਂ, ਜਦਕਿ ਸਾਲ 2016 ਦੀ ਸ਼ੁਰੂਆਤ ਵਿਚ ਇਹ ਸਭ ਤੋਂ ਘੱਟ ਸੀ। ਹਾਲਾਂਕਿ, ਤੇਲ ਦੀਆਂ ਕੀਮਤਾਂ ਹਾਲੇ ਵੀ ਸਥਿਰ ਵਰਗੀਆਂ ਹਨ। ਦਸੰਬਰ ਤੋਂ ਹੀ ਵੈਸਟ ਟੈਕਸਾਸ ਵਿਚ ਕੱਚੇ ਤੇਲ ਦੀ ਕੀਮਤ 48 ਤੋਂ 54 ਡਾਲਰ ਪ੍ਰਤੀ ਬੈਰਲ ਹੈ, ਜਦਕਿ ਫਰਵਰੀ 2016 ਵਿਚ ਇਹ 26 ਡਾਲਰ ਪ੍ਰਤੀ ਬੈਰਲ 'ਤੇ ਸੀ। ਕੱਚੇ ਤੇਲ ਤੋਂ ਇਲਾਵਾ ਜੋ ਵੱਡੇ ਵਪਾਰਕ ਸਾਮਾਨ ਹਨ, ਉਹ ਸਟੀਲ ਤੇ ਐਲੂਮੀਨੀਅਮ ਹਨ, ਜਿਨ੍ਹਾਂ ਦੀ ਵੱਡੇ ਪੱਧਰ 'ਤੇ ਮੰਗ ਹੁੰਦੀ ਹੈ। ਇਸ ਦਾ ਸਭ ਤੋਂ ਵੱਡਾ ਬਾਜ਼ਾਰ ਹਾਲੇ ਚੀਨ ਹੈ, ਜਿੱਥੇ ਇਨ੍ਹਾਂ ਦੀਆਂ ਕੀਮਤਾਂ ਵਿਚ ਭਾਰੀ ਉਤਾਰ-ਚੜ੍ਹਾਅ ਬਣਿਆ ਹੋਇਆ ਹੈ। ਚੀਨ ਤੋਂ ਇਲਾਵਾ ਭਾਰਤ ਵਿਚ ਵੀ ਇਸ ਦੀ ਵੱਡੀ ਮਾਰਕੀਟ ਹੈ। ਇਨ੍ਹਾਂ ਮੁਲਕਾਂ ਦੀ ਵਿਸ਼ਵ ਪੱਧਰੀ ਅਰਥ ਵਿਵਸਥਾ ਵਿਚ ਭੂਮਿਕਾ ਵੱਧ ਰਹੀ ਹੈ। ਅਮਰੀਕਾ ਵਰਗੇ ਮੁਲਕ ਵਿਚ ਇੰਫਰਾਸਟਕਚਰ ਖੇਤਰ ਵਿਚ ਵੱਡੇ ਪੱਧਰ 'ਤੇ ਨਿਵੇਸ਼ ਨਾਲ ਵੀ ਵਿਆਜ ਤੇ ਮਹਿੰਗਾਈ ਦੀਆਂ ਦਰਾਂ ਵਧ ਸਕਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਅਮਰੀਕਾ ਦੇ ਨਵੇਂ ਪ੍ਰਸ਼ਾਸਨ ਨੇ ਹਾਲੇ ਤਕ ਇੰਫਰਾਸਟਰਕਚਰ ਪਾਲਸੀ ਐਲਾਨ ਨਹੀਂ ਕੀਤੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਫ਼ਿਲਹਾਲ ਕਿਸੇ ਚਮਤਕਾਰ ਦੀ ਉਮੀਦ ਨਹੀਂ ਹੈ। ਵਿਸ਼ਵ ਅਰਥ ਵਿਵਸਥਾ ਨੂੰ ਵਧੇਰੇ ਬਿਹਤਰ ਸਥਿਤੀ ਵਿਚ ਲਿਆਉਣ ਲਈ ਵਧੇਰੇ ਸਖ਼ਤ ਕਦਮ ਚੁੱਕਣੇ ਹੋਣਗੇ।

ਪੀਟਰਸਨ ਇੰਸਟੀਚਿਊਟ ਫਾਰ ਇੰਟਰਨੈਸ਼ਨਲ ਇਕੋਨਾਮਿਕਸ ਵਿਚ ਸੀਨੀਅਰ ਫੈਲੋ ਜੋਸੇਫ਼ ਜੇਗਨਨ ਕਹਿੰਦੇ ਹਨ ਕਿ ਅਸੀਂ ਮਹਿੰਗਾਈ ਦੀ ਹੇਠਲੇ ਪੱਧਰ ਵਾਲੀ ਸਥਿਤੀ ਤੋਂ ਛੁਟਕਾਰਾ ਪਾ ਲਿਆ ਹੈ। ਆਉਣ ਵਾਲੇ ਸਮੇਂ ਵਿਚ ਇਹ ਵਧਦੀ ਹੈ ਤਾਂ ਜ਼ਿਆਦਾ ਬਿਹਤਰ ਸਥਿਤੀ ਦੀ ਉਮੀਦ ਕੀਤੀ ਜਾ ਸਕਦੀ ਹੈ। ਇਸ ਲਈ ਦੋਹਾਂ ਹੀ ਸਥਿਤੀਆਂ ਵਿਚ ਜੋਖ਼ਮ ਬਣਿਆ ਹੋਇਆ ਹੈ।

'ਦੀ ਨਿਊ ਯਾਰਕ ਟਾਈਮਜ਼' ਤੋਂ ਧੰਨਵਾਦ ਸਹਿਤ

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# Classified

## ਲੜਕੀ ਦੀ ਲੋੜ

40 ਸਾਲਾ ਡੈਂਟਿਸਟ ਡਾਕਟਰ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਅਮਰੀਕੀ ਸਿਟੀਜਨ ਨੂੰ ਤਰਜੀਹ ਦਿੱਤੀ ਜਾਵੇਗੀ।
ਸੰਪਰਕ ਕਰੋ 909-815-2797

---

ਸਿੱਖ ਰਾਮਗੜੀਆ ਲੜਕਾ, 30/5'9", ਭਾਰਤ ਤੋਂ ਇਲੈਕਟ੍ਰੋਨਿਕ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਚ ਬੀ.ਟੈਕ। ਕੈਨੇਡਾ ਵਿਚ ਕਾਨੂੰਨੀ ਤਾਲਾਕ। (ਸਿਰਫ਼ 5 ਦਿਨ ਇਕੱਠੇ ਰਹੇ)। ਮੌਜੂਦਾ ਸਮੇਂ ਵਰਕ ਪਰਮਿਟ 'ਤੇ। ਸਿਰਫ਼ ਕੈਨੇਡਾ ਤੇ ਅਮਰੀਕਾ ਦੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ।
ਸੰਪਰਕ : ਅਮਰੀਕਾ : 714-232-2482
ਵਟਸਐਪ : 97791-30287, saggu.gagan@gmail.com

---

ਰਾਮਗੜੀਆ ਸੋਹਣਾ ਸਿੱਖ ਪਰ ਕਲੀਨਸ਼ੇਵ ਲੜਕਾ ਕੱਦ 6 ਫੁੱਟ ਉਮਰ 30 ਸਾਲ ਜਹਾਜ ਪਾਇਲਟ ਦੀ ਨੌਕਰੀ ਇੰਡੀਆ ਤੋਂ ਬਾਹਰ ਕਿਸੇ ਦੇਸ਼ ਵਿਚ ਕਰਦਾ ਹੈ, ਪਰਿਵਾਰ ਅਮਰੀਕਾ ਵਿਚ ਹੈ, ਉਸ ਲਈ ਅਮਰੀਕਨ ਸਿਟੀਜਨ ਸੋਹਣੀ ਲੜਕੀ ਦੀ ਲੋੜ ਹੈ, ਵਿਆਹ ਛੇਤੀ।
ਸੰਪਰਕ ਕਰੋ: 916-507-9527

---

ਸਹਾਰਨਪੁਰ ਦੇ ਚੰਗੇ ਸਰਦੇ ਪੁੱਜਦੇ ਭੁੱਲਰ ਪਰਿਵਾਰ ਦੇ ਐਲ. ਐਲ. ਬੀ., ਐਲ. ਐਮ. ਐਲ., ਬੀ.ਏ. ਪਾਸ ਜੱਟ ਸਿੱਖ ਲੜਕੇ 28 ਸਾਲ 5'10" ਲਈ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਨਾਲ ਸਬੰਧ ਰਖਦੀ ਲੜਕੀ ਦੀ ਲੋੜ ਹੈ। ਲੜਕਾ ਦਿੱਲੀ ਦੀਆਂ ਜਿਲ੍ਹਾ ਕਚਹਿਰੀਆਂ ਤੇ ਹਾਈਕੋਰਟ 'ਚ ਵਕਾਲਤ ਕਰਦਾ ਹੈ। ਸ਼ਰਾਬ ਜਾਂ ਕਿਸੇ ਨਸ਼ੇ ਨੂੰ ਮੂੰਹ ਨਹੀਂ ਲਾਉਂਦਾ।
ਖ਼ਾਨਦਾਨੀ ਪਿਛੋਕੜ ਵਾਲਾ ਭੁੱਲਰ ਪਰਿਵਾਰ ਬਹੁਤ ਹੀ ਸਤਿਕਾਰਤ ਤੇ ਸਲੀਕੇ ਵਾਲਾ, ਪੜ੍ਹਿਆ ਲਿਖਿਆ, ਇਲਾਕੇ 'ਚ ਸਤਿਕਾਰਤ ਤੇ ਮਾਣ ਇਜ਼ਤ ਵਾਲਾ ਹੈ। ਪਰਿਵਾਰ ਦਾ ਸਹਾਰਨਪੁਰ (ਯੂ.ਪੀ.) ਵਿੱਚ ਚੰਗਾ ਬਿਜਨਸ, ਜ਼ਮੀਨ ਜਾਇਦਾਦ ਤੋਂ ਇਲਾਵਾ ਪੰਜਾਬ 'ਚ ਮਲੋਟ ਨੇੜੇ ਵੀ ਜ਼ਮੀਨ ਹੈ। ਲੜਕੀ ਚੰਗੇ ਪਰਿਵਾਰ ਦੀ ਪੜ੍ਹੀ ਲਿਖੀ, ਖੁਲ੍ਹਦਿਲੇ ਵਿਚਾਰਾਂ ਵਾਲੀ, ਮਿਲਣਸਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ।
**ਹੋਰ ਜਾਣਕਾਰੀ ਲਈ ਫੋਨ: 09045898878**
**E-mail: navi_singh001@yahoo.com**

## Bride WANTED

Suitable match for 40 years old Dentist Doctor Boy. American citizenship holder will be preferred. Please call (909) 815-2797

---

Seeking a Matrimonial match in Canada & USA only, for a Sikh Ramgharia boy, 30/5'9" having B-Tech in Electronics & Communication Engineering from India. Legally divorced in Canada (together for 5 days only). Currently on work permit. Contact:
USA: 714-232-2482, WhatsApp: 9779130287,
Email : saggu.gagan@gmail.com

---

Jat Sikh Bhular boy 28 years old Height: 5' 10" Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.
**For More information :**
**Call Mobile No. 09045898878**
**E-mail: navi_singh001@yahoo.com**

## BRIDE GROOM WANTED

Ramgarhia Sikh parents from Los Angles seeks matrimonial for their son 25years, height 5' 10" born and brought up in Los Angles , working as Assistant Manager in Marketing. Sikh Families welcome.
Please contact ginamudhar@yahoo.com Or phone 818-943-0264

## BOY WANTED

Seeking matrimonial for Jat Sikh girl, 35 years, 5'6". Well educated, working in a semi-conductor MNC in Malaysia. Comes from a well-respected family, settled in Malaysia. Sister settled in the US. Cast no bar. Boy should be well settled, preferably from Canada/US. Contact mendhir2017@gmail.com, 949-689-0841

## ਲੜਕੀ ਦੀ ਲੋੜ

ਲਾਸ ਏਂਜਲਸ ਤੋਂ ਰਾਮਗੜੀਆ ਸਿੱਖ ਪਰਿਵਾਰ ਨੂੰ ਆਪਣੇ ਲਾਸ ਏਂਜਲਸ ਵਿਚ ਜਨਮੇ-ਪਲੇ 25 ਸਾਲਾ ਲੜਕੇ, 5' 10" ਲਈ ਕੰਨਿਆ ਦੀ ਲੋੜ ਹੈ। ਲੜਕਾ ਮਾਰਕੀਟਿੰਗ ਵਿਚ ਅਸਿਸਟੈਂਟ ਮੈਨੇਜਰ। ਸਿੱਖ ਪਰਿਵਾਰਾਂ ਦਾ ਸਵਾਗਤ। ginamudhar@yahoo.com ਜਾਂ ਫ਼ੋਨ ਨੰਬਰ 818-943-0264 'ਤੇ ਸੰਪਰਕ ਕਰੋ।

## ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰ (ਵੇਟਰ ਅਤੇ ਹੈਲਪਰ) ਦੀ ਲੋੜ ਹੈ।
ਸੰਪਰਕ ਕਰੋ: ਗੁਰਪ੍ਰੀਤ ਸਿੰਘ ਸੋਹਲ
ਫੋਨ : 707-498-9325
Email : tandooribiteseureka@gmail.com

**Office for Lease in Union City, CA**



**Nice clean office**

1200 to 1500 Sq feet in the business area of Union City. Best for Trucking company if extra warehouse needed.

Call at:

**510-875-3279**

## ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਸਾਂਝੀ ਮੁਹਿੰਮ ਸ਼ੁਰੂ ਕਰਨ ਦੀ ਅਪੀਲ

ਅਹਿਮ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਸਾਂਝੀ ਮੁਹਿੰਮ ਸ਼ੁਰੂ ਕਰਨ ਦੀ ਅਪੀਲ ਕੀਤੀ ਅਤੇ ਇਸ ਮੁਹਿੰਮ ਦੀ ਕਮਾਂਡ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਚਲਾਉਣ ਲਈ ਆਖਿਆ। ਇਸ ਨੂੰ ਗਿਆਨੀ ਗੁਰਬਚਨ ਸਿੰਘ ਨੇ ਸਵੀਕਾਰ ਕੀਤਾ ਅਤੇ ਇਸ ਮਾਮਲੇ ਵਿੱਚ ਸਮੁੱਚੀ ਸਿੱਖ ਕੌਮ ਨੂੰ ਸਿਆਸੀ ਤੇ ਨਿੱਜੀ ਮੁਫ਼ਾਦ ਤੋਂ ਉਪਰ ਉੱਠ ਕੇ ਗੁਰਦੁਆਰੇ ਦੀ ਮੁੜ ਸਥਾਪਨਾ ਲਈ ਇਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ 14 ਮਈ ਨੂੰ ਸਵੇਰੇ ਜਪੁਜੀ ਸਾਹਿਬ ਦੇ ਪਾਠ ਮਗਰੋਂ ਅਰਦਾਸ ਕਰਨ। ਉਨ੍ਹਾਂ ਆਖਿਆ ਕਿ ਹਰਿ ਕੀ ਪਉੜੀ ਵਿਖੇ ਜਿੱਥੇ ਪੁਰਾਤਨ ਗੁਰਦੁਆਰਾ ਸੀ, ਉਹ ਥਾਂ ਲੈਣ ਲਈ ਯਤਨ ਕੀਤਾ ਜਾਵੇਗਾ। ਇਸ ਸਬੰਧੀ ਸ਼ਾਂਤਮਈ ਢੰਗ ਨਾਲ ਮੁਹਿੰਮ ਚਲਾਈ ਜਾਵੇਗੀ।

ਗਿਆਨੀ ਗੁਰਬਚਨ ਸਿੰਘ ਨੇ ਹਰਿਦੁਆਰ ਦੀ ਸਿੱਖ ਸੰਗਤ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਸ੍ਰੀ ਅਕਾਲ ਤਖ਼ਤ 'ਤੇ ਆ ਕੇ ਮੌਜੂਦਾ ਸਥਿਤੀ ਸਪੱਸ਼ਟ ਕਰਨ। ਇਸ ਸਬੰਧੀ ਪੰਜ ਸਿੰਘ ਸਾਹਿਬਾਨ, ਦਿੱਲੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਾਂ, ਸਿੱਖ ਬੁੱਧੀਜੀਵੀਆਂ ਨਾਲ ਮੀਟਿੰਗ ਮਗਰੋਂ ਅਗਲੇ ਪ੍ਰੋਗਰਾਮ ਦੀ ਰੂਪ ਰੇਖਾ ਦਾ ਐਲਾਨ ਕੀਤਾ ਜਾਵੇਗਾ। ਇਸ ਦੌਰਾਨ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ 1978-79 ਵਿੱਚ ਹਰਿ ਕੀ ਪਉੜੀ ਵਿੱਚ ਪੁਰਾਤਨ ਗੁਰਦੁਆਰਾ ਢਹਿ-ਢੇਰੀ ਕਰ ਦਿੱਤਾ ਗਿਆ ਸੀ, ਜਿੱਥੇ ਹੁਣ ਇਸ ਵੇਲੇ ਸਕਾਊਟ ਐਂਡ ਗਾਇਡ ਦਾ ਦਫ਼ਤਰ ਬਣਿਆ ਹੋਇਆ ਹੈ। ਸਿੱਖ ਸੰਗਤ ਦੀ ਮੰਗ ਹੈ ਕਿ ਉੱਤਰਾਖੰਡ ਸਰਕਾਰ ਇਹ ਥਾਂ ਸਿੱਖ ਸੰਗਤ ਨੂੰ ਸੌਂਪੇ ਤਾਂ ਜੋ ਇੱਥੇ ਯਾਦਗਾਰ ਸਥਾਪਤ ਕੀਤੀ ਜਾ ਸਕੇ। ਉਨ੍ਹਾਂ ਖੁਲਾਸਾ ਕੀਤਾ ਕਿ ਇਸ ਜ਼ਮੀਨ ਦਾ ਮਾਮਲਾ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੋਵਾਂ ਸਰਕਾਰਾਂ ਵਿਚਾਲੇ ਹੋਣ ਕਾਰਨ ਤਕਨੀਕੀ ਤੌਰ 'ਤੇ ਸਮੱਸਿਆ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਸ਼ਤਾਬਦੀ ਵਰ੍ਹੇ ਤੱਕ ਇਹ ਗੁਰਦੁਆਰੇ ਦੀ ਜ਼ਮੀਨ ਮਿਲ ਜਾਵੇਗੀ ਅਤੇ ਗੁਰਦੁਆਰੇ ਦੀ ਉਸਾਰੀ ਸ਼ੁਰੂ ਹੋ ਜਾਵੇਗੀ।

ਦੱਸਣਯੋਗ ਹੈ ਕਿ ਉੱਤਰਾਖੰਡ ਸਰਕਾਰ ਵੱਲੋਂ ਹਰਿ ਕੀ ਪਉੜੀ ਦੀ ਥਾਂ ਹੋਰ ਜਗ੍ਹਾ ਦੇਣ ਦੀ ਪੇਸ਼ਕਸ਼ ਵੀ ਕੀਤੀ ਜਾ ਚੁੱਕੀ ਹੈ। ਸਿੱਖ ਸੰਗਤ ਦੀ ਮੰਗ ਹੈ ਕਿ ਉੱਤਰਾਖੰਡ ਸਰਕਾਰ ਹਰਿ ਕੀ ਪਉੜੀ ਵਿਖੇ ਗੁਰਦੁਆਰੇ ਵਾਲੀ ਅਸਲ ਥਾਂ ਉਤੇ ਕੁਝ ਜਗ੍ਹਾ ਦੇਵੇ, ਜਿੱਥੇ ਸੰਕੇਤਕ ਯਾਦਗਾਰ ਬਣਾਈ ਜਾਵੇ ਅਤੇ ਗੁਰਦੁਆਰਾ ਕਿਸੇ ਹੋਰ ਥਾਂ ਬਣਾਇਆ ਜਾਵੇ।

## ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ ਵਲੋਂ ਕਰਵਾਏ 'ਰੰਗਲਾ ਪੰਜਾਬ' ਨੇ ਲਾਈਆਂ ਰੌਣਕਾਂ

ਜਸਵਿੰਦਰ ਸਿੰਘ ਸੰਧੂ, ਨਿਕ ਬਲਿਵੰਦਰ ਸਿੰਘ, ਮੇਜਰ ਗੁਰਚਰਨ ਸਿੰਘ ਝੱਜ, ਗੁਰਦੀਪ ਸਿੰਘ ਨਰਿੰਦਰ, ਨਿਊ ਯਾਰਕ ਲਾਈਫ਼, ਓਂਕਾਰ ਸਿੰਘ ਸੰਘਾ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਨਿਕ ਗਾਖਲ, ਜੈਦੇਵ ਸਿੰਘ ਭੱਠਲ, ਡਾ. ਅਮਰਜੀਤ ਸਿੰਘ, ਡਾ. ਹਰਜਿੰਦਰ ਸਿੰਘ ਖਹਿਰਾ, ਗੁਲਜ਼ਾਰ ਮੁਲਤਾਨੀ, ਸਲਵਾਨ ਟਰੇਡਿੰਗ, ਸੁਗਾ ਬਿਲਡਰ, ਸੰਤੋਖ ਸਿੰਘ, ਜਸਪਾਲ ਸਿੰਘ ਕਲੇਰ, ਅਮਰੀਕਪਾਲ ਸਿੰਘ, ਲਖਬੀਰ ਸਿੰਘ ਸੰਧੂ, ਲਖਵੀਰ ਸਿੰਘ ਸਹੋਤਾ ਤੇ ਜਗਜੀਤ ਸਿੰਘ ਢੀਂਡਸਾ ਨੇ ਵੀ ਸਹਿਯੋਗ ਦਿੱਤਾ। ਇਸ ਮੌਕੇ ਮਾਤ ਸਿੰਘ ਢਿੱਲੋਂ ਦੀ ਕਿਤਾਬ 'ਸਿਆਸਤਦਾਨ' ਵੀ ਰਿਲੀਜ਼ ਕੀਤੀ ਗਈ। ਜ਼ਿਕਰਯੋਗ ਹੈ ਕਿ 'ਪੀ.ਸੀ.ਐਸ. ਯੂਥਸ ਗਰੈਜੁਏਸ਼ਨ ਨਾਈਟ' ਅਤੇ 'ਰੰਗਲਾ ਪੰਜਾਬ ਪਾਰਟੀਸਪੈਂਟਸ ਐਪਰੀਸੀਏਸ਼ਨ ਨਾਈਟ' 11 ਜੂਨ ਨੂੰ ਵਾਇਸਰਾਇ ਆਫ਼ ਇੰਡੀਅਨ ਰੇਸਤਰਾਂ, ਲੋਮਬਾਰਡ ਇਲਿਨੋਇਸ ਵਿਖੇ ਮਨਾਈ ਜਾਵੇਗੀ। 'ਪੀ.ਸੀ.ਪੀ. ਸਪੋਰਟਸ ਫੈਸਟੀਵਲ' ਅਗਸਤ ਵਿਚ ਹੋਵੇਗਾ। 'ਪੀ. ਸੀ.ਐਸ. ਇੰਟਰਨੈਸ਼ਨਲ ਭੰਗੜਾ ਐਂਡ ਗਿੱਧਾ ਕੰਪੀਟਸ਼ਨ ਨਵੰਬਰ ਵਿਚ ਅਤੇ 'ਥੈਂਕਸਗਿਵਿੰਗ ਡੇਅ ਪਰੇਡ' ਨਵੰਬਰ ਵਿਚ ਹੋਵੇਗੀ।

## ਗਗਨੇਜਾ ਸਮੇਤ 5 ਵੱਡੀਆਂ ਵਾਰਦਾਤਾਂ ਦੇ ਤਾਰ ਯੂਰਪ ਨਾਲ ਜੁੜੇ

ਖਾਲਿਸਤਾਨੀ ਹਮਦਰਦੀਆਂ ਜਾਂ ਇਸ ਲਹਿਰ ਨਾਲ ਸਬੰਧਤ ਵਿਅਕਤੀਆਂ ਵੱਲੋਂ ਯੂਰਪੀ ਮੁਲਕਾਂ ਦੇ ਮੋਬਾਈਲ ਫੋਨ ਨੰਬਰਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। 'ਵੱਟਸਐਪ' ਦੀ ਵਰਤੋਂ ਲਈ ਵਿਦੇਸ਼ ਬੈਠਿਆਂ ਹੀ ਪੰਜਾਬ ਵਿਚਲੇ ਬੰਦਿਆਂ ਨੂੰ ਸੋਸ਼ਲ ਮੀਡੀਆ ਦੀ ਇਸ ਐਪ ਨੂੰ ਐਕਟੀਵੇਟ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਭਾਰਤ ਵਿੱਚ ਇਸ ਦਾ ਕੋਈ ਨਾਮੋ ਨਿਸ਼ਾਨ ਹੀ ਨਹੀਂ ਛੱਡਿਆ ਜਾ ਰਿਹਾ। ਪੁਲੀਸ ਵੱਲੋਂ ਉਕਤ ਘਟਨਾਵਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮਾਂ (ਐਸਆਈਟੀਜ਼) ਦਾ ਗਠਨ ਕੀਤਾ ਗਿਆ ਹੈ। ਸੀਨੀਅਰ ਪੁਲੀਸ ਅਧਿਕਾਰੀ ਖੌਫ਼ਜ਼ਦਾ ਹਨ ਕਿ ਸੋਸ਼ਲ ਮੀਡੀਆ ਦੀ ਵਰਤੋਂ ਅਪਰਾਧੀ ਤੱਤਾਂ ਵੱਲੋਂ ਕੀਤੇ ਜਾਣ ਨਾਲ ਵੱਡੀਆਂ ਵਾਰਦਾਤਾਂ ਨੂੰ ਸੁਲਝਾਉਣਾ ਬੇਹੱਦ ਕਠਿਨ ਬਣਿਆ ਪਿਆ ਹੈ।

**ਵਾਰਦਾਤਾਂ ਲਈ ਬਾਹਰੋਂ ਆ ਰਹੇ ਨੇ ਫੰਡ :**

ਤਫ਼ਤੀਸ਼ ਦੌਰਾਨ ਖ਼ੁਫੀਆ ਵਿੰਗ ਨੂੰ ਕਤਲਾਂ ਦੀਆਂ ਵਾਰਦਾਤਾਂ ਲਈ ਪੈਸਾ ਵਿਦੇਸ਼ ਤੋਂ ਆਉਣ ਦੇ ਵੀ ਸਕੇਤ ਮਿਲੇ ਹਨ। ਖ਼ੁਫੀਆ ਵਿੰਗ ਦੇ ਮੁਖੀ ਦਿਨਕਰ ਗੁਪਤਾ ਵੱਲੋਂ ਪਿਛਲੇ ਦਿਨੀਂ ਪੁਲੀਸ ਅਫ਼ਸਰਾਂ ਨਾਲ ਫਿਲੌਰ ਵਿੱਚ ਕੀਤੀ ਮੀਟਿੰਗ ਦੌਰਾਨ ਵਿਦੇਸ਼ਾਂ ਵਿਚ ਬੈਠੇ ਅਤਿਵਾਦੀਆਂ ਦੀਆਂ ਸਰਗਰਮੀਆਂ ਤੋਂ ਸੁਚੇਤ ਰਹਿਣ ਦੇ ਨਾਲ-ਨਾਲ ਵਿਦੇਸ਼ੀ ਫੰਡਿੰਗ ਹੋਣ ਦਾ ਵੀ ਜ਼ਿਕਰ ਕੀਤਾ ਸੀ।

# ਕੈਲੇਫੋਰਨੀਆ 'ਚ ਜਗਜੀਤ ਸਿੰਘ ਦੀ ਹੱਤਿਆ ਸਬੰਧੀ ਸਿੱਖ ਵ.ਫਦ ਵੱਲੋਂ ਮੋਡੈਸਟੋ ਸਿਟੀ ਪੁਲਿਸ ਚੀ.ਫ ਨਾਲ ਮੁਲਾਕਾਤ

**ਫ਼ਰੀਮੌਂਟ/ਬਿਊਰੋ ਨਿਊਜ਼:**
ਕੈਲੇਫ਼ੋਰਨੀਆ ਦੇ ਮਡੈਸਟੋ ਸ਼ਹਿਰ 'ਚ ਸਿੱਖ ਨੌਜਵਾਨ ਜਗਜੀਤ ਸਿੰਘ ਦੇ ਬੇਰਹਿਮੀ ਨਾਲ ਕੀਤੇ ਗਏ ਕਤਲ ਸਬੰਧੀ ਸਿੱਖਾਂ ਦਾ ਇਕ ਵ.ਫ਼ਦ ਮੋਡੈਸਟੋ ਸਿਟੀ ਚੀ.ਫ ਗੈਲਨਕੈਰੋ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਸਿੱਖਾਂ ਦੀਆਂ ਭਾਵਨਾਵਾਂ ਸਬੰਧੀ ਜਾਣੂ ਕਰਵਾਉਂਦਿਆਂ ਹਮਲੇ ਦੀ ਤੁਰੰਤ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਅਪੀਲ ਕੀਤੀ। ਇਹ ਵ.ਫ਼ਦ ਮੈਡਸਟੋ ਸਿਟੀ ਦੀ ਵਾਈਸ ਮੇਅਰ ਸ. ਮਨਮੀਤ ਸਿੰਘ ਗਰੇਵਾਲ ਦੀ ਅਗਵਾਈ 'ਚ ਪਹੁੰਚਿਆ ਅਤੇ ਉਨ੍ਹਾਂ ਨੂੰ 32 ਸਾਲਾ ਸ. ਜਗਜੀਤ ਸਿੰਘ ਦੀ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਇਕ ਗਰੌਸਰੀ ਸਟੋਰ 'ਚ ਸਿਗਰਟਾਂ ਖਰੀਦਣ ਸਬੰਧੀ ਉਕਤ ਵਿਅਕਤੀਆਂ ਵੱਲੋਂ ਕੀਤੇ ਕਤਲ ਦੀ ਤ.ਫ਼ਤੀਸ਼ ਦੀ ਮੰਗ ਕੀਤੀ।

ਵਰਨਣਯੋਗ ਹੈ ਕਿ ਜਗਜੀਤ ਸਿੰਘ, ਜੋ ਕਿ ਕਪੂਰਥਲਾ ਪੰਜਾਬ ਦਾ ਰਹਿਣ ਵਾਲਾ ਸੀ, 18 ਮਹੀਨੇ ਪਹਿਲਾਂ ਹੀ ਅਮਰੀਕਾ ਆਇਆ ਸੀ ਅਤੇ ਇੱਥੇ ਹੈਚ ਫੂਡ ਐਂਡ ਗੈਸ ਕਨਵੀਨੀਅਸ ਸਟੋਰ 'ਚ ਕਲਰਕ ਵਜੋਂ ਨੌਕਰੀ ਕਰਦਾ ਸੀ । ਉਹ ਆਪਣੀ ਭੈਣ ਅਤੇ ਜੀਜੇ ਨਾਲ ਸ਼ਹਿਰ 'ਚ ਰਹਿ ਰਿਹਾ ਸੀ। ਬੀਤੇ ਦਿਨੀਂ ਜਦੋਂ ਇਕ ਅਣਪਛਾਤਾ ਵਿਅਕਤੀ ਸਟੋਰ 'ਤੇ ਸਿਗਰਟਾਂ ਖਰੀਦਣ ਆਇਆ ਤਾਂ ਉਸ ਨੇ ਸਨਾਖ਼ਤੀ ਆਈ ਡੀ ਮੰਗਣ ਉੱਤੇ ਪਹਿਲਾਂ ਜਗਜੀਤ ਸਿੰਘ ਨਾਲ ਦੁਰਵਿਵਹਾਰ ਕੀਤਾ ਅਤੇ ਮੌਕੇ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਸ.ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਨੇ ਸ੍ਰੀ ਕੈਰੋਲ ਵੱਲੋਂ ਲੰਮੀ ਮੀਟਿੰਗ ਕੀਤੀ, ਜਿਸ ਦੌਰਾਨ ਸਿੱਖਾਂ ਦੇ ਜਾਨੀ ਅਤੇ ਮਾਲੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬੇਨਤੀ ਕੀਤੀ ਗਈ।

ਉਨ੍ਹਾਂ ਕਿਹਾ ਕਿ ਪੁਲਿਸ ਚੀ.ਫ ਨੇ ਉਨ੍ਹਾਂ ਨੂੰ ਇਸ ਕਤਲ 'ਚ ਨਿਰਪੱਖ ਜਾਂਚ ਕਰਨ ਦਾ ਭਰੋਸਾ ਦਿਵਾਉਂਦਿਆਂ ਕਿਹਾ ਕਿ ਇਸ ਨੂੰ ਨਸਲੀ ਹਿੰਸਾ' ਦੀ ਘਟਨਾ ਵਜੋਂ ਲਿਆ ਜਾ ਰਿਹਾ ਹੈ ਅਤੇ ਇਸ ਸਬੰਧੀ ਕੌਮ ਨੂੰ ਦਰਪੇਸ਼ ਮੁਸ਼ਕਿਲਾਂ ਦਾ ਵੀ ਜ਼ਿਕਰ ਹੋਇਆ। ਪੁਲਿਸ ਚੀ.ਫ ਨੇ ਕਿਹਾ ਕਿ ਪੁਲਿਸ ਵਿਭਾਗ ਹਰੇਕ ਪ੍ਰਕਾਰ ਸਿੱਖਾਂ ਦੀ ਸੁਰੱਖਿਆ ਸਬੰਧੀ ਵਚਨਬੱਧ ਹੈ ਅਤੇ ਆਉਣ ਵਾਲੇ ਸਮੇਂ 'ਚ ਸਿੱਖਾਂ ਦੀ ਪਛਾਣ ਨੂੰ ਲੈ ਕੇ ਵੱਡੇ ਪੱਧਰ 'ਤੇ ਜਾਗਰੂਕ ਲਹਿਰ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਹਮਲੇ ਰੋਕਣ ਲਈ ਪਹਿਲਾਂ ਹੀ ਜਰੂਰੀ ਸੁਰੱਖਿਆ ਪ੍ਰਬੰਧ ਕਰ ਲਏ ਗਏ ਹਨ ਅਤੇ ਉਹ ਸਟੋਰ ਜਾਂ ਜਗ੍ਹਾ ਜਿੱਥੇ ਸਿੱਖ ਕੰਮ ਕਰਦੇ ਹਨ ਉਨ੍ਹਾਂ ਨੂੰ ਨਿਗਰਾਨੀ ਹੇਠ ਰੱਖਿਆ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਦੀ ਸੁਰੱਖਿਆ ਸਬੰਧੀ ਖ਼ਤਰੇ ਨੂੰ ਟਾਲਿਆ ਜਾ ਸਕੇ।

ਸ. ਗਰੇਵਾਲ ਨੇ ਦਸਿਆ ਕਿ ਕੈਰੋਲ ਤੋਂ ਇਲਾਵਾ ਮੀਟਿੰਗ ਦੌਰਾਨ ਵਿਭਾਗ ਦੇ ਸ਼ਰੀ.ਫ ਹਨੂਲੂ-ਲੀ, ਪੁਲਿਸ ਡੀਟੈਕਟਿਵ ਮਾਈਕਲ ਹੀਨਸ ਅਤੇ ਸਾਰਜਟ ਸਟੀਅਰ ਹੈਂਗਲੀ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਅਟਾਰਨੀ ਆਫ਼ਿਸ ਤੋਂ ਬਲਵਿੰਦਰ ਕੌਰ ਅਤੇ ਨਰਿੰਦਰ ਵੀ ਇਸ ਮੀਟਿੰਗ 'ਚ ਸ਼ਾਮਿਲ ਹੋਏ।

ਇਸੇ ਦੌਰਾਨ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇਸ ਵਾਪਰੀ ਘਟਨਾ 'ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕਰਦਿਆਂ ਪ੍ਰਸ਼ਾਸ਼ਨ ਕੋਲੋਂ ਉਚਿੱਤ ਅਤੇ ਨਿਰਪੱਖ ਜਾਂਚ ਦੀ ਅਪੀਲ ਕੀਤੀ ਤਾਂ ਜੋ ਕਿ ਮ੍ਰਿਤਕ ਦੇ ਪਰਿਵਾਰ ਨੂੰ ਇਨਸਾ.ਫ ਮਿਲ ਸਕੇ।

# ਕਪਿਲ ਮਿਸ਼ਰਾ 'ਆਪ' ਵਿਚੋਂ ਮੁਅੱਤਲ

***ਕਪਿਲ ਦਾ ਦੋਸ਼-ਪੰਜਾਬ ਚੋਣਾਂ 'ਚ ਟਿਕਟ ਲਈ ਪੈਸੇ, ਸ਼ਰਾਬ ਤੇ ਲੜਕੀਆਂ ਦਾ ਧੰਦਾ ਹੋਇਆ***

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ (ਆਪ) ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਦੋ ਕਰੋੜ ਰੁਪਏ ਲੈਣ ਦੇ ਦੋਸ਼ ਲਾਉਣ ਵਾਲੇ ਕਪਿਲ ਮਿਸ਼ਰਾ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ। ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀਏਸੀ) ਦੀ ਹੋਈ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ। ਸ੍ਰੀ ਮਿਸ਼ਰਾ ਨੂੰ 6 ਮਈ ਨੂੰ ਮੰਤਰੀ ਦੇ ਅਹੁਦੇ ਤੋਂ ਹਟਾਇਆ ਗਿਆ ਸੀ। ਉਧਰ ਕਪਿਲ ਮਿਸ਼ਰਾ ਨੇ ਭ੍ਰਿਸ਼ਟਾਚਾਰ ਰੋਕੂ ਬਰਾਂਚ (ਏਸੀਬੀ) ਨੂੰ 'ਆਪ' ਕਨਵੀਨਰ ਕੇਜਰੀਵਾਲ ਖ਼ਿਲਾਫ਼ 400 ਕਰੋੜ ਦੇ ਟੈਂਕਰ ਘੁਟਾਲੇ ਬਾਰੇ ਸਬੂਤ ਪੇਸ਼ ਕੀਤੇ, ਜੋ ਇਸ ਘੁਟਾਲੇ ਦੀ ਜਾਂਚ ਵਿੱਚ ਦੇਰੀ ਨਾਲ ਸਬੰਧਤ ਦੱਸੇ ਜਾ ਰਹੇ ਹਨ। ਉਨ੍ਹਾਂ ਏਸੀਬੀ ਅਧਿਕਾਰੀਆਂ ਨੂੰ ਮਿਲਣ ਮਗਰੋਂ ਕਿਹਾ ਕਿ "ਮੈਂ ਅਧਿਕਾਰੀਆਂ ਨੂੰ ਦੱਸਿਆ ਕਿ ਮੁੱਖ ਮੰਤਰੀ ਕਿਵੇਂ ਜਾਣ-ਬੁੱਝ ਕੇ ਰਿਪੋਰਟ ਵਿੱਚ ਦੇਰੀ ਕਰ ਰਹੇ ਹਨ ਤੇ ਕਿਵੇਂ ਜਨਤਾ ਦੇ ਪੈਸੇ ਦੀ ਬਰਬਾਦੀ ਹੋ ਰਹੀ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਹਾਲ ਵਿਚ ਹੀ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਟਿਕਟਾਂ ਲਈ ਪਾਰਟੀ ਨੇ ਪੈਸੇ, ਸ਼ਰਾਬ ਤੇ ਲੜਕੀ ਦਾ ਧੰਦਾ ਕੀਤਾ। ਮਿਸ਼ਰਾ ਨੇ ਕਿਹਾ ਕਿ ਪਾਰਟੀ ਨੇਤਾ ਸੰਜੇ ਸਿੰਘ ਦੇ ਰਿਸ਼ਤੇਦਾਰਾਂ ਨੇ ਪੰਜਾਬ ਵਿਧਾ ਸਭਾ ਚੋਣਾਂ ਵਿਚ ਟਿਕਟ ਦੇਣ ਬਦਲੇ ਅਮਰੀਕਾ ਵਿਚ ਲੋਕਾਂ ਤੋਂ ਪੈਸੇ ਲਏ। ਸ੍ਰੀ ਮਿਸ਼ਰਾ ਨੇ ਪ੍ਰੈੱਸ ਕਾਨਫਰੰਸ ਕਰ ਕੇ ਇਕ "ਈ-ਮੇਲ ਆਈਡੀ" ਜਾਰੀ ਕੀਤੀ, ਜਿਸ ਰਾਹੀਂ ਉਨ੍ਹਾਂ



ਦੇਸ਼-ਵਿਦੇਸ਼ ਦੇ 'ਆਪ' ਆਗੂਆਂ ਤੇ ਕਾਰਕੁਨਾਂ ਨੂੰ ਕਥਿਤ ਲੈਣ-ਦੇਣ ਜਾਂ ਹੋਰ ਸਬੂਤ ਭੇਜਣ ਲਈ ਕਿਹਾ। ਉਨ੍ਹਾਂ ਭਾਜਪਾ ਵਿੱਚ ਕਿਸੇ ਵੀ ਹਾਲਤ ਵਿੱਚ ਨਾ ਜਾਣ ਦਾ ਐਲਾਨ ਕੀਤਾ ਅਤੇ 'ਆਪ' ਆਗੂਆਂ ਨੂੰ ਉਨ੍ਹਾਂ (ਮਿਸ਼ਰਾ) ਨੂੰ ਪਾਰਟੀ ਵਿਚੋਂ ਕੱਢਣ ਦੀ ਚੁਣੌਤੀ ਦਿੱਤੀ। ਮੰਤਰੀ ਦੇ ਅਹੁਦੇ ਤੋਂ ਹਟਾਏ ਅਸੀਮ ਅਹਿਮਦ ਖ਼ਾਨ ਨੇ ਦੋਸ਼ ਲਾਇਆ ਕਿ ਸ੍ਰੀ ਕੇਜਰੀਵਾਲ ਨੇ ਉਨ੍ਹਾਂ ਤੋਂ ਵੀ ਕਥਿਤ ਤੌਰ 'ਤੇ ਪੰਜ ਕਰੋੜ ਰੁਪਏ ਮੰਗੇ ਸਨ।

## ਸਚਾਈ ਦੀ ਜਿੱਤ ਹੋਵੇਗੀ : ਕੇਜਰੀਵਾਲ

ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਘਿਰੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 'ਸਚਾਈ ਦੀ ਜਿੱਤ ਹੋਵੇਗੀ।' ਦਿੱਲੀ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਤੋਂ ਪਹਿਲਾਂ ਉਨ੍ਹਾਂ ਟਵੀਟ ਕੀਤਾ ਕਿ 'ਸਚਾਈ ਜਿੱਤੇਗੀ ਅਤੇ ਇਸ ਦੀ ਸ਼ੁਰੂਆਤ ਵਿਸ਼ੇਸ਼ ਸੈਸ਼ਨ ਦੌਰਾਨ ਹੋਵੇਗੀ।'

ਕੇਜਰੀਵਾਲ ਦੇ ਸਾਢੂ ਦਾ ਦੇਹਾਂਤ :
ਕੇਜਰੀਵਾਲ ਦੇ ਸਾਢੂ ਸੁਰਿੰਦਰ ਕੁਮਾਰ ਬਾਂਸਲ, ਜਿਨ੍ਹਾਂ ਨੂੰ ਕਥਿਤ ਫਾਇਦਾ ਦੇਣ ਦਾ ਦੋਸ਼ ਕਪਿਲ ਮਿਸ਼ਰਾ ਨੇ ਲਗਾਇਆ ਹੈ, ਦਾ ਦਿਲ ਦਾ ਦੌਰਾ ਪੈਣ ਕਾਰਨ ਮੇਦਾਂਤਾ ਹਸਪਤਾਲ ਵਿੱਚ ਦੇਹਾਂਤ ਹੋ ਗਿਆ।

## ਭਗਵੰਤ ਮਾਨ ਨੂੰ ਸੌਂਪੀ 'ਆਪ' ਦੀ ਕਮਾਂਡ

ਦਿੱਤੀ ਗਈ। ਜਗਰਾਓਂ ਤੋਂ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਨੂੰ ਵਿਧਾਨ ਸਭਾ ਵਿੱਚ ਪਾਰਟੀ ਵਿਧਾਇਕ ਦਲ ਦਾ ਉਪ ਮੁਖੀ ਨਿਯੁਕਤ ਕੀਤਾ ਗਿਆ ਹੈ।

ਪਾਰਟੀ ਤਰਜਮਾਨ ਨੇ ਕਿਹਾ ਕਿ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਨਵੀਂ ਦਿੱਲੀ ਵਿੱਚ ਪੀਏਸੀ ਦੀ ਹੋਈ ਮੀਟਿੰਗ ਵਿੱਚ ਇਹ ਨਿਯੁਕਤੀਆਂ ਕੀਤੀਆਂ ਗਈਆਂ। ਇਸ ਤੋਂ ਪਹਿਲਾਂ ਵਿਧਾਇਕਾਂ, ਜ਼ੋਨ ਇੰਚਾਰਜਾਂ ਅਤੇ ਪਾਰਟੀ ਦੀਆਂ ਮੁਹਰੈਲ ਜਥੇਬੰਦੀਆਂ ਦੇ ਮੁਖੀਆਂ ਨਾਲ ਲੰਮਾ ਸਮਾਂ ਮੀਟਿੰਗ ਕੀਤੀ ਗਈ। ਪਾਰਟੀ ਦੀ ਕੌਮੀ ਲੀਡਰਸ਼ਿਪ ਨੇ ਵਿਧਾਇਕਾਂ ਤੇ ਅਹੁਦੇਦਾਰਾਂ ਨਾਲ ਸਾਂਝੀਆਂ ਮੀਟਿੰਗਾਂ ਤੋਂ ਪਹਿਲਾਂ ਇਕੱਲੇ ਇਕੱਲੇ ਦੇ ਵਿਚਾਰ ਸੁਣੇ। ਇਸ ਤੋਂ ਬਾਅਦ ਪੀਏਸੀ ਵਿੱਚ ਅੰਤਮ ਫੈਸਲਿਆਂ ਉਤੇ ਮੋਹਰ ਲੱਗੀ। ਕਮੇਟੀ ਨੇ ਪੰਜਾਬ ਵਿੱਚ ਚਾਰ ਮੀਤ ਪ੍ਰਧਾਨਾਂ ਦੀ ਨਿਯੁਕਤੀ ਦਾ ਵੀ ਫੈਸਲਾ ਕੀਤਾ। ਇਨ੍ਹਾਂ ਵਿਚੋਂ ਦੋ ਮਾਲਵਾ ਖਿੱਤੇ ਅਤੇ ਇਕ ਇਕ ਦੋਆਬਾ ਤੇ ਮਾਝਾ ਖਿੱਤੇ ਵਿੱਚ ਬਣਾਏ ਜਾਣਗੇ। ਪਾਰਟੀ ਬੁਲਾਰੇ ਨੇ ਕਿਹਾ ਕਿ ਭਗਵੰਤ ਮਾਨ ਸੂਬਾਈ ਪ੍ਰਧਾਨ ਦੀ ਹੈਸੀਅਤ ਵਿੱਚ ਪਾਰਟੀ ਦੇ ਸਾਰੇ ਮਾਮਲਿਆਂ ਲਈ ਜ਼ਿੰਮੇਵਾਰ ਹੋਣਗੇ, ਜਦੋਂ ਕਿ ਅਮਨ ਅਰੋੜਾ ਖ਼ਾਸ ਤੌਰ ਉਤੇ ਸੂਬੇ ਵਿੱਚ ਪਾਰਟੀ ਢਾਂਚਾ ਵਿਕਸਤ ਕਰਨ ਉਤੇ ਕੰਮ ਕਰਨਗੇ। ਪੰਜਾਬ ਵਿੱਚ ਪਾਰਟੀ ਆਧਾਰ ਨੂੰ ਮੁੜ ਮਜ਼ਬੂਤ ਕਰਨ ਲਈ ਸਾਰੇ ਮਸਲਿਆਂ ਵਿੱਚ ਸੰਤੁਲਿਤ ਪਹੁੰਚ ਅਪਣਾਈ ਜਾਵੇਗੀ। ਬੁਲਾਰੇ ਨੇ ਕਿਹਾ ਕਿ ਪਾਰਟੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਿਰੁੱਧ ਹਮਲਾਵਰ ਰੁਖ਼ ਅਪਣਾਏਗੀ ਅਤੇ ਸਰਕਾਰ ਨੂੰ ਚੋਣਾਂ ਦੌਰਾਨ ਕੀਤੇ ਵਾਅਦਿਆਂ ਉਤੇ ਘੇਰੇਗੀ। ਪੀਏਸੀ ਨੇ ਸੂਬਾਈ ਇਕਾਈ ਨੂੰ ਲੋਕਾਂ ਵਿੱਚ ਜਾਣ ਅਤੇ ਕਾਂਗਰਸ ਸਰਕਾਰ ਨੂੰ ਹਰੇਕ ਵਾਅਦੇ ਪ੍ਰਤੀ ਜਵਾਬਦੇਹ ਬਣਾਉਣ ਦਾ ਆਦੇਸ਼ ਦਿੱਤਾ।

### ਆਮ ਵਲੰਟੀਅਰ ਵਜੋਂ ਕੰਮ ਕਰਾਂਗਾ : ਖਹਿਰਾ

ਉਥੇ ਪਾਰਟੀ ਦੇ ਕਨਵੀਨਰ ਰਹੇ ਗੁਰਪ੍ਰੀਤ ਸਿੰਘ ਘੁੱਗੀ ਵੀ ਭਗਵੰਤ ਮਾਨ ਨੂੰ ਪੰਜਾਬ ਦੀ ਕਮਾਨ ਸੌਂਪਣ ਤੋਂ ਕਾ.ਫੀ ਨਾਰਾਜ਼ ਦੱਸੇ ਜਾ ਰਹੇ ਹਨ। ਗੱਲਬਾਤ ਕਰਦਿਆਂ ਸ. ਖਹਿਰਾ ਨੇ ਕਿਹਾ ਕਿ ਆਪਣੀ ਨਾਰਾਜ਼ਗੀ ਜਤਾਉਂਦਿਆਂ ਉਨ੍ਹਾਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਆਪਣੇ ਅਹੁਦਿਆਂ ਤੋਂ .ਫਾਰਗ ਕਰਨ ਦੀ ਗੱਲ ਕਹਿ ਦਿੱਤੀ ਹੈ, ਪਰ ਉਨ੍ਹਾਂ ਅਜੇ ਪਾਰਟੀ ਨਹੀਂ ਛੱਡੀ ਹੈ। ਹਾਲਾਂਕਿ ਅਰਵਿੰਦ ਕੇਜਰੀਵਾਲ ਨੇ .ਫਿਲਹਾਲ ਖਹਿਰਾ ਦਾ ਅਸਤੀ.ਫਾ ਨਾਮਨਜ਼ੂਰ ਕਰ ਦਿੱਤਾ ਹੈ। ਖਹਿਰਾ ਨੇ ਕਿਹਾ ਕਿ ਉਨ੍ਹਾਂ ਅਰਵਿੰਦ ਕੇਜਰੀਵਾਲ ਨੂੰ ਕਿਹਾ ਹੈ ਕਿ ਇਨ੍ਹਾਂ ਅਹੁਦਿਆਂ 'ਤੇ ਕਿਸੇ ਹੋਰ ਵੱਧ ਜ਼ਿੰਮੇਵਾਰ ਤੇ ਕਾਬਿਲ ਨੇਤਾ ਨੂੰ ਲਾ ਦਿੱਤਾ ਜਾਵੇ ਤੇ ਮੈਨੂੰ ਪਾਰਟੀ ਵਿਚ ਇਕ ਆਮ ਵਲੰਟੀਅਰ ਵਜੋਂ ਕੰਮ ਕਰਕੇ ਹੀ ਖ਼ੁਸ਼ੀ ਮਿਲੇਗੀ।

### ਮੀਟਿੰਗ 'ਚ ਕੋਈ ਪਾਰਦਰਸ਼ਤਾ ਨਹੀਂ ਸੀ : ਘੁੱਗੀ

ਵੱਲੋਂ ਇਕ-ਇਕ ਮੈਂਬਰ ਨਾਲ ਗੁਪਤ ਮੁਲਾਕਾਤ ਕਰਨ ਮਗਰੋਂ ਇਹ .ਫਰਮਾਨ ਜਾਰੀ ਕਰ ਦਿੱਤਾ ਗਿਆ ਤੇ ਉਹ ਸਮਝਦੇ ਹਨ ਕਿ ਇਸ ਸਬੰਧੀ .ਫੈਸਲਾ ਲੈਣ ਲਈ ਮੀਟਿੰਗ ਵਿਚ ਕਿਸੇ ਕਿਸਮ ਦੀ ਪਾਰਦਰਸ਼ਤਾ ਨਹੀਂ ਸੀ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਇਸ .ਫੈਸਲੇ ਸਬੰਧੀ ਉਹ ਜਲਦ ਚੰਡੀਗੜ੍ਹ ਵਿਚ ਇਕ ਪ੍ਰੈੱਸ ਕਾਨ.ਫਰੰਸ ਵੀ ਕਰਨ ਜਾ ਰਹੇ ਹਨ ।

## ਡੇਢ ਦਹਾਕੇ ਮਗਰੋਂ ਸ਼੍ਰੋਮਣੀ ਕਮੇਟੀ ਵਲੋਂ ਕੈਪਟਨ ਦਾ ਸਨਮਾਨ

ਦਾ ਸੈੱਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਮੁੱਖ ਸਕੱਤਰ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਇੱਥੇ ਸਵਾਗਤ ਲਈ ਨਹੀਂ ਪੁੱਜ ਸਕੇ। ਇਸ ਮੌਕੇ ਮੁੱਖ ਮੰਤਰੀ ਨੇ ਆਖਿਆ ਕਿ ਉਹ ਇੱਥੇ ਵਿਧਾਨ ਸਭਾ ਚੋਣਾਂ ਵਿੱਚ ਪ੍ਰਾਪਤ ਹੋਈ ਸ਼ਾਨਦਾਰ ਜਿੱਤ ਉਤੇ ਸ਼ੁਕਰਾਨੇ ਲਈ ਆਏ ਹਨ। ਉਨ੍ਹਾਂ ਗੁਰਦੁਆਰੇ ਵਿੱਚ ਸੂਬੇ ਦੀ ਅਮਨ-ਸ਼ਾਂਤੀ ਅਤੇ ਤਰੱਕੀ ਲਈ ਅਰਦਾਸ ਕੀਤੀ ਹੈ।

ਦੱਸਣਯੋਗ ਹੈ ਕਿ 2002 ਵਿੱਚ ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ ਤਾਂ ਉਸ ਵੇਲੇ ਦੋਵਾਂ ਬਾਦਲਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਪੁਲੀਸ ਨੇ ਗ੍ਰਿ.ਫਤਾਰ ਕੀਤਾ ਸੀ, ਜਿਸ ਕਾਰਨ ਸੂਬੇ ਵਿੱਚ ਸਿਆਸੀ ਬਦਲਾਖੋਰੀ ਦੀ ਲਹਿਰ ਸ਼ੁਰੂ ਹੋਈ ਸੀ। ਇਸ ਪ੍ਰਭਾਵ ਹੇਠ ਹੀ ਉਸ ਵੇਲੇ ਸ਼੍ਰੋਮਣੀ ਕਮੇਟੀ ਨੇ ਕੈਪਟਨ ਨੂੰ ਮੁੱਖ ਮੰਤਰੀ ਵਜੋਂ ਹਰਿਮੰਦਰ ਸਾਹਿਬ ਆਉਣ 'ਤੇ ਸਿਰੋਪਾਓ ਨਹੀਂ ਦਿੱਤਾ ਸੀ। ਇਸ ਮਗਰੋਂ ਵੀ ਉਨ੍ਹਾਂ ਨੂੰ ਅਣਗੌਲਿਆ ਕਰਨ ਦਾ ਰੁਝਾਨ ਜਾਰੀ ਰਿਹਾ ਸੀ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਆਮਦ ਵੇਲੇ ਵੀ ਕੈਪਟਨ ਅਮਰਿੰਦਰ ਸਿੰਘ ਲਈ ਮੰਚ 'ਤੇ ਕੁਰਸੀ ਨਹੀਂ ਲਾਈ ਗਈ।

ਇਸ ਦੌਰਾਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਜੋ ਮੁੱਖ ਮੰਤਰੀ ਨਾਲੋਂ ਕੁਝ ਸਮਾਂ ਪਹਿਲਾਂ ਹਰਿਮੰਦਰ ਸਾਹਿਬ ਪੁੱਜ ਗਏ ਸਨ, ਨੇ ਆਮ ਸ਼ਰਧਾਲੂਆਂ ਵਾਲੀ ਕਤਾਰ ਵਿੱਚ ਖੜ੍ਹੇ ਹੋ ਕੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਨਾਲ ਕੋਈ ਸੁਰੱਖਿਆ ਕਰਮਚਾਰੀ ਵੀ ਨਹੀਂ ਸੀ। ਮਗਰੋਂ ਉਹ ਸੂਚਨਾ ਕੇਂਦਰ ਵਿੱਚ ਰੱਖੇ ਸਨਮਾਨ ਸਮਾਗਮ ਵਿੱਚ ਸ਼ਾਮਲ ਹੋਏ। ਮੁੱਖ ਮੰਤਰੀ ਦੀ ਆਮਦ ਸਮੇਂ ਸਖ਼ਤ ਸੁਰੱਖਿਆ ਪ੍ਰਬੰਧਾਂ ਕਾਰਨ ਮੀਡੀਆ ਨੂੰ ਕਵਰੇਜ਼ ਵਿੱਚ ਮੁਸ਼ਕਲ ਪੇਸ਼ ਆਈ। ਵਾਪਸੀ ਮੌਕੇ ਮੁੱਖ ਮੰਤਰੀ ਨਾਲ ਗੱਲਬਾਤ ਕਰਨ ਸਮੇਂ ਸੁਰੱਖਿਆ ਕਰਮਚਾਰੀਆਂ ਵੱਲੋਂ ਕੀਤੀ ਧੱਕਾਮੁੱਕੀ ਕਾਰਨ ਗੱਲਬਾਤ ਵੀ ਨਹੀਂ ਹੋ ਸਕੀ। ਮੁੱਖ ਮੰਤਰੀ ਨਾਲ ਮੱਥਾ ਟੇਕਣ ਵਾਲਿਆਂ ਵਿੱਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ, ਸਾਧੂ ਸਿੰਘ ਧਰਮਸੋਤ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਕਾਂਗਰਸੀ ਆਗੂ ਅਮਰਜੀਤ ਸਿੰਘ ਟਿੱਕਾ, ਇੰਦਰਜੀਤ ਸਿੰਘ ਬਾਸਰਕੇ, ਜਤਿੰਦਰ ਸਿੰਘ ਬੇਦੀ ਸ਼ਾਮਲ ਸਨ। ਮਗਰੋਂ ਮੁੱਖ ਮੰਤਰੀ ਨੇ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਹ ਦੁਰਗਿਆਣਾ ਮੰਦਿਰ ਅਤੇ ਇਤਿਹਾਸਕ ਰਾਮ ਤੀਰਥ ਵਿੱਚ ਵੀ ਮੱਥਾ ਟੇਕਣ ਗਏ।

## ਪੰਜਾਬ ਦੇ ਪਾਣੀਆਂ ਦੀ ਲੁੱਟ ਕਰਦੇ ਕਾਨੂੰਨ ਦਾ ਮਾਮਲਾ

ਵਾਪਸ ਲਿਆ ਹੈ ਤਾਂ ਉਹ ਮੁੜ ਕੇ ਦਫਾ 78 ਨੂੰ ਚੈਲਿੰਜ ਨਹੀਂ ਕਰ ਸਕਦਾ। ਸੁਪਰੀਮ ਕੋਰਟ ਨੇ ਪੰਜਾਬ ਦੇ ਇਸ ਕੇਸ ਨੂੰ ਹਰਿਆਣਾ ਵੱਲੋਂ ਕੀਤੇ ਹੋਏ ਕੇਸ ਦੇ ਨਾਲ ਹੀ ਸੁਣਿਆ ਤੇ ਹਰਿਆਣਾ ਦੀ ਦਲੀਲ 'ਤੇ ਮੋਹਰ ਲਾਉਂਦਿਆ ਫੈਸਲਾ ਦਿੱਤਾ ਕਿ ਸੁਪਰੀਮ ਕੋਰਟ ਦੇ ਉਕਤ ਰੂਲ ਤਹਿਤ ਪੰਜਾਬ ਸਰਕਾਰ ਦਫਾ 78 ਨੂੰ ਮੁੜ ਚੈਲਿੰਜ ਨਹੀਂ ਕਰ ਸਕਦੀ। ਸੁਪਰੀਮ ਕੋਰਟ ਦਾ ਇਹ ਫੈਸਲਾ 4 ਜੂਨ 2004 ਦਾ ਹੈ। ਪੰਜਾਬ ਨੇ ਉਕਤ ਰੂਲ 6 ਦੇ ਖਿਲਾਫ ਵੀ ਇੱਕ ਰਿਟ ਨੰਬਰ 30, 2004 ਵੀ ਪਾਈ ਜੋ ਕਿ ਮੁੱਢਲੀ ਸੁਣਵਾਈ ਦੌਰਾਨ ਹੀ ਖਾਰਜ ਹੋ ਗਈ।

ਪੰਜਾਬ ਸਰਕਾਰ ਨੇ ਇਹ ਗੱਲ ਅੱਜ ਤੱਕ ਲੁਕੋ ਕੇ ਰੱਖੀ ਹੈ ਕਿ ਅਸੀਂ ਦਫਾ 78 ਨੂੰ ਚੈਲਿੰਜ ਕਰਨ ਜੋਗੇ ਨਹੀਂ ਰਹੇ। ਬਲਕਿ ਸਦਾ ਹੀ ਇਸ ਬਾਬਤ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਲੋਕਾਂ ਨੂੰ "ਚੈਲਿੰਜ ਕਰਾਂਗੇ ਜਾਂ ਕਰ ਦਿੱਤੀ ਹੈ" ਕਹਿ ਕੇ ਗੁੰਮਰਾਹ ਕਰਦੇ ਆ ਰਹੇ ਹਨ। ਹਾਲਾਂਕਿ ਸੁਪਰੀਮ ਕੋਰਟ ਨੇ 4 ਜੂਨ 2004 ਦੇ ਹੁਕਮ 'ਚ ਦੱਸ ਦਿੱਤਾ ਹੈ ਕਿ ਪੰਜਾਬ ਕੋਲ ਦਫਾ 78 ਨੂੰ ਚੈਲਿੰਜ ਕਰਨ ਦਾ ਕੋਈ ਅਖਤਿਆਰ ਨਹੀਂ ਰਿਹਾ। ਪਰ ਫਿਰ ਵੀ ਕੈਪਟਨ ਅਮਰਿੰਦਰ ਸਿੰਘ ਦੀ ਕੈਬਨਿਟ ਨੇ 3 ਮਈ 2005 ਨੂੰ ਇੱਕ ਮਤਾ ਪਾਸ ਕਰਕੇ ਐਲਾਨ ਕੀਤਾ ਕਿ ਪੰਜਾਬ ਦੀ ਦਫਾ 78, 79 ਤੇ 80 ਨੂੰ ਚੈਲਿੰਜ ਕੀਤਾ ਜਾਵੇਗਾ ਪਰ ਇਹ ਕੰਮ ਕਦੇ ਨਾ ਕੀਤਾ। ਫੇਰ ਬਾਦਲ ਸਰਕਾਰ ਨੇ ਜਨਵਰੀ 2015 'ਚ ਇਹੀ ਐਲਾਨ ਕੀਤਾ ਕਿ ਪੰਜਾਬ ਸਰਕਾਰ ਨੇ ਕੋਰਟ ਵਿੱਚ ਉਕਤ ਧਾਰਾਵਾਂ ਨੂੰ ਚੈਲਿੰਜ ਕਰ ਦਿੱਤਾ ਹੈ ਪਰ ਇਹ ਕੰਮ ਕਦੇ ਨਾ ਕੀਤਾ।

ਬੇਹਤਰ ਇਹੋ ਹੈ ਕਿ ਇਸ ਸਾਰੇ ਮਾਮਲੇ ਪਿਛਲੀ ਸੱਚਾਈ ਪੂਰੀ ਤਰ੍ਹਾਂ ਨਾ ਸਹੀ ਹੋਰ ਨਹੀਂ ਤਾਂ ਘੱਟੋਘੱਟ ਜੇ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸਮੇਂ ਸਮੇਂ ਪੰਜਾਬ ਦੇ ਲੋਕਾਂ ਨੂੰ ਸੱਚੀ ਗੱਲ ਦੱਸ ਦਿੰਦੀਆਂ ਕਿ ਸੁਪਰੀਮ ਕੋਰਟ ਨੇ ਸਾਡੇ ਹੱਥ ਬੰਨ੍ਹ ਦਿੱਤੇ। ਇਸ ਨਾਲ ਪੰਜਾਬ ਅਤੇ ਇਸਦੇ ਲੋਕਾਂ ਦੇ ਆਰਥਿਕ ਭਵਿੱਖ ਨਾਲ ਜੁੜੇ ਬੜੇ ਅਹਿਮ ਅਤੇ ਨਾਜ਼ੁਕ ਮਾਮਲੇ ਦੇ ਸਾਰੇ ਪਹਿਲੂਆਂ ਨੂੰ ਸਾਹਮਣੇ ਰੱਖ ਕੇ ਭਵਿੱਖ ਵਿਚ ਕੋਈ ਕਾਨੂੰਨੀ ਚਾਰਾਜੋਈ ਅਤੇ ਲੋਕ ਅੰਦੋਲਨ ਦੇ ਰੂਪ ਵਿੱਚ ਜਦੋ ਜ਼ਹਿਦ ਕੀਤੀ ਜਾ ਸਕਦੀ ਹੈ।

## ਦੋ ਦਹਾਕਿਆਂ ਤੋਂ ਕੈਲੀਫੋਰਨੀਆ ਵਿਚ ਰਹਿ ਰਹੇ ਗੁਰਮੁੱਖ ਸਿੰਘ ਨੂੰ ਲਿਆ ਹਿਰਾਸਤ 'ਚ

ਨਾਲ ਪੂਰੀ ਤਰ੍ਹਾਂ ਨਾਲ ਤੋੜ ਕੇ ਰੱਖ ਦਿੱਤਾ ਹੈ। ਉਸ ਨੇ ਕਿਹਾ ਕਿ ਉਸ ਦੇ ਪਿਤਾ ਦਾ ਕੋਈ ਅਪਰਾਧਕ ਇਤਿਹਾਸ ਨਹੀਂ ਹੈ, ਉਨ੍ਹਾਂ ਨੇ ਆਪਣੇ ਟੈਕਸਾਂ ਦਾ ਹਮੇਸ਼ਾ ਭੁਗਤਾਨ ਕੀਤਾ ਹੈ ਅਤੇ ਉਹ ਆਪਣੇ ਪਰਿਵਾਰ ਨਾਲ ਆਮ ਜ਼ਿੰਦਗੀ ਜਿਉਣਾ ਚਾਹੁੰਦੇ ਹਨ। ਇਮੀਗ੍ਰੇਸ਼ਨ ਐਂਡ ਕਸਟਮਸ ਇਨਫੋਰਸਮੈਂਟ ਦੀ ਮਹਿਲਾ ਬੁਲਾਰਾ ਲੋਰੀ ਹੇਲੀ ਨੇ ਦੱਸਿਆ ਕਿ ਦੇਸ਼ ਦੀ ਕਾਨੂੰਨ ਵਿਵਸਥਾ ਦੇ ਸਾਰੇ ਪੱਧਰਾਂ ਦੀ ਸਮੀਖਿਆ ਤੋਂ ਬਾਅਦ ਸਿੰਘ ਨੂੰ ਹਿਰਾਸਤ ਵਿਚ ਲਏ ਜਾਣ ਦਾ ਹੁਕਮ ਦਿੱਤਾ ਗਿਆ ਹੈ। ਲੋਰੀ ਨੇ ਕਿਹਾ ਕਿ ਸੰਘੀ ਅਧਿਕਾਰੀਆਂ ਦੀ ਪਹਿਲੀ ਤਰਜ਼ੀਹ ਉਨ੍ਹਾਂ ਵਿਦੇਸ਼ੀ ਅਪਰਾਧੀਆਂ 'ਤੇ ਧਿਆਨ ਕੇਂਦਰਿਤ ਕਰਨਾ ਹੈ, ਜਿਨ੍ਹਾਂ ਦੀ ਵਜ੍ਹਾ ਤੋਂ ਜਨ ਸੁਰੱਖਿਆ ਨੂੰ ਖਤਰਾ ਹੁੰਦਾ ਹੈ ਅਤੇ ਸਿੰਘ ਵਰਗੇ ਇਮੀਗ੍ਰੇਸ਼ਨ ਕਾਨੂੰਨਾਂ ਦਾ ਉਲੰਘਣ ਕਰਨ ਵਾਲੇ ਲੋਕਾਂ ਨੂੰ ਇਸ ਕਾਰਵਾਈ ਤੋਂ ਛੋਟ ਨਹੀਂ ਹੈ। ਬਿਨਾਂ ਦਸਤਾਵੇਜ਼ ਵਾਲੇ ਅਪ੍ਰਵਾਸੀਆਂ 'ਤੇ ਸ਼ਿਕੰਜਾ ਕੱਸਣ ਦੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਦਰਮਿਆਨ ਸਿੰਘ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

## ਕੌਮਾਂਤਰੀ ਫ਼ਿਲਮ ਫੈਸਟੀਵਲਾਂ 'ਚ ਨਾਮਨਾ ਖੱਟਣ ਮਗਰੋਂ ਦੁਨੀਆ ਭਰ ਵਿਚ 21 ਜੁਲਾਈ ਨੂੰ ਰਿਲੀਜ਼ ਹੋਵੇਗੀ 'ਦੀ ਬਲੈਕ ਪ੍ਰਿੰਸ'

ਗਾਇਕ ਅਤੇ ਕਵੀ ਸਤਿੰਦਰ ਸਰਤਾਜ ਨੇ ਮਹਾਰਾਜ ਦਲੀਪ ਸਿੰਘ ਦਾ ਕਿਰਦਾਰ ਬਾਖ਼ੂਬੀ ਨਿਭਾਉਂਦਿਆਂ ਆਪਣੇ ਫ਼ਿਲਮੀ ਸ.ਫਰ ਦੀ ਬਿਹਤਰੀਨ ਸ਼ੁਰੂਆਤ ਕੀਤੀ ਹੈ। ਬਾਲੀਵੁੱਡ ਦੀ ਉੱਘੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਮਹਾਰਾਜਾ ਦਲੀਪ ਸਿੰਘ ਦੀ ਮਾਂ ਰਾਣੀ ਜਿੰਦਾ ਦਾ ਕਿਰਦਾਰ ਨਿਭਾਇਆ ਹੈ ਜਦਕਿ ਜੈਸਨ ਫਲੇਮਿੰਗ, ਅਮਾਂਡਾ ਰੂਟ, ਕੀਥ ਡਫੀ, ਡੈਵਿਡ ਐਸੈਕਸ, ਕੈਨੇਡੀਅਨ ਅਦਾਕਾਰ ਰੂਪ ਮੈਗੋਨ ਤੇ ਸੋਫ਼ੀਆ ਸਟੀਵਨਜ਼ ਨੇ ਆਪਣੇ ਆਪਣੇ ਕਿਰਦਾਰ ਬਾਖ਼ੂਬੀ ਨਿਭਾਏ ਹਨ। ਵਰਲਡ ਵਾਈਡ ਰਿਲੀਜ਼ ਤੋਂ ਪਹਿਲਾਂ 'ਦੀ ਬਲੈਕ ਪ੍ਰਿੰਸ' ਨੇ 'ਬੈਸਟ ਡਰਾਮਾ ਫੀਚਰ (ਲਾਸ ਏਂਜਲਸ ਫ਼ਿਲਮ ਐਵਾਰਡਜ਼), ਸੈਪਸ਼ਲ ਜਿਊਰੀ ਰੈਮੀ ਐਵਾਰਡ (50 ਵਾਂ ਸਾਲਾਨਾ ਵਰਲਡ ਫੈਸਟ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ, ਹਿਊਜ਼ਟਨ), ਸਤਿੰਦਰ ਸਰਤਾਜ ਲਈ ਬੈਸਟ ਮੇਲ ਡੈਬਿਊ ਐਵਾਰਡ (ਲੰਡਨ ਇੰਡੀਪੈਂਡੈਂਟ ਫ਼ਿਲਮ ਫੈਸਟੀਵਲ) ਸਮੇਤ ਕਈ ਐਵਾਰਡ ਜਿੱਤੇ ਹਨ। ਵੱਖ ਵੱਖ ਸ਼ਹਿਰਾਂ ਵਿਚ ਹੋਏ ਫ਼ਿਲਮ ਫੈਸਟੀਵਲਾਂ ਦੌਰਾਨ ਫ਼ਿਲਮ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਅਮਰੀਕਾ, ਲੰਡਨ ਤੇ ਭਾਰਤ ਤੋਂ ਇਲਾਵਾ ਜਰਮਨ, ਸਿੰਗਾਪੁਰ, ਕੀਨੀਆ ਤੇ ਯੂ.ਏ. ਈ. ਨੇ 'ਦੀ ਬਲੈਕ ਪ੍ਰਿੰਸ' ਵਿਚ ਦਿਲਚਸਪੀ ਦਿਖਾਈ ਹੈ।

## ਮੋਡੈਸਟੋ ਵਿਚ ਸਿੱਖ ਨੌਜਵਾਨ ਦਾ ਕਤਲ

ਕੰਮ ਕਰਦੇ ਸਿਕੰਦਰ ਸਿੰਘ ਨੇ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ ਤੇ ਜਗਜੀਤ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਉਸ ਦੀ ਮੌਤ ਹੋ ਗਈ।

ਕੰਵਰਜੀਤ ਸਿੰਘ ਨੇ ਦੱਸਿਆ ਕਿ ਅਜੇ ਤੱਕ ਹਮਲਾਵਰ ਦੀ ਪਛਾਣ ਨਹੀਂ ਹੋ ਸਕੀ। ਜਗਜੀਤ ਸਿੰਘ ਕਰੀਬ ਡੇਢ ਸਾਲ ਪਹਿਲਾਂ ਹੀ ਇੱਥੇ ਆਇਆ ਸੀ। ਉਸ ਦੇ ਪਰਿਵਾਰ ਵਿੱਚ ਪਿਤਾ ਤੋਂ ਇਲਾਵਾ ਪਤਨੀ ਕੁਲਜੀਤ ਕੌਰ, ਲੜਕਾ ਇਸ਼ਮੀਤ ਸਿੰਘ (9) ਅਤੇ ਦਿਲਪ੍ਰੀਤ ਸਿੰਘ (7) ਰਹਿ ਗਏ ਹਨ। ਉਸ ਦਾ ਵੱਡਾ ਭਰਾ ਹਰਜੀਤ ਸਿੰਘ ਫਰਾਂਸ ਵਿੱਚ ਹੈ।

ਇਸੇ ਦੌਰਾਨ ਵਿਦੇਸ਼ਾਂ ਵਿੱਚ ਸਿੱਖਾਂ ਸਣੇ ਹੋਰ ਭਾਰਤੀਆਂ ਉਤੇ ਹਾਲੀਆ ਸਮੇਂ ਵਿੱਚ ਹਮਲੇ ਵਧਣ ਉਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਭਾਰਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ। ਅਮਰੀਕਾ ਵਿੱਚ ਇਕ ਹੋਰ ਸਿੱਖ ਦੇ ਸ਼ੱਕੀ ਨਸਲੀ ਹਮਲੇ ਵਿੱਚ ਮਾਰੇ ਜਾਣ ਉਤੇ ਚਿੰਤਾ ਪ੍ਰਗਟ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਧਿਆਨ ਇਸ ਵੱਲ ਦਿਵਾਇਆ। ਵਿਦੇਸ਼ ਮੰਤਰੀ ਨੇ ਭਰੋਸਾ ਦਿੱਤਾ ਕਿ ਵਿਦੇਸ਼ਾਂ ਵਿੱਚ ਹਰੇਕ ਭਾਰਤੀ ਦੀ ਸੁਰੱਖਿਆ ਤੇ ਮਦਦ ਲਈ ਕੇਂਦਰ ਸਰਕਾਰ ਵਚਨਬੱਧ ਹੈ। ਮੁੱਖ ਮੰਤਰੀ ਦੇ ਟਵੀਟ ਦੇ ਜਵਾਬ ਵਿੱਚ ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਵਾਸ਼ਿੰਗਟਨ ਵਿੱਚ ਭਾਰਤੀ ਸ.ਫੀਰ ਨਵਤੇਜ ਸਰਨਾ ਨਾਲ ਇਸ ਮੁੱਦੇ ਉਤੇ ਗੱਲਬਾਤ ਕੀਤੀ ਹੈ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

1050 ਐਸ. ਗਰਾਹਮ ਰੋਡ, ਗਰੀਨਵੁੱਡ, ਇੰਡਿਆਨਾ 46143

# ਮਹਾਨ ਗੁਰਮਿਤ ਸਮਾਗਮ

## 19 ਮਈ, 2017 ਤੋਂ 21 ਮਈ, 2017


ਭਾਈ ਬਲਦੇਵ ਸਿੰਘ ਜੀ ਵਡਾਲਾ


ਭਾਈ ਨਿਰਮਲ ਸਿੰਘ ਜੀ ਖ਼ਾਲਸਾ


ਭਾਈ ਬਲਜੀਤ ਸਿੰਘ ਜੀ ਕੈਨੇਡਾ


ਭਾਈ ਸੁੱਖਾ ਸਿੰਘ ਜੀ ਯੂ.ਕੇ.


ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ

### ਤਰੀਕ ਅਤੇ ਸਮਾਂ

19 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

20 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤੱਕ ਭਾਈ ਬਲਦੇਵ ਸਿੰਘ ਵਡਾਲਾ ਆਸਾ ਦੀ ਵਾਰ

20 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

21 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤਕ ਭਾਈ ਨਿਰਮਲ ਸਿੰਘ ਆਸਾ ਦੀ ਵਾਰ

21 ਮਈ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤਕ ਕੀਰਤਨ, ਕਥਾ, ਕਵੀਸ਼ਰੀ ਦਰਬਾਰ

*ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ*
*ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਸਮੂਹ ਸਾਧ-ਸੰਗਤ ਨੂੰ ਇਨ੍ਹਾਂ ਸਮਾਗਮਾਂ*
*ਵਿਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।*

ਵਧੇਰੇ ਜਾਣਕਾਰੀ ਲਈ ਇਨ੍ਹਾਂ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :
ਭਾਈ ਜਸਦੀਪ ਸਿੰਘ 317-560-0019, ਭਾਈ ਸਤਨਾਮ ਸਿੰਘ 317-403-8344,
ਭਾਈ ਗੁਰਪ੍ਰੀਤ ਸਿੰਘ 317-476-4038

---

# GURDWARA SHRI GURU HARGOBIND SAHIB JI

**1050 S. GRAHAM RD. GREENWOOD, IN 46143**


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com